ਐਤਵਾਰ, 26 ਅਪ੍ਰੈਲ, 2026
13 ਵਿਸਾਖ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 325

# ਰੋਜ਼ਾਨਾ ਨਵਾਂ ਜ਼ਮਾਨਾ

DAILY NAWAN ZAMANA • SUNDAY, 26 APRIL, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਮਾਨ ਵੱਲੋਂ ਬਾਗੀ ਸੰਸਦ ਮੈਂਬਰਾਂ ਨੂੰ ਸੰਸਦ 'ਚੋਂ ਹਟਾਉਣ ਦੀ ਤਿਆਰੀ; ਰਾਸ਼ਟਰਪਤੀ ਤੋਂ ਮੰਗਿਆ ਸਮਾਂ



**ਚੰਡੀਗੜ੍ਹ** : ਆਮ ਆਦਮੀ ਪਾਰਟੀ ਦੇ 7 ਰਾਜ ਸਭਾ ਮੈਂਬਰਾਂ ਦੇ ਭਾਜਪਾ ਵਿੱਚ ਜਾਣ ਤੋਂ ਬਾਅਦ ਹੁਣ 'ਆਪ' ਉਨ੍ਹਾਂ ਨੂੰ ਸੰਸਦ ਵਿੱਚੋਂ ਹਟਾਉਣ (ਵਾਪਸ ਬੁਲਾਉਣ) ਦੀ ਤਿਆਰੀ ਕਰ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮਾਮਲੇ 'ਤੇ ਗੱਲ ਕਰਨ ਲਈ ਭਾਰਤ ਦੇ ਰਾਸ਼ਟਰਪਤੀ ਤੋਂ ਸਮਾਂ ਮੰਗਿਆ ਹੈ। ਉਹ ਰਾਸ਼ਟਰਪਤੀ ਨੂੰ ਇਹ ਦੱਸਣਾ ਚਾਹੁੰਦੇ ਹਨ ਕਿ ਇਨ੍ਹਾਂ ਮੈਂਬਰਾਂ ਨੇ ਪਾਰਟੀ ਨੂੰ ਧੋਖਾ ਦਿੱਤਾ ਹੈ, ਇਸ ਲਈ ਇਨ੍ਹਾਂ ਦੀ ਮੈਂਬਰੀ ਰੱਦ ਕਰਕੇ ਇਨ੍ਹਾਂ ਨੂੰ ਵਾਪਸ ਬੁਲਾਇਆ ਜਾਵੇ। ਮੁੱਖ ਮੰਤਰੀ ਦੇ ਨਾਲ ਉਹ ਵਿਧਾਇਕ ਵੀ ਰਾਸ਼ਟਰਪਤੀ ਨੂੰ ਮਿਲਣਗੇ, ਜਿਨ੍ਹਾਂ ਇਨ੍ਹਾਂ ਮੈਂਬਰਾਂ ਨੂੰ ਚੁਣ ਕੇ ਭੇਜਿਆ ਸੀ।

ਭਾਜਪਾ ਵਿੱਚ ਜਾਣ ਵਾਲੇ 7 ਮੈਂਬਰਾਂ ਵਿੱਚੋਂ 6 ਪੰਜਾਬ ਦੇ ਹਨ, ਜਿਨ੍ਹਾਂ ਵਿੱਚ ਰਾਘਵ ਚੱਢਾ, ਸੰਦੀਪ ਪਾਠਕ, ਅਸ਼ੋਕ ਮਿੱਤਲ, ਹਰਭਜਨ ਸਿੰਘ, ਰਾਜਿੰਦਰ ਗੁਪਤਾ ਅਤੇ ਵਿਕਰਮਜੀਤ ਸਿੰਘ ਸਾਹਨੀ ਸ਼ਾਮਲ ਹਨ। ਸਵਾਤੀ ਮਾਲੀਵਾਲ ਦਿੱਲੀ ਤੋਂ ਮੈਂਬਰ ਹੈ। ਹਾਲਾਂਕਿ, ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਮੈਂਬਰਾਂ 'ਤੇ ਕਾਰਵਾਈ ਕਰਨਾ ਮੁਸ਼ਕਲ ਹੋ ਸਕਦਾ ਹੈ, ਕਿਉਂਕਿ ਕੁੱਲ 10 ਵਿੱਚੋਂ 7 ਮੈਂਬਰ (ਦੋ-ਤਿਹਾਈ ਤੋਂ ਵੱਧ) ਇਕੱਠੇ ਭਾਜਪਾ ਵਿੱਚ ਗਏ ਹਨ, ਇਸ ਲਈ ਦਲ-ਬਦਲੀ ਵਿਰੋਧੀ ਕਾਨੂੰਨ ਇਨ੍ਹਾਂ 'ਤੇ ਲਾਗੂ ਨਹੀਂ ਹੁੰਦਾ।

### ਸਾਰੇ ਵਿਧਾਇਕ ਮੁੱਖ ਮੰਤਰੀ ਦੇ ਨਾਲ ਚਟਾਨ ਵਾਂਗ ਖੜ੍ਹੇ ਹਨ : ਸੰਜੇ ਸਿੰਘ



**ਨਵੀਂ ਦਿੱਲੀ** : ਇਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੰਜੇ ਸਿੰਘ ਨੇ ਕਿਹਾ ਕਿ ਉਹ ਅੱਜ ਹੀ ਰਾਜ ਸਭਾ ਦੇ ਚੇਅਰਮੈਨ ਨੂੰ ਪੱਤਰ ਲਿਖ ਕੇ ਉਨ੍ਹਾਂ 7 ਸੰਸਦ ਮੈਂਬਰਾਂ ਨੂੰ ਅਯੋਗ ਕਰਾਰ ਦੇਣ ਦੀ ਮੰਗ ਕਰਨਗੇ, ਜੋ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਉਨ੍ਹਾ ਕਿਹਾ ਕਿ ਇਹ ਕਾਰਵਾਈ ਦਸਵੀਂ ਅਨੁਸੂਚੀ (ਦਲ-ਬਦਲੀ ਵਿਰੋਧੀ ਕਾਨੂੰਨ) ਤਹਿਤ ਹੋਣੀ ਚਾਹੀਦੀ ਹੈ। ਸੰਜੇ ਸਿੰਘ ਨੇ ਦਾਅਵਾ ਕੀਤਾ ਕਿ ਪਾਰਟੀ ਦੇ ਤਿੰਨੋਂ ਲੋਕ ਸਭਾ ਮੈਂਬਰ ਅਤੇ ਪੰਜਾਬ ਦੇ ਸਾਰੇ ਵਿਧਾਇਕ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਦੇ ਨਾਲ ਚਟਾਨ ਵਾਂਗ ਖੜ੍ਹੇ ਹਨ। ਉਨ੍ਹਾ ਕਿਹਾ ਕਿ ਜਦੋਂ ਕੇਂਦਰੀ ਏਜੰਸੀਆਂ ਨੇ ਪਾਰਟੀ ਦੇ ਸੰਸਦ ਮੈਂਬਰ ਅਸ਼ੋਕ ਮਿੱਤਲ 'ਤੇ ਛਾਪੇਮਾਰੀ ਕੀਤੀ ਸੀ, ਉਦੋਂ ਹੀ ਇਹ ਸਾਫ਼ ਹੋ ਗਿਆ ਸੀ ਕਿ ਉਹ ਭਾਜਪਾ ਵਿੱਚ ਸ਼ਾਮਲ ਹੋ ਜਾਣਗੇ। ਸੰਜੇ ਸਿੰਘ ਮੁਤਾਬਕ ਪੰਜਾਬ ਵਿੱਚ ਬੇਅਦਬੀ ਵਿਰੋਧੀ ਬਿੱਲ ਪਾਸ ਹੋਣ ਤੋਂ ਬਾਅਦ

• ਬਾਕੀ ਸਫਾ 2 'ਤੇ

## ਦਲ-ਬਦਲੂ ਸੰਸਦ ਮੈਂਬਰਾਂ ਵਿਰੁੱਧ ਵਿਆਪਕ ਰੋਸ ਪ੍ਰਦਰਸ਼ਨ, ਫੂਕੇ ਪੁਤਲੇ




**ਚੰਡੀਗੜ੍ਹ** : ਰਾਜ ਸਭਾ ਮੈਂਬਰ ਹਰਭਜਨ ਸਿੰਘ, ਅਸ਼ੋਕ ਮਿੱਤਲ ਅਤੇ ਰਾਜਿੰਦਰ ਗੁਪਤਾ ਦੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਵਰਕਰਾਂ ਅਤੇ ਆਮ ਜਨਤਾ ਵਿੱਚ ਭਾਰੀ ਰੋਸ ਫੁੱਟ ਪਿਆ ਹੈ।ਉਨ੍ਹਾਂ ਦੀਆਂ ਰਿਹਾਇਸ਼ਾਂ ਅਤੇ ਇੱਥੋਂ ਤੱਕ ਕਿ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਵੀ ਉਨ੍ਹਾਂ ਨੂੰ 'ਗੱਦਾਰ' ਦੱਸਣ ਵਾਲੇ ਨਾਅਰੇ ਲਿਖੇ ਗਏ। ਕਈ ਥਾਵਾਂ 'ਤੇ ਪ੍ਰਦਰਸ਼ਨਕਾਰੀਆਂ ਨੇ 'ਪੰਜਾਬ ਦੇ ਗੱਦਾਰ' ਦੇ ਨਾਅਰੇ ਲਗਾਏ।

ਜਲੰਧਰ ਵਿੱਚ 'ਆਪ' ਦੇ ਸੀਨੀਅਰ ਆਗੂ ਪਵਨ ਕੁਮਾਰ ਟੀਨੂੰ ਨੇ ਕਿਹਾ ਕਿ ਪੰਜਾਬ ਵਿੱਚ 2027 ਵਿੱਚ ਪਾਰਟੀ ਮੁੜ ਸੱਤਾ ਵਿੱਚ ਆਵੇਗੀ ਅਤੇ ਭਾਜਪਾ ਕੋਲ ਖੜ੍ਹਨ ਲਈ ਕੋਈ ਸਿਆਸੀ ਜ਼ਮੀਨ ਨਹੀਂ ਬਚੇਗੀ।ਨਿਰਾਸ਼ਾ ਵਿੱਚ ਆ ਕੇ ਭਾਜਪਾ ਨੇ 'ਆਪ' ਦੇ ਰਾਜ ਸਭਾ ਮੈਂਬਰਾਂ ਦਾ ਸਹਾਰਾ ਲਿਆ ਹੈ।ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਨੇ 'ਆਪ' ਵਿਰੁੱਧ ਇੱਕ ਨਾਪਾਕ ਗਠਜੋੜ ਬਣਾ ਲਿਆ ਹੈ, ਜਿਸ ਕਾਰਨ ਉਨ੍ਹਾਂ ਦੇ ਆਗੂ 'ਆਪ' ਵਿਧਾਇਕਾਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਬਾਰੇ ਇੱਕੋ ਜਿਹੇ ਬਿਆਨ ਦੇ ਰਹੇ ਹਨ।ਇਸ ਦੌਰਾਨ 'ਆਪ' ਪੰਜਾਬ ਯੂਥ ਵਿੰਗ ਦੇ ਕਾਰਜਕਾਰੀ ਪ੍ਰਧਾਨ ਪਰਮਿੰਦਰ ਗੋਲਡੀ ਨੇ ਰਾਜਿੰਦਰ ਗੁਪਤਾ ਦੀ ਰਿਹਾਇਸ਼ ਦੇ ਬਾਹਰ ਰੋਸ ਪ੍ਰਦਰਸ਼ਨ ਦੀ ਅਗਵਾਈ ਕੀਤੀ, ਜਿੱਥੇ ਪਾਰਟੀ ਵਰਕਰਾਂ ਨੇ 'ਪੰਜਾਬ ਦੇ ਗੱਦਾਰ ਮੁਰਦਾਬਾਦ' ਦੇ ਨਾਅਰੇ ਲਗਾਏ।ਉਨ੍ਹਾ ਕਿਹਾ ਕਿ ਪੰਜਾਬ ਦੇ ਲੋਕ ਇਸ ਵਿਸ਼ਵਾਸਘਾਤ ਨੂੰ ਕਦੇ ਵੀ ਮੁਆਫ਼ ਨਹੀਂ ਕਰਨਗੇ।ਭਾਜਪਾ ਅਰਵਿੰਦ ਕੇਜਰੀਵਾਲ ਦੀ ਵਿਕਾਸ ਅਤੇ ਸ਼ਾਸਨ ਦੀ ਰਾਜਨੀਤੀ ਤੋਂ ਬੁਰੀ ਤਰ੍ਹਾਂ ਘਬਰਾਈ ਹੋਈ ਹੈ ਅਤੇ ਸਾਜ਼ਿਸ਼ਾਂ ਰਾਹੀਂ 'ਆਪ' ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਆਗੂਆਂ ਨੇ ਦੁਹਰਾਇਆ ਕਿ ਪਾਰਟੀ ਇੱਕਜੁੱਟ ਹੈ ਅਤੇ ਪੰਜਾਬ ਦੇ ਲੋਕਾਂ ਦੀ ਸੇਵਾ ਲਈ ਵਚਨਬੱਧ ਹੈ।ਉਨ੍ਹਾ ਦਾਅਵਾ ਕੀਤਾ ਕਿ ਪੰਜਾਬ ਦੇ ਭਰੋਸੇ ਨੂੰ ਤੋੜਨ ਵਾਲਿਆਂ ਨੂੰ ਅੰਤ ਵਿੱਚ ਸੂਬੇ ਦੇ ਲੋਕਾਂ ਅੱਗੇ ਜਵਾਬਦੇਹ ਹੋਣਾ ਪਵੇਗਾ।

## ਈਰਾਨ ਦਾ ਅਮਰੀਕਾ ਨਾਲ ਸਿੱਧੀ ਗੱਲਬਾਤ ਤੋਂ ਸਾਫ ਇਨਕਾਰ

**ਇਸਲਾਮਾਬਾਦ** : ਈਰਾਨ ਤੇ ਅਮਰੀਕਾ ਦਰਮਿਆਨ ਵਧਦੇ ਤਣਾਅ ਨੂੰ ਘੱਟ ਕਰਨ ਲਈ ਪਾਕਿਸਤਾਨ ਦੀ ਮੇਜ਼ਬਾਨੀ ਵਿੱਚ ਹੋ ਰਹੀਆਂ ਕੋਸ਼ਿਸ਼ਾਂ ਨੂੰ ਸ਼ਨੀਵਾਰ ਉਸ ਵੇਲੇ ਵੱਡਾ ਝਟਕਾ ਲੱਗਿਆ, ਜਦੋਂ ਈਰਾਨ ਨੇ ਅਮਰੀਕੀ ਪ੍ਰਤੀਨਿਧੀਆਂ ਨਾਲ ਕਿਸੇ ਵੀ ਤਰ੍ਹਾਂ ਦੀ ਸਿੱਧੀ ਗੱਲਬਾਤ ਤੋਂ ਸਾਫ਼ ਇਨਕਾਰ ਕਰ ਦਿੱਤਾ। ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਦੇ ਪਾਕਿਸਤਾਨ ਪਹੁੰਚਣ ਤੋਂ ਤੁਰੰਤ ਬਾਅਦ ਈਰਾਨੀ ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਕਿ ਇਸ ਫੇਰੀ ਦੌਰਾਨ ਅਮਰੀਕੀ ਸਰਕਾਰ ਦੇ ਨੁਮਾਇੰਦਿਆਂ ਨਾਲ ਕੋਈ ਮੀਟਿੰਗ ਤੈਅ ਨਹੀਂ ਹੈ। ਈਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਾਕਾਈ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਸਲਾਮਾਬਾਦ ਵਿੱਚ ਈਰਾਨ ਅਤੇ ਅਮਰੀਕਾ ਵਿਚਾਲੇ ਕੋਈ ਸਿੱਧੀ ਗੱਲਬਾਤ ਨਹੀਂ ਹੋਵੇਗੀ। ਉਨ੍ਹਾ ਦੱਸਿਆ ਕਿ ਦੋਵਾਂ ਦੇਸ਼ਾਂ ਦੇ ਵਫ਼ਦਾਂ ਦਰਮਿਆਨ ਸੁਨੇਹਿਆਂ ਦਾ ਆਦਾਨ-ਪ੍ਰਦਾਨ ਪਾਕਿਸਤਾਨੀ ਅਧਿਕਾਰੀਆਂ ਰਾਹੀਂ ਕੀਤਾ ਜਾਵੇਗਾ। ਬੁਲਾਰੇ ਨੇ ਅਮਰੀਕਾ ਵੱਲੋਂ ਥੋਪੀ ਗਈ 'ਹਮਲਾਵਰ ਜੰਗ' ਨੂੰ ਖ਼ਤਮ ਕਰਨ ਲਈ ਪਾਕਿਸਤਾਨ ਸਰਕਾਰ ਵੱਲੋਂ ਨਿਭਾਈ ਜਾ ਰਹੀ ਵਿਚੋਲਗੀ ਦੀ ਸ਼ਲਾਘਾ ਵੀ ਕੀਤੀ।

• ਬਾਕੀ ਸਫਾ 2 'ਤੇ

## ਮੁੱਖ ਮੰਤਰੀ ਵੱਲੋਂ ਸਮਾਂ ਹੱਦ ਤੋਂ ਪਹਿਲਾਂ ਹੜ੍ਹ ਸੁਰੱਖਿਆ ਕਾਰਜ ਨੇਪਰੇ ਚਾੜ੍ਹਨ ਦੇ ਆਦੇਸ਼

### ਉੱਚ ਪੱਧਰੀ ਸਮੀਖਿਆ ਮੀਟਿੰਗ 'ਚ ਨਿੱਜੀ ਜਵਾਬਦੇਹੀ ਦੀ ਚੇਤਾਵਨੀ



**ਚੰਡੀਗੜ੍ਹ** : ਆਗਾਮੀ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਡਿਪਟੀ ਕਮਿਸ਼ਨਰਾਂ ਨੂੰ ਹੜ੍ਹ ਸੁਰੱਖਿਆ ਦੇ ਸਾਰੇ ਕੰਮ ਸਮੇਂ ਸਿਰ ਪੂਰੇ ਕਰਨ ਦੇ ਹੁਕਮ ਦਿੱਤੇ ਅਤੇ ਅਧਿਕਾਰੀਆਂ ਨੂੰ ਕੁਤਾਹੀ ਲਈ ਨਿੱਜੀ ਜਵਾਬਦੇਹੀ ਦੀ ਚੇਤਾਵਨੀ ਦਿੱਤੀ। ਇੱਕ ਉੱਚ-ਪੱਧਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਉਨ੍ਹਾ ਨਾਲਿਆਂ ਅਤੇ ਹੜ੍ਹਾਂ ਵਾਲੀਆਂ ਸੰਭਾਵੀ ਥਾਵਾਂ ਤੋਂ ਤੁਰੰਤ ਗਾਰ ਕੱਢਣ, ਪ੍ਰਦੂਸ਼ਣ ਵਿਰੋਧੀ ਉਪਾਵਾਂ ਨੂੰ ਤੇਜ਼ ਕਰਨ ਅਤੇ ਲੰਬਿਤ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਨੂੰ ਅੱਗੇ ਵਧਾਉਣ ਦੇ ਨਿਰਦੇਸ਼ ਦਿੱਤੇ, ਤਾਂ ਕਿ ਬਾਰਿਸ਼ ਤੋਂ ਪਹਿਲਾਂ ਹੀ ਸਾਰੇ ਪ੍ਰਬੰਧ ਮੁਕੰਮਲ ਹੋਣ।

ਮੁੱਖ ਮੰਤਰੀ ਜਿਨ੍ਹਾ ਦੇ ਨਾਲ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੀ ਸਨ, ਨੇ ਪੰਜਾਬ ਭਰ ਵਿੱਚ ਹੜ੍ਹ ਸੁਰੱਖਿਆ ਕਾਰਜਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਮਾਸਟਰ ਪਲਾਨ ਲਾਗੂ ਕਰਨ ਦੀ ਵਕਾਲਤ ਕੀਤੀ। ਉਨ੍ਹਾ ਕਿਹਾ—ਡਰੇਨਾਂ ਅਤੇ ਦਰਿਆਵਾਂ ਦੀ ਯੋਜਨਾ ਸਿੰਜਾਈ ਵਿਭਾਗ ਦੇ ਇੰਜੀਨੀਅਰਾਂ ਨਾਲ ਤਾਲਮੇਲ ਕਰਕੇ ਤਿਆਰ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਹੜ੍ਹ ਸੁਰੱਖਿਆ ਕਾਰਜਾਂ ਦੀ ਨਿਯਮਤ ਤੌਰ 'ਤੇ ਡੀ-ਸਿਲਟਿੰਗ, ਸਫ਼ਾਈ ਅਤੇ ਮਜ਼ਬੂਤੀ ਯਕੀਨੀ ਬਣਾਈ ਜਾ ਸਕੇ।

ਬੁੱਢੇ ਨਾਲੇ ਦੀ ਸਫਾਈ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਪਵਿੱਤਰ ਬੁੱਢੇ ਨਾਲੇ ਦੇ ਪਾਣੀ ਨੂੰ ਲੁਧਿਆਣਾ ਸ਼ਹਿਰ ਦੇ ਸ਼ੁਰੂਆਤੀ ਬਿੰਦੂ ਤੱਕ ਸਾਫ਼ ਕਰ ਦਿੱਤਾ ਗਿਆ ਹੈ ਅਤੇ ਇਸ ਬਿੰਦੂ ਤੋਂ ਅੱਗੇ ਸਫ਼ਾਈ ਦਾ ਕੰਮ ਜਾਰੀ ਹੈ। ਡੇਅਰੀਆਂ ਤੋਂ ਬੁੱਢੇ ਨਾਲੇ ਵਿੱਚ ਜਾਣ ਵਾਲੇ ਗੋਹੇ ਦੇ ਮਾਮਲੇ ਦੀ ਸਖ਼ਤੀ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ। ਨਗਰ ਨਿਗਮ ਨੂੰ ਡੇਅਰੀਆਂ ਤੋਂ ਗੋ ਹ ਾ

• ਬਾਕੀ ਸਫਾ 2 'ਤੇ

## ਰਾਜ ਸਭਾ ਮੈਂਬਰਾਂ ਦੇ ਛੱਡ ਜਾਣ ਦਾ ਪਾਰਟੀ 'ਤੇ ਕੋਈ ਅਸਰ ਨਹੀਂ : ਕੰਗ



**ਚੰਡੀਗੜ੍ਹ** : ਆਮ ਆਦਮੀ ਪਾਰਟੀ ਦੇ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਪਾਰਟੀ ਦੇ ਮੌਜੂਦਾ ਹਾਲਾਤ 'ਤੇ ਗੰਭੀਰ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ 'ਆਪ' ਨੂੰ ਆਪਣੀ ਰਣਨੀਤੀ ਬਦਲਣ ਦੀ ਸਖ਼ਤ ਲੋੜ ਹੈ। ਉਨ੍ਹਾ ਕਿਹਾ ਕਿ ਪਾਰਟੀ ਨੂੰ ਇੱਕ ਅਜਿਹੀ ਲੋਕਤੰਤਰੀ ਜਥੇਬੰਦੀ ਵਜੋਂ ਕੰਮ ਕਰਨਾ ਚਾਹੀਦਾ ਹੈ, ਜਿੱਥੇ ਹਰ ਕਿਸੇ ਦੀ ਗੱਲ ਸੁਣੀ ਜਾਵੇ, ਤਾਂ ਹੀ ਭਵਿੱਖ ਵਿੱਚ ਆਗੂਆਂ ਦੇ ਪਾਰਟੀ ਛੱਡਣ ਦੇ ਸਿਲਸਿਲੇ ਨੂੰ ਰੋਕਿਆ ਜਾ ਸਕਦਾ ਹੈ।

ਸ਼ਨੀਵਾਰ ਸਵੇਰੇ ਮੀਡੀਆ ਨਾਲ ਇੱਕ ਵਿਸ਼ੇਸ਼ ਇੰਟਰਵਿਊ ਦੌਰਾਨ ਕੰਗ ਨੇ ਕਿਹਾ ਕਿ ਪਾਰਟੀ ਲੀਡਰਸ਼ਿਪ ਨੂੰ ਆਪਣੇ ਸੰਸਦ ਮੈਂਬਰਾਂ, ਵਿਧਾਇਕਾਂ ਅਤੇ ਹੋਰ ਆਗੂਆਂ ਨਾਲ ਬਿਹਤਰ ਤਾਲਮੇਲ ਬਣਾਉਣਾ ਚਾਹੀਦਾ ਹੈ। ਉਨ੍ਹਾ ਖੁਲਾਸਾ ਕੀਤਾ ਕਿ ਸੰਦੀਪ ਪਾਠਕ ਵਰਗਾ ਅਹਿਮ ਆਗੂ ਪਾਰਟੀ ਨੂੰ ਕਦੇ ਨਾ ਛੱਡਦਾ, ਜੇਕਰ ਲੀਡਰਸ਼ਿਪ ਉਸ ਦੇ ਸੰਪਰਕ ਵਿੱਚ ਰਹਿੰਦੀ। ਕੰਗ ਨੇ ਦਾਅਵਾ ਕੀਤਾ ਕਿ ਪਿਛਲੇ ਇੱਕ ਸਾਲ ਤੋਂ ਪਾਰਟੀ ਵਿੱਚ ਕੋਈ ਵੀ

• ਬਾਕੀ ਸਫਾ 2 'ਤੇ

### ਰਾਘਵ ਚੱਢਾ ਦਾ ਡਿੱਗਾ 'ਗ੍ਰਾਫ਼'

**ਚੰਡੀਗੜ੍ਹ** : ਆਪ ਦਾ ਸਾਥ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣਾ ਰਾਘਵ ਚੱਢਾ ਨੂੰ ਸੋਸ਼ਲ ਮੀਡੀਆ 'ਤੇ ਕਾਫ਼ੀ ਮਹਿੰਗਾ ਪੈਂਦਾ ਨਜ਼ਰ ਆ ਰਿਹਾ ਹੈ। ਸ਼ੁੱਕਰਵਾਰ ਸ਼ਾਮ ਨੂੰ ਜਿਵੇਂ ਹੀ ਚੱਢਾ ਦੇ ਭਾਜਪਾ ਵਿੱਚ ਜਾਣ ਦੀ ਖ਼ਬਰ ਨਸ਼ਰ ਹੋਈ, ਇੰਟਰਨੈੱਟ 'ਤੇ ਉਨ੍ਹਾ ਵਿਰੁੱਧ ਗੁੱਸੇ ਦੀ ਲਹਿਰ ਦੌੜ ਗਈ। ਰਿਪੋਰਟਾਂ ਮੁਤਾਬਕ ਖ਼ਬਰ ਆਉਣ ਦੇ ਕੁਝ ਹੀ ਘੰਟਿਆਂ ਅੰਦਰ ਰਾਘਵ ਚੱਢਾ ਦੇ ਇੰਸਟਾਗ੍ਰਾਮ ਫਾਲੋਅਰਜ਼ ਦੀ ਗਿਣਤੀ 1.46 ਕਰੋੜ (14.6 ਮਿਲੀਅਨ) ਤੋਂ ਘਟ ਕੇ 1.36 ਕਰੋੜ ਰਹਿ ਗਈ। ਰਾਘਵ ਚੱਢਾ ਦੀਆਂ ਤਸਵੀਰਾਂ ਅਤੇ ਪੋਸਟਾਂ ਦੇ ਕੁਮੈਂਟ ਸੈਕਸ਼ਨ ਵਿੱਚ ਹਜ਼ਾਰਾਂ ਉਪਭੋਗਤਾਵਾਂ ਨੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ ਹੈ। ਲੋਕਾਂ ਨੇ 'ਰਾਘਵ ਚੱਢਾ ਨੂੰ ਅਨਫਾਲੋ ਕਰੋ' ਦੀ ਮੁਹਿੰਮ ਚਲਾ ਦਿੱਤੀ ਹੈ। ਬਹੁਤ ਸਾਰੇ ਵਰਤੋਂਕਾਰਾਂ ਨੇ ਉਨ੍ਹਾਂ ਨੂੰ 'ਹੀਰੋ ਤੋਂ ਜ਼ੀਰੋ' ਅਤੇ 'ਪੰਜਾਬ ਦਾ ਗੱਦਾਰ' ਵਰਗੇ ਤਿੱਖੇ ਸ਼ਬਦਾਂ ਨਾਲ ਨਿਵਾਜਿਆ। ਅੰਕੜਿਆਂ ਮੁਤਾਬਕ ਸਿਰਫ਼ ਇੰਸਟਾਗ੍ਰਾਮ 'ਤੇ ਹੀ ਲਗਭਗ ਇੱਕ ਲੱਖ ਤੋਂ ਵੱਧ ਨਕਾਰਾਤਮਕ ਪ੍ਰਤੀਕਿਰਿਆਵਾਂ ਦਰਜ ਕੀਤੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਰਾਘਵ ਚੱਢਾ ਦੀ ਨੌਜਵਾਨਾਂ ਵਿੱਚ ਪ੍ਰਸਿੱਧੀ ਉਨ੍ਹਾ ਦੇ ਬੋਲਣ ਦੇ ਅੰਦਾਜ਼ ਅਤੇ ਆਮ ਨਾਗਰਿਕਾਂ ਦੇ ਮੁੱਦੇ ਚੁੱਕਣ ਕਾਰਨ ਸੀ।

### ਲਾਰੈਂਸ ਗਰੁੱਪ ਵੱਲੋਂ ਰੰਧਾਵਾ, ਵੜਿੰਗ ਤੇ ਮਜੀਠੀਆ ਨੂੰ ਧਮਕੀ

**ਚੰਡੀਗੜ੍ਹ** : ਪੰਜਾਬ ਦੇ ਸਾਬਕਾ ਉਪ-ਮੁੱਖ ਮੰਤਰੀ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੂੰ ਲਾਰੈਂਸ ਬਿਸ਼ਨੋਈ ਗਰੁੱਪ ਵੱਲੋਂ ਧਮਕੀ ਭਰਿਆ ਸੁਨੇਹਾ ਮਿਲਿਆ ਹੈ। ਇਹ ਧਮਕੀ ਰੰਧਾਵਾ ਵੱਲੋਂ ਵਿਵਾਦਤ ਡਾਕੂਮੈਂਟਰੀ/ਵੈੱਬ ਸੀਰੀਜ਼ 'ਲਾਰੈਂਸ ਆਫ ਪੰਜਾਬ' ਦੀ ਰਿਲੀਜ਼ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਅਤੇ ਇਸ 'ਤੇ ਪਾਬੰਦੀ ਲਗਾਉਣ ਦੀ ਮੰਗ ਕਰਨ ਤੋਂ ਬਾਅਦ ਦਿੱਤੀ ਗਈ ਹੈ। ਰੰਧਾਵਾ ਨੇ ਇਸ ਬਾਰੇ ਪੰਜਾਬ ਦੇ ਡੀ ਜੀ ਪੀ ਗੌਰਵ ਯਾਦਵ ਨੂੰ ਜਾਣੂ ਕਰਵਾ ਦਿੱਤਾ ਹੈ। ਰੰਧਾਵਾ ਤੋਂ ਇਲਾਵਾ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਅਤੇ ਖ਼ੁਦ ਡੀ ਜੀ ਪੀ ਗੌਰਵ ਯਾਦਵ ਨੂੰ ਵੀ ਵਟਸਐਪ ਰਾਹੀਂ ਅਜਿਹੇ ਹੀ ਧਮਕੀ ਭਰੇ ਸੁਨੇਹੇ ਭੇਜੇ ਗਏ ਹਨ। ਰਾਜਾ ਵੜਿੰਗ ਨੇ ਕਿਹਾ ਕਿ ਉਨ੍ਹਾ ਦੀ ਪਾਰਟੀ ਗੈਂਗਸਟਰਾਂ ਵਿਰੁੱਧ ਇਸ ਲੜਾਈ ਨੂੰ ਨਿਰਣਾਇਕ ਮੋੜ ਤੱਕ ਲੈ ਕੇ ਜਾਵੇਗੀ। ਉਨ੍ਹਾ ਐਲਾਨ ਕੀਤਾ ਕਿ 'ਗੈਂਗਸਟਰ ਮੁਕਤ ਪੰਜਾਬ' ਉਨ੍ਹਾ ਦੀ ਪਾਰਟੀ ਦੀ ਮੁੱਖ ਤਰਜੀਹ ਹੋਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬੀਆਂ ਦੇ ਸਖ਼ਤ ਵਿਰੋਧ ਮਗਰੋਂ ਭਾਰਤ ਸਰਕਾਰ ਨੇ ਇਸ ਵੈੱਬ ਸੀਰੀਜ਼ ਦੀ ਰਿਲੀਜ਼ 'ਤੇ ਰੋਕ ਲਗਾ ਦਿੱਤੀ ਹੈ।

## ਮਈ ਦਿਵਸ ਮੌਕੇ ਚੰਦ ਫ਼ਤਿਹਪੁਰੀ ਝੰਡਾ ਲਹਿਰਾਉਣਗੇ


ਰਛਪਾਲ ਕੈਲੇ

**ਜਲੰਧਰ (ਗਿਆਨ ਸੈਦਪੁਰੀ)**

ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਜਲੰਧਰ ਵੱਲੋਂ ਪਹਿਲੀ ਮਈ ਦਾ ਮਜ਼ਦੂਰ ਦਿਹਾੜਾ ਪਾਰਟੀ ਦਫ਼ਤਰ ਜਲੰਧਰ ਵਿੱਚ ਮਨਾਇਆ ਜਾਵੇਗਾ।ਵੀਰ ਕੁਮਾਰ ਦੀ ਪ੍ਰਧਾਨਗੀ ਹੇਠ ਇੱਥੇ ਹੋਈ ਮੀਟਿੰਗ ਉਪਰੰਤ ਜਿਲ੍ਹਾ ਸਕੱਤਰ ਰਛਪਾਲ ਕੈਲੇ ਨੇ ਦੱਸਿਆ ਕਿ ਪਹਿਲੀ ਮਈ ਨੂੰ ਹੋਣ ਵਾਲੇ ਸਮਾਗਮ ਵਿੱਚ ਝੰਡਾ ਲਹਿਰਾਉਣ ਦੀ ਰਸਮ ਚੰਦ ਫ਼ਤਿਹਪੁਰੀ ਸੰਪਾਦਕ 'ਨਵਾਂ ਜ਼ਮਾਨਾ' ਨਿਭਾਉਣਗੇ। ਉਹਨਾ ਕਿਹਾ ਕਿ ਭਾਰਤ ਦੀ ਮੋਦੀ ਸਰਕਾਰ ਨੇ ਲੇਬਰ ਕਾਨੂੰਨਾਂ ਦੀ ਥਾਂ ਚਾਰ ਲੇਬਰ ਕੋਡ ਲਾਗੂ ਕਰਕੇ ਮਜ਼ਦੂਰ ਵਰਗ ਨਾਲ ਧ੍ਰੋਹ ਕਮਾਇਆ ਹੈ।ਅਮਰੀਕਾ ਅਤੇ ਇਜ਼ਰਾਈਲ ਵੱਲੋਂ ਈਰਾਨ ਵਿਰੁੱਧ ਥੋਪੀ ਗਈ ਜੰਗ ਨਾਲ ਪੂਰੀ ਦੁਨੀਆ ਵਿੱਚ ਹਰੇਕ ਚੀਜ਼ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ।ਇਸ ਦਾ ਬਹੁਤਾ ਅਸਰ ਮਜ਼ਦੂਰਾਂ 'ਤੇ ਹੋਇਆ ਹੈ। ਅਜਿਹੇ ਸਮਿਆਂ ਵਿੱਚ ਸ਼ਿਕਾਗੋ ਦੇ ਸ਼ਹੀਦਾਂ ਨੂੰ ਇਨਕਲਾਬੀ ਸ਼ਰਧਾਂਜਲੀ ਭੇਟ ਕਰਦਿਆਂ ਸੰਘਰਸ਼ਾਂ ਨੂੰ ਹੋਰ ਤੇਜ਼ ਕਰਨ ਦਾ ਅਹਿਦ ਕੀਤਾ ਜਾਵੇਗਾ।ਮੀਟਿੰਗ ਵਿੱਚ ਸੀ ਪੀ ਆਈ ਦੇ ਜਿਲ੍ਹਾ ਸਹਾਇਕ ਸਕੱਤਰ ਹਰਜਿੰਦਰ ਸਿੰਘ ਮੌਜੀ, ਪਰਮਜੀਤ ਸਰਾਵਾਂ, ਸ਼ਹਿਰੀ ਸਕੱਤਰ ਸੰਤੋਸ਼ ਬਰਾੜ, ਤਹਿਸੀਲ ਸਕੱਤਰ ਸੀ ਪੀ ਆਈ ਨਕੋਦਰ ਸੰਦੀਪ ਅਰੋੜਾ, ਤਹਿਸੀਲ ਸਕੱਤਰ ਫਿਲੌਰ ਪਰਵਿੰਦਰ ਫਲਪੋਤਾ, ਜ਼ਿਲ੍ਹਾ ਕਾਰਜਕਾਰਨੀ ਮੈਂਬਰ ਸਿਕੰਦਰ ਸੰਧੂ, ਸਵਰਨ ਸਿੰਘ ਭੋਏਪੁਰੀ ਆਦਿ ਮੌਜੂਦ ਸਨ।

## ਪ੍ਰਸਿੱਧ ਕਬੱਡੀ ਖਿਡਾਰੀ ਪਾਲਾ ਜਲਾਲਪੁਰੀਆ 'ਆਪ' 'ਚ



**ਚੰਡੀਗੜ੍ਹ** : ਪ੍ਰਸਿੱਧ ਕਬੱਡੀ ਖਿਡਾਰੀ ਜਾਫ਼ੀ ਪਾਲਾ ਜਲਾਲਪੁਰੀਆ ਸ਼ਨੀਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਮੁੱਖ ਮੰਤਰੀ ਭਗਵੰਤ ਮਾਨ ਨੇ ਪਾਲਾ ਜਲਾਲਪੁਰੀਆ ਨੂੰ ਰਸਮੀ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕੀਤਾ ਅਤੇ ਉਨ੍ਹਾ ਦਾ ਸਵਾਗਤ ਕੀਤਾ। ਪਾਲਾ ਜਲਾਲਪੁਰੀਆ ਕਬੱਡੀ ਦੀ ਦੁਨੀਆ ਵਿੱਚ ਆਪਣੀ ਬਿਹਤਰੀਨ ਤਕਨੀਕ ਤੇ 'ਕਲੋਜ਼ ਫਾਈਟਰ' ਦੇ ਨਾਂਅ ਤੋਂ ਮਸ਼ਹੂਰ ਹਨ, ਜਿਨ੍ਹਾ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ ਹੈ।

ਇਸ ਮੌਕੇ ਮੁੱਖ ਮੰਤਰੀ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਜਲਾਲਪੁਰੀਆ ਵਰਗੇ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣਾ ਸਾਡੇ ਲਈ ਮਾਣ ਵਾਲੀ ਗੱਲ ਹੈ। ਪਾਲਾ ਨੇ ਹਮੇਸ਼ਾ ਖੇਡ ਦੇ ਮੈਦਾਨ ਵਿੱਚ ਪੰਜਾਬ ਦੀ ਸ਼ਾਨ ਵਧਾਈ ਹੈ ਅਤੇ ਹੁਣ ਉਹ ਜਨ ਸੇਵਾ ਦੇ ਮੈਦਾਨ ਵਿੱਚ ਸਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨਗੇ। ਸਾਡੀ ਸਰਕਾਰ ਲਗਾਤਾਰ ਖਿਡਾਰੀਆਂ ਨੂੰ ਮਾਣ-ਸਤਿਕਾਰ ਦੇਣ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵਚਨਬੱਧ ਹੈ। ਪਾਲਾ ਦੇ ਪਾਰਟੀ ਵਿੱਚ ਆਉਣ ਨਾਲ ਸੂਬੇ ਦੇ ਨੌਜਵਾਨਾਂ ਤੇ ਖਿਡਾਰੀਆਂ ਵਿੱਚ ਇੱਕ ਨਵਾਂ ਉਤਸ਼ਾਹ ਪੈਦਾ ਹੋਵੇਗਾ।

## ਕਾਰ ਦਰੱਖਤ ਨਾਲ ਟਕਰਾਈ, ਨੌਜਵਾਨ ਦੀ ਮੌਤ

**ਹੁਸ਼ਿਆਰਪੁਰ** : ਕਸਬਾ ਮਾਹਿਲਪੁਰ ਦੇ ਅਧੀਨ ਪੈਂਦੇ ਪਿੰਡ ਜੈਤਪੁਰ ਤੋਂ ਇੱਕ ਬਹੁਤ ਹੀ ਦਰਦਨਾਕ ਸੜਕ ਹਾਦਸੇ ਦੀ ਖ਼ਬਰ ਸਾਹਮਣੇ ਆਈ ਹੈ, ਜਿਸ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਪ੍ਰਾਪਤ ਵੇਰਵੇ ਅਨੁਸਾਰ ਪਿੰਡ ਜੈਤਪੁਰ ਦੇ ਦੋ ਨੌਜਵਾਨ ਆਪਣੀ ਕਾਰ ਵਿੱਚ ਸਵਾਰ ਹੋ ਕੇ ਹੁਸ਼ਿਆਰਪੁਰ ਵੱਲ ਜਾ ਰਹੇ ਸਨ। ਜਿਵੇਂ ਹੀ ਉਹ ਪਿੰਡ ਦੇ ਬਾਹਰ ਪਹੁੰਚੇ ਤਾਂ ਅਚਾਨਕ ਕਾਰ ਬੇਕਾਬੂ ਹੋ ਗਈ ਤੇ ਸੜਕ ਕਿਨਾਰੇ ਖੜ੍ਹੇ ਦਰਖ਼ਤ ਨਾਲ ਜਾ ਟਕਰਾਈ। ਟੱਕਰ ਏਨੀ ਜ਼ੋਰਦਾਰ ਸੀ ਕਿ ਕਾਰ ਦੇ ਪਰਖੱਚੇ ਉਡ ਗਏ ਅਤੇ ਦੋਵੇਂ ਨੌਜਵਾਨ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਪੁਲਸ ਤੁਰੰਤ ਮੌਕੇ 'ਤੇ ਪਹੁੰਚ ਗਈ ਅਤੇ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਮਾਹਿਲਪੁਰ ਵਿਖੇ ਇਲਾਜ ਲਈ ਲਿਆਂਦਾ ਗਿਆ, ਜਿਥੇ ਡਾਕਟਰਾਂ ਵੱਲੋਂ ਜਸਕਰਨ ਸਿੰਘ ਪੁੱਤਰ ਬਲਵੀਰ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ, ਜਦ ਕਿ ਦੂਜਾ ਨੌਜਵਾਨ ਕਰਨ ਸਿੰਘ ਪੁੱਤਰ ਬਲਜਿੰਦਰ ਸਿੰਘ ਦੀ ਹਾਲਤ ਗੰਭੀਰ ਹੈ।

## ਪੁਲਸ ਦੀ ਬ੍ਰਿਟਿਸ਼ ਮਾਂ ਤੇ ਉਸ ਦੇ ਬੱਚੇ ਨੂੰ ਮਾਮਲੇ 'ਚ ਫਸਾਉਣ ਦੀ ਕੋਸ਼ਿਸ਼ ਨਾਕਾਮ

**ਹੁਸ਼ਿਆਰਪੁਰ** : ਇੰਗਲੈਂਡ ਦੇ ਸ਼ਹਿਰ ਲੈਸਟਰ ਨਿਵਾਸੀ ਮਾਂ ਅਤੇ ਉਸ ਦੇ ਬ੍ਰਿਟਿਸ਼ ਨਾਬਾਲਗ ਬੱਚੇ ਨੂੰ ਪੰਜਾਬ ਦੇ ਹੁਸ਼ਿਆਰਪੁਰ ਵਿਚ ਪੁਲਸ ਮਾਮਲੇ ਵਿੱਚ ਫਸੇ ਹੋਣ ਤੋਂ ਬਾਅਦ ਹੁਣ ਯੂਨਾਈਟਿਡ ਕਿੰਗਡਮ ਵਾਪਸ ਆਉਣ ਦੀ ਇਜਾਜ਼ਤ ਮਿਲ ਗਈ ਹੈ। ਇਹ ਮਾਮਲਾ ਕਮਿਊਨਿਟੀ ਆਗੂਆਂ, ਸੰਸਦ ਮੈਂਬਰਾਂ ਅਤੇ ਬ੍ਰਿਟਿਸ਼ ਅਧਿਕਾਰੀਆਂ ਦੀ ਦਖ਼ਲਅੰਦਾਜ਼ੀ ਨਾਲ ਸੁਲਝਿਆ ਹੈ। ਇੰਡੀਅਨ ਵਰਕਰਜ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਦੱਸਿਆ ਕਿ ਅਲਕਾ ਰਾਣੀ ਆਪਣੇ ਨਾਬਾਲਗ ਬੱਚੇ ਨਾਲ ਛੁੱਟੀਆਂ ਦੌਰਾਨ ਹੁਸ਼ਿਆਰਪੁਰ ਵਿੱਚ ਰਿਸ਼ਤੇਦਾਰਾਂ ਕੋਲ ਗਈ ਸੀ, ਜਿਸ ਦੀ 25 ਅਪ੍ਰੈਲ ਨੂੰ ਯੂ ਕੇ ਵਾਪਸੀ ਲਈ ਉਡਾਣ ਬੁੱਕ ਸੀ। 17 ਅਪ੍ਰੈਲ ਨੂੰ ਮਾਡਲ ਟਾਊਨ ਪੁਲਸ ਥਾਣੇ ਵੱਲੋਂ ਉਸ ਦੇ ਇਕ ਨਜ਼ਦੀਕੀ ਰਿਸ਼ਤੇਦਾਰ ਨੂੰ ਬੁਲਾਏ ਜਾਣ ਤੋਂ ਬਾਅਦ ਪੁਲਸ ਅਲਕਾ ਰਾਣੀ ਨੂੰ ਉਸ ਦੇ ਬੱਚੇ ਸਮੇਤ ਥਾਣੇ ਲੈ ਗਈ। ਪਰਵਾਰ ਦੇ ਦਾਅਵੇ ਅਨੁਸਾਰ ਦੋਵਾਂ ਨੂੰ ਕਈ ਘੰਟਿਆਂ ਤੱਕ ਥਾਣੇ ਵਿੱਚ ਬਿਠਾ ਕੇ ਰੱਖਿਆ ਗਿਆ, ਜਦ ਕਿ ਬੱਚੇ ਨੂੰ ਉਸ ਵੇਲੇ ਤੇਜ਼ ਬੁਖਾਰ ਸੀ। ਇਸ ਤੋਂ ਬਾਅਦ ਮਾਡਲ ਟਾਊਨ ਥਾਣੇ ਵਿੱਚ ਐਫ ਆਈ ਆਰ ਨੰਬਰ 47 ਦਰਜ ਕਰਕੇ ਸ਼ਰਾਬ ਵੇਚਣ ਦੇ ਦੋਸ਼ ਲਗਾਏ ਗਏ ਅਤੇ ਅਲਕਾ ਰਾਣੀ ਦਾ ਨਾਂਅ ਵੀ ਮਾਮਲੇ ਵਿੱਚ ਸ਼ਾਮਲ ਕੀਤਾ ਗਿਆ। ਪਰਵਾਰ ਅਤੇ ਕਮਿਊਨਿਟੀ ਆਗੂਆਂ ਨੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਸ ਦਾ ਇਸ ਮਾਮਲੇ ਨਾਲ ਕੋਈ ਸੰਬੰਧ ਨਹੀਂ। ਇਸ ਮਾਮਲੇ ਨੂੰ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਵੱਲੋਂ ਉਠਾ ਕੇ ਬ੍ਰਿਟਿਸ਼ ਅਤੇ ਭਾਰਤੀ ਅਧਿਕਾਰੀਆਂ ਨਾਲ ਸੰਪਰਕ ਕੀਤਾ ਗਿਆ, ਜਿਸ ਤੋਂ ਬਾਅਦ ਪੰਜਾਬ ਪੁਲਸ ਵੱਲੋਂ ਅਲਕਾ ਰਾਣੀ ਦਾ ਪਾਸਪੋਰਟ, ਗਹਿਣੇ ਅਤੇ ਨਕਦ ਰਕਮ ਵਾਪਸ ਕਰ ਦਿੱਤੀ ਗਈ ਹੈ ਅਤੇ ਉਸ ਦੇ ਖ਼ਿਲਾਫ਼ ਜਾਰੀ ਲੁੱਕ ਆਊਟ ਸਰਕੂਲਰ ਵੀ ਰੱਦ ਕਰ ਦਿੱਤਾ ਗਿਆ ਹੈ। ਮਾਂ ਅਤੇ ਬੱਚਾ ਹੁਣ ਸੁਰੱਖਿਅਤ ਤਰੀਕੇ ਨਾਲ ਯੂ ਕੇ ਵਾਪਸ ਜਾ ਸਕਣਗੇ।

## ਈ ਡੀ ਵੱਲੋਂ ਕੋਲਕਾਤਾ ਸਣੇ 9 ਟਿਕਾਣਿਆਂ 'ਤੇ ਛਾਪੇਮਾਰੀ

**ਨਵੀਂ ਦਿੱਲੀ** : ਪੱਛਮੀ ਬੰਗਾਲ ਵਿੱਚ ਜਨਤਕ ਵੰਡ ਪ੍ਰਣਾਲੀ ਨਾਲ ਜੁੜੇ ਕਥਿਤ ਰਾਸ਼ਨ ਘੁਟਾਲੇ ਵਿੱਚ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਵੱਡੀ ਕਾਰਵਾਈ ਕਰਦਿਆਂ ਕੋਲਕਾਤਾ, ਬਰਧਵਾਨ ਅਤੇ ਹਾਵੜਾ ਵਿੱਚ 9 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਇਹ ਕਾਰਵਾਈ ਨਿਰੰਜਨ ਚੰਦਰ ਸਾਹਾ ਅਤੇ ਉਨ੍ਹਾਂ ਦੇ ਸਾਥੀਆਂ ਨਾਲ ਜੁੜੇ ਨਿਰਯਾਤਕਾਂ ਅਤੇ ਸਪਲਾਇਰਾਂ ਦੇ ਟਿਕਾਣਿਆਂ 'ਤੇ 'ਮਨੀ ਲਾਂਡਰਿੰਗ ਰੋਕੂ ਕਾਨੂੰਨ' ਤਹਿਤ ਕੀਤੀ ਗਈ ਹੈ। ਈ ਡੀ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮਾਂ ਨੇ ਭਲਾਈ ਸਕੀਮਾਂ ਲਈ ਰਾਖਵੀਂ ਸਰਕਾਰੀ ਕਣਕ ਨੂੰ ਖ਼ੁਰਦ-ਬੁਰਦ ਕਰਨ ਲਈ ਇੱਕ ਗੁੰਝਲਦਾਰ ਤਰੀਕਾ ਅਪਣਾਇਆ ਹੋਇਆ ਸੀ। ਦੋਸ਼ ਹੈ ਕਿ ਸਪਲਾਇਰਾਂ, ਡੀਲਰਾਂ ਅਤੇ ਵਿਚੋਲਿਆਂ ਦੀ ਮਿਲੀਭੁਗਤ ਨਾਲ ਗਰੀਬਾਂ ਦੇ ਹਿੱਸੇ ਦੀ ਕਣਕ ਨੂੰ ਸਸਤੇ ਭਾਅ 'ਤੇ ਹੜੱਪ ਲਿਆ ਜਾਂਦਾ ਸੀ।

## ਪਰਵਾਰ ਨੂੰ ਅਮਰੀਕਾ ਨਹੀਂ ਲਿਜਾ ਸਕਣਗੇ ਐੱਚ-ਏ ਬੀ ਵੀਜ਼ਾਧਾਰਕ

**ਵਾਸ਼ਿੰਗਟਨ** : ਅਮਰੀਕਾ ਵਿੱਚ ਰਿਪਬਲਿਕਨ ਸੰਸਦ ਮੈਂਬਰਾਂ ਨੇ 'ਐੱਚ-ਏ ਬੀ ਵੀਜ਼ਾ ਅਬਿਊਜ ਐਕਟ ਆਫ 2026' ਪੇਸ਼ ਕੀਤਾ ਹੈ। ਇਸ ਬਿੱਲ ਦਾ ਮੁੱਖ ਮਕਸਦ ਅਮਰੀਕੀ ਕੰਪਨੀਆਂ ਵੱਲੋਂ ਸਸਤੀ ਵਿਦੇਸ਼ੀ ਲੇਬਰ ਦੀ ਵਰਤੋਂ ਨੂੰ ਰੋਕਣਾ ਅਤੇ ਅਮਰੀਕੀ ਨਾਗਰਿਕਾਂ ਦੀਆਂ ਨੌਕਰੀਆਂ ਨੂੰ ਸੁਰੱਖਿਅਤ ਕਰਨਾ ਹੈ।

ਐੱਚ-ਏ ਬੀ ਵੀਜ਼ਾ ਪ੍ਰੋਗਰਾਮ 'ਤੇ ਤਿੰਨ ਸਾਲਾਂ ਲਈ ਪੂਰੀ ਤਰ੍ਹਾਂ ਰੋਕ ਲਗਾਉਣ ਦਾ ਸੁਝਾਅ ਹੈ। ਹਰ ਸਾਲ ਦਿੱਤੇ ਜਾਣ ਵਾਲੇ ਵੀਜ਼ਿਆਂ ਦੀ ਗਿਣਤੀ 65,000 ਤੋਂ ਘਟਾ ਕੇ ਸਿਰਫ਼ 25,000 ਕਰਨ ਦੀ ਗੱਲ ਕਹੀ ਗਈ ਹੈ।

ਵੀਜ਼ਾਧਾਰਕ ਦੀ ਘੱਟੋ-ਘੱਟ ਸਾਲਾਨਾ ਤਨਖਾਹ 2 ਲੱਖ ਅਮਰੀਕੀ ਡਾਲਰ ਹੋਣੀ ਚਾਹੀਦੀ ਹੈ, ਤਾਂ ਜੋ ਸਿਰਫ ਉੱਚ ਯੋਗਤਾ ਵਾਲੇ ਲੋਕ ਹੀ ਆ ਸਕਣ। ਐੱਚ-ਏ ਬੀ ਵੀਜ਼ਾ ਧਾਰਕ ਹੁਣ ਆਪਣੇ ਪਰਵਾਰਕ ਮੈਂਬਰਾਂ ਨੂੰ ਅਮਰੀਕਾ ਨਹੀਂ ਲਿਜਾ ਸਕਣਗੇ। ਪੜ੍ਹਾਈ ਤੋਂ ਬਾਅਦ ਮਿਲਣ ਵਾਲੀ ਟਰੇਨਿੰਗ ਨੂੰ ਖਤਮ ਕਰਨ ਅਤੇ ਐੱਚ-ਏ ਬੀ ਤੋਂ ਸਿੱਧਾ ਗ੍ਰੀਨ ਕਾਰਡ (ਪੱਕੀ ਰਿਹਾਇਸ਼) ਅਪਲਾਈ ਕਰਨ 'ਤੇ ਰੋਕ ਲਗਾਉਣ ਦਾ ਪ੍ਰਸਤਾਵ ਹੈ।

ਸੰਸਦ ਮੈਂਬਰਾਂ ਦਾ ਕਹਿਣਾ ਹੈ ਕਿ ਵੱਡੀਆਂ ਕੰਪਨੀਆਂ ਅਮਰੀਕੀ ਲੋਕਾਂ ਨੂੰ ਨੌਕਰੀ ਦੇਣ ਦੀ ਬਜਾਏ ਬਾਹਰੋਂ ਸਸਤੇ ਕਾਮੇ ਮੰਗਵਾਉਂਦੀਆਂ ਹਨ। ਦੋਸ਼ ਲਾਇਆ ਗਿਆ ਹੈ ਕਿ ਐੱਚ-ਏ ਬੀ ਸਿਸਟਮ ਨੂੰ 'ਹਾਈਜੈਕ' ਕਰ ਲਿਆ ਗਿਆ ਹੈ ਅਤੇ ਇਹ ਹੁਣ ਸਿਰਫ ਕਾਰਪੋਰੇਟ ਮੁਨਾਫੇ ਲਈ ਵਰਤਿਆ ਜਾ ਰਿਹਾ ਹੈ। ਜੇਕਰ ਇਹ ਬਿੱਲ ਕਾਨੂੰਨ ਬਣਦਾ ਹੈ ਤਾਂ ਭਾਰਤੀਆਂ ਲਈ ਅਮਰੀਕਾ ਜਾ ਕੇ ਕੰਮ ਕਰਨਾ ਬਹੁਤ ਔਖਾ ਹੋ ਜਾਵੇਗਾ।

## ਅੱਜ-ਨਾਮਾ

ਦਲਬਦਲੀ ਰੋਕਣ ਦੇ ਬਣੇ ਕਾਨੂੰਨ ਬੇਸ਼ੱਕ,
ਫਿਰ ਵੀ ਦਲਬਦਲੀ ਚੱਲਦੀ ਆਈ ਬੇਲੀ।
ਜਿਹੜੇ ਆਖਦੇ ਹੋਣੀ ਇਹ ਚਾਹੀਦੀ ਨਹੀਂ,
ਹੁੰਦੀ ਹੈ ਉਨ੍ਹਾਂ ਦੀ ਕਰੀ-ਕਰਵਾਈ ਬੇਲੀ।
ਪਹਿਲਾਂ ਭਾਜਪਾ ਨੂੰ ਕਾਂਗਰਸ ਤੰਗ ਕਰਦੀ,
ਉਹੀ ਫਿਰ ਭਾਜਪਾ ਖੇਡ ਅਜ਼ਮਾਈ ਬੇਲੀ।
ਪਾਰਟੀ ਆਪ ਵੀ ਆਈ ਤਾਂ ਇੰਜ ਲੱਗਦੀ,
ਕਦੀ ਸੰਨ੍ਹ ਲਾਈ ਤਾਂ ਕਦੀ ਲਵਾਈ ਬੇਲੀ।
ਪਾਰਟੀ ਕਿਹੜੀ ਦੀ ਕਰੂ ਕੋਈ ਗੱਲ ਏਥੇ,
ਜਿਸ ਦਾ ਦਾਅ ਲੱਗਾ, ਜਾਂਦਾ ਲਾਈ ਬੇਲੀ।
ਆਪਣਾ ਨੁਕਸ ਨਹੀਂ ਮੰਨਿਆ ਕੋਈ ਏਥੇ,
ਦੂਜਿਆਂ ਵੱਲ ਆ ਉਂਗਲ ਉਠਾਈ ਬੇਲੀ।

-ਤੀਸ ਮਾਰ ਖਾਂ

## ਖੱਬੀਆਂ ਪਾਰਟੀਆਂ ਦੀ ਏਕਤਾ ਸਮੇਂ ਦੀ ਮੰਗ : ਅਰਸ਼ੀ, ਬਰਾੜ

### ਕਾਮਰੇਡ ਕੇਵਲ ਕ੍ਰਿਸ਼ਨ ਨਮਿਤ ਸ਼ਰਧਾਂਜਲੀ ਸਮਾਗਮ

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**



ਕੇਂਦਰੀ ਕੰਟਰੋਲ ਕਮਿਸ਼ਨ ਦੇ ਮੈਂਬਰ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਸੀਨੀਅਰ ਆਗੂ ਹਰਦੇਵ ਸਿੰਘ ਅਰਸ਼ੀ ਅਤੇ ਕੌਮੀ ਕੌਂਸਲ ਮੈਂਬਰ ਬੰਤ ਸਿੰਘ ਬਰਾੜ ਨੇ ਸ਼ਨੀਵਾਰ ਵਿਸ਼ਵਨਾਥ ਮੰਦਰ, ਜਮਾਲਪੁਰ, ਲੁਧਿਆਣਾ ਵਿਖੇ ਟਰੇਡ ਯੂਨੀਅਨ ਆਗੂ ਕਾਮਰੇਡ ਕੇਵਲ ਕ੍ਰਿਸ਼ਨ ਦੇ ਸ਼ਰਧਾਂਜਲੀ ਸਮਾਗਮ ਵਿੱਚ ਬੋਲਦੇ ਹੋਏ ਆਖਿਆ ਕਿ ਦੇਸ਼ ਅੰਦਰ ਫਿਰਕੂ ਅਤੇ ਏਕਾਅਧਿਕਾਰਵਾਦੀ ਸ਼ਕਤੀਆਂ ਵਿਰੁੱਧ ਸੰਘਰਸ਼ ਕਰਨ ਲਈ ਤਮਾਮ ਖੱਬੀਆਂ ਪਾਰਟੀਆਂ ਦੀ ਏਕਤਾ ਜ਼ਰੂਰੀ ਹੈ। ਉਨ੍ਹਾਂ ਆਖਿਆ ਹੁਣ ਸਮਾਂ ਫੈਸਲਾਕੁੰਨ ਸੰਘਰਸ਼ ਦਾ ਹੈ, ਕਿਉਂਕਿ ਦੇਸ਼ ਅੰਦਰ ਮੌਜੂਦਾ ਸਰਕਾਰ ਜਮਹੂਰੀ ਕਦਰਾਂ-ਕੀਮਤਾਂ ਅਤੇ ਸੰਸਥਾਵਾਂ ਨੂੰ ਖੋਰਾ ਲਗਾ ਰਹੀ ਹੈ। ਇਹ ਖਾਸ ਕਿਸਮ ਦੀ ਸੋਚ ਅਤੇ ਬਹੁ-ਕੌਮੀ ਕਾਰਪੋਰੇਸ਼ਨ ਦੇ ਹਿੱਤਾਂ ਦੀ ਸੇਵਾ ਵਿੱਚ ਲੱਗੀ ਹੋਈ ਹੈ। ਆਮ ਲੋਕਾਂ ਨੂੰ ਫਿਰਕਾਪ੍ਰਸਤੀ ਦੇ ਆਧਾਰ 'ਤੇ ਵੰਡੀਆਂ ਪਾਉਣ ਵਾਲੀਆਂ ਲਹਿਰਾਂ ਨੂੰ ਉਤਸ਼ਾਹਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੰਦੀ।ਭਾਰਤੀ ਕਮਿਊਨਿਸਟ ਪਾਰਟੀ ਲੁਧਿਅਣਾ ਦੇ ਸਕੱਤਰ ਡੀ ਪੀ ਮੌੜ ਨੇ ਇਕੱਤਰ ਹੋਏ ਲੋਕਾਂ ਦਾ ਧੰਨਵਾਦ ਕਰਦੇ ਆਖਿਆ ਕਿ ਸਾਨੂੰ ਦੇਸ਼ ਅੰਦਰ ਜਮਹੂਰੀਅਤ ਅਤੇ ਭਾਰਤ ਦੇ ਸੰਵਿਧਾਨ ਨੂੰ ਬਚਾਉਣ ਲਈ ਲੱਕ ਬੰਨ੍ਹ ਕੇ ਸੰਘਰਸ਼ ਕਰਨ ਨਾਲ ਹੀ ਅਸੀਂ ਆਪਣੇ ਵਿਛੜੇ ਸਾਥੀ ਨੂੰ ਸੱਚੀ ਸ਼ਰਧਾਂਜਲੀ ਦੇ ਸਕਦੇ ਹਾਂ।

ਸਮਾਗਮ ਵਿੱਚ ਭਾਰਤੀ ਖੇਤ ਮਜ਼ਦੂਰ ਸਭਾ ਦੇ ਕੌਮੀ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਦੂਜੀਆਂ ਰਾਜਨੀਤਕ ਪਾਰਟੀਆਂ ਦੇ ਅਨੇਕ ਆਗੂ ਵੀ ਹਾਜ਼ਰ ਸਨ। ਸੀ ਪੀ ਐੱਮ ਦੇ ਸੂਬਾਈ ਸਕੱਤਰ ਸੁਖਵਿੰਦਰ ਸਿੰਘ, ਜ਼ਿਲ੍ਹਾ ਸਕੱਤਰ ਬਲਜੀਤ ਸਿੰਘ ਸ਼ਾਹੀ ਤੋਂ ਇਲਾਵਾ ਟਰੇਡ ਯੂਨੀਅਨ ਆਗੂ ਮਨਿੰਦਰ ਭਾਟੀਆ ਏਟਕ, ਜਗਦੀਸ਼ ਚੰਦ ਸੀ ਟੀ ਯੂ, ਜਤਿੰਦਰ ਸੀ ਆਈ ਟੀ ਯੂ, ਨਰੇਸ਼ ਗੌੜ ਏ ਆਈ ਬੀ ਈ ਏ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਾਮਿਲ ਸਨ।

ਇਲਾਕੇ ਦੇ ਕੌਂਸਲਰ ਗੌਰਵ ਭੱਟੀ, ਅਮਰਜੀਤ ਸਿੰਘ, ਸਾਬਕਾ ਕੌਂਸਲਰ ਪ੍ਰੇਮ ਸਾਗਰ, ਉਪਲ ਪਰਿਵਾਰ, ਭਾਜਪਾ ਆਗੂ ਪ੍ਰਵੀਨ ਬਾਂਸਲ, ਜਤਿੰਦਰ ਮਿੱਤਲ, ਧਰਮਿੰਦਰ ਸ਼ਰਮਾ, ਪਵਨ ਸ਼ਰਮਾ ਨਵ-ਭਾਰਤ ਸਕੂਲ, ਸੀ ਪੀ ਆਈ ਦੇ ਆਗੂ ਡਾਕਟਰ ਅਰੁਣ ਮਿਤਰਾ, ਐੱਚ ਐੱਲ ਗੁਰਦੁਆਰਾ ਦੇ ਪ੍ਰਧਾਨ ਸੈਂਟੀ ਕਾਲੜਾ ਤੇ 'ਆਪ' ਦੇ ਵਾਰਡ ਇੰਚਾਰਜ ਇੰਦਰਜੀਤ ਮਨਕੂ ਵੀ ਹਾਜ਼ਰ ਸਨ।

## ਅੱਤ ਦੀ ਗਰਮੀ ਕਾਰਨ ਪਾਵਰਕਾਮ ਤੇ ਲੋਕ ਬੇਹਾਲ

**ਲਹਿਰਾ ਮੁਹੱਬਤ (ਬਠਿੰਡਾ)**

ਪੰਜਾਬ ਵਿਚ ਵਧ ਰਹੀ ਗਰਮੀ ਨੇ ਲੋਕਾਂ ਦਾ ਜਿਉਣਾ ਮੁਸ਼ਕਲ ਕਰ ਦਿੱਤਾ ਹੈ। ਲਗਾਤਾਰ ਵਧ ਰਹੀ ਗਰਮੀ ਨੇ ਪਾਵਰਕਾਮ ਨੂੰ ਬੇਹਾਲ ਕੀਤਾ ਹੋਇਆ ਹੈ, ਕਿਉਂਕਿ ਸੂਬੇ ਵਿਚ ਸ਼ਨੀਵਾਰ ਸਵੇਰ ਸਮੇਂ ਹੀ ਬਿਜਲੀ ਦੀ ਮੰਗ ਨੇ 12076 ਮੈਗਾਵਾਟ ਦੇ ਅੰਕੜੇ ਨੂੰ ਛੂਹ ਲਿਆ ਹੈ। ਮੌਸਮ ਵਿਭਾਗ ਅਨੁਸਾਰ ਪੰਜਾਬ ਦੇ ਦੋ ਜ਼ਿਲ੍ਹੇ ਬਠਿੰਡਾ ਤੇ ਫਰੀਦਕੋਟ ਵਿਚ ਤੇਜ਼ ਗਰਮੀ ਹੋਣ ਦੀ ਸੰਭਾਵਨਾ ਹੈ ਤੇ ਇਥੇ ਤਾਪਮਾਨ 43-44 ਡਿਗਰੀ ਤੱਕ ਦਰਜ ਕੀਤਾ ਗਿਆ ਹੈ। 24 ਅਪ੍ਰੈਲ ਨੂੰ 11500 ਮੈਗਾਵਾਟ ਬਿਜਲੀ ਦੀ ਮੰਗ ਰਹੀ ਤੇ ਬਿਜਲੀ ਨਿਗਮ ਨੂੰ ਵਾਰ-ਵਾਰ ਕੱਟ ਲਾ ਕੇ ਡੰਗ ਟਪਾਉਣਾ ਪੈ ਰਿਹਾ ਹੈ। ਪਾਵਰਕਾਮ ਦੇ ਸਰਕਾਰੀ ਖੇਤਰ ਦੇ ਲਹਿਰਾ ਮੁਹੱਬਤ, ਗੋਇੰਦਵਾਲ ਤੇ ਰੋਪੜ ਦੇ ਤਿੰਨਾਂ ਤਾਪ ਬਿਜਲੀ ਘਰਾਂ ਦੇ 10 ਯੂਨਿਟਾਂ 'ਚੋਂ ਰੋਪੜ ਦਾ ਇਕ ਯੂਨਿਟ ਬੰਦ ਹੈ ਤੇ 9 ਯੂਨਿਟ 1505 ਮੈਗਾਵਾਟ ਬਿਜਲੀ ਉਤਪਾਦਨ ਕਰ ਰਹੇ ਹਨ। ਪਣ ਬਿਜਲੀ ਘਰਾਂ ਤੋਂ ਇਲਾਵਾ ਸੋਲਰ ਤੇ ਨਾਨ-ਸੋਲਰ 202 ਤੇ 462 ਮੈਗਾਵਾਟ ਬਿਜਲੀ ਉਤਪਾਦਨ ਹੋ ਰਿਹਾ ਹੈ। ਨਿੱਜੀ ਖੇਤਰ ਦੇ ਵੇਦਾਂਤਾ ਗਰੁੱਪ ਦੇ ਤਲਵੰਡੀ ਸਾਬੋ ਤੇ ਰਾਜਪੁਰਾ ਤਾਪ ਬਿਜਲੀ ਘਰਾਂ ਦੇ 5 ਯੂਨਿਟਾਂ ਤੋਂ 2773 ਮੈਗਾਵਾਟ ਬਿਜਲੀ ਉਤਪਾਦਨ ਹੋ ਰਿਹਾ ਸੀ। ਪੰਜਾਬ ਦੇ ਕੁੱਲ ਉਤਪਾਦਨ 4842 ਮੈਗਾਵਾਟ ਵਿਚ ਬਾਹਰੀ ਸਰੋਤਾਂ ਤੇ ਕੇਂਦਰੀ ਪੂਲ ਤੋਂ 7191 ਮੈਗਾਵਾਟ ਬਿਜਲੀ ਪ੍ਰਾਪਤ ਕਰਕੇ ਮੰਗ ਪੂਰੀ ਕੀਤੀ ਗਈ। ਅਨੁਮਾਨ ਹੈ ਕਿ ਅਗਲੇ ਮਹੀਨੇ ਬਿਜਲੀ ਦੀ ਮੰਗ 17000 ਮੈਗਾਵਾਟ ਦਾ ਅੰਕੜਾ ਪਾਰ ਕਰ ਸਕਦੀ ਹੈ। ਜੋ ਪਾਵਰਕਾਮ ਅੱਗੇ ਵੱਡੀ ਚੁਣੌਤੀ ਬਣੇਗੀ।

## ਸੈਂਟਰਲ ਜੇਲ੍ਹ ਵਿਖੇ ਉਜਾਲਾ ਨਰਸਰੀ ਤੇ ਨਵੀਂ ਲਾਇਬ੍ਰੇਰੀ ਦਾ ਉਦਘਾਟਨ

### ਨਸ਼ਾ-ਮੁਕਤ ਜੇਲ੍ਹਾਂ ਬਣਾਉਣਾ ਸਰਕਾਰ ਦੀ ਤਰਜੀਹ : ਡਾ. ਰਵਜੋਤ ਸਿੰਘ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੇ ਸੰਸਦੀ ਮਾਮਲਿਆਂ, ਐੱਨ.ਆਰ.ਆਈ. ਮਾਮਲਿਆਂ ਤੇ ਜੇਲ੍ਹਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਸੈਂਟਰਲ ਜੇਲ੍ਹ ਪਟਿਆਲਾ ਦਾ ਵਿਸ਼ੇਸ਼ ਦੌਰਾ ਕਰਦਿਆਂ ਜੇਲ੍ਹ ਪ੍ਰਬੰਧਾਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ।ਇਸ ਮੌਕੇ ਉਨ੍ਹਾਂ ਉਜਾਲਾ ਨਰਸਰੀ ਤੇ ਨਵੀਂ ਤਿਆਰ ਕੀਤੀ ਗਈ ਜੇਲ੍ਹ ਲਾਇਬ੍ਰੇਰੀ ਦਾ ਉਦਘਾਟਨ ਕੀਤਾ।ਉਨ੍ਹਾਂ ਕਿਹਾ ਕਿ ਉਜਾਲਾ ਨਰਸਰੀ ਦਾ ਮਕਸਦ ਕੈਦੀਆਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਵਧਾਉਣਾ ਤੇ ਉਨ੍ਹਾਂ ਨੂੰ ਰਚਨਾਤਮਕ ਗਤੀਵਿਧੀਆਂ ਨਾਲ ਜੋੜਨਾ ਹੈ।ਨਵੀਂ ਲਾਇਬ੍ਰੇਰੀ ਕੈਦੀਆਂ ਨੂੰ ਸਿੱਖਿਆ ਤੇ ਜਾਣਕਾਰੀ ਪ੍ਰਾਪਤ ਕਰਨ ਦੇ ਵਧੀਆ ਮੌਕੇ ਪ੍ਰਦਾਨ ਕਰੇਗੀ, ਜਿਸ ਨਾਲ ਉਹ ਆਪਣੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਲਿਆ ਸਕਣਗੇ।ਜੇਲ੍ਹ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਜੇਲ੍ਹਾਂ ਨੂੰ ਸੁਧਾਰ ਤੇ ਪੁਨਰਵਾਸ ਦੇ ਕੇਂਦਰਾਂ ਵਿੱਚ ਤਬਦੀਲ ਕਰਨ ਲਈ ਵਚਨਬੱਧ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੇਲ੍ਹਾਂ ਨੂੰ ਨਸ਼ਾ-ਮੁਕਤ ਬਣਾਉਣਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ ਤੇ ਇਸ ਦਿਸ਼ਾ ਵਿੱਚ ਜੇਲ੍ਹ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਉਨ੍ਹਾਂ ਸ਼ਲਾਘਾ ਕੀਤੀ।ਆਪਣੇ ਦੌਰੇ ਦੌਰਾਨ ਮੰਤਰੀ ਨੇ ਜੇਲ੍ਹ ਹਸਪਤਾਲ, ਬੈਰਕਾਂ ਤੇ ਆਮ ਆਦਮੀ ਕਲੀਨਿਕ ਸਮੇਤ ਵੱਖ-ਵੱਖ ਇਕਾਈਆਂ ਦੀ ਜਾਂਚ ਕੀਤੀ ਤੇ ਕੈਦੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ।ਇਸ ਮੌਕੇ ਜੇਲ੍ਹ ਵਿਭਾਗ ਦੇ ਸਕੱਤਰ ਮੁਹੰਮਦ ਤਈਅਬ, ਜੇਲ੍ਹ ਸੁਪਰਡੈਂਟ ਗੁਰਚਰਨ ਸਿੰਘ ਧਾਲੀਵਾਲ, ਜੇਲ੍ਹ ਸੁਪਰਡੈਂਟ ਗੁਰਚਰਨ ਸਿੰਘ ਧਾਲੀਵਾਲ, ਐਡੀਸ਼ਨਲ ਸੁਪਰਡੈਂਟ ਜੈਦੀਪ ਸਿੰਘ, ਐਡੀਸ਼ਨਲ ਸੁਪਰਡੈਂਟ ਅਰਪਣਜੋਤ ਸਿੰਘ, ਡਿਪਟੀ ਸੁਪਰਡੈਂਟ ਸਿਕਿਉਰਿਟੀ ਆਦਰਸ਼ਪਾਲ ਸਿੰਘ ਹਾਜ਼ਰ ਸਨ।

## ਅਮਰਜੀਤ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਸਰਕਲ ਪ੍ਰਧਾਨ ਨਿਯੁਕਤ



**ਭਵਾਨੀਗੜ੍ਹ (ਰਾਜ ਖੁਰਮੀ)**-ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਪਾਰਟੀ ਸਰਗਰਮੀਆਂ ਨੂੰ ਹੋਰ ਤੇਜ਼ ਕਰਨ ਦੇ ਮਕਸਦ ਨਾਲ ਵੱਖ-ਵੱਖ ਸਰਕਲਾਂ ਤੇ ਬਲਾਕਾਂ ਵਿੱਚ ਨਵੀਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ।ਇਸੇ ਤਹਿਤ ਪਾਰਟੀ ਦੇ ਸੀਨੀਅਰ ਤੇ ਟਕਸਾਲੀ ਆਗੂ ਅਮਰਜੀਤ ਸਿੰਘ ਜੀਤ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਨੂੰ ਸਰਕਲ ਮੰਗਵਾਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਇਹ ਨਿਯੁਕਤੀ ਪਾਰਟੀ ਦੇ ਸੀਨੀਅਰ ਆਗੂ ਅਰਵਿੰਦ ਖੰਨਾ ਦੀ ਪੁਰਜ਼ੋਰ ਸਿਫਾਰਿਸ਼ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਤਜਿੰਦਰ ਸਿੰਘ ਸੰਘਰੇੜੀ ਵੱਲੋਂ ਕੀਤੀ ਗਈ।ਇਸ ਸੰਬੰਧੀ ਅਮਰਜੀਤ ਸਿੰਘ ਜੀਤ ਵਾਸੀ ਮੰਗਵਾਲ ਨੂੰ ਅਧਿਕਾਰਤ ਨਿਯੁਕਤੀ ਪੱਤਰ ਵੀ ਜਾਰੀ ਕੀਤਾ ਗਿਆ।ਇਸ ਮੌਕੇ ਅਰਵਿੰਦ ਖੰਨਾ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਅਮਰਜੀਤ ਸਿੰਘ ਜੀਤ ਦਾ ਪਰਵਾਰ ਇੱਕ ਟਕਸਾਲੀ ਅਕਾਲੀ ਪਰਵਾਰ ਹੈ, ਜੋ ਹਮੇਸ਼ਾ ਪਾਰਟੀ ਦੇ ਨਾਲ ਮਜ਼ਬੂਤੀ ਨਾਲ ਖੜ੍ਹਿਆ ਹੈ।ਪਾਰਟੀ ਨੂੰ ਭਰੋਸਾ ਹੈ ਕਿ ਅਮਰਜੀਤ ਸਿੰਘ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਵੀ ਪੂਰੀ ਤਨਦੇਹੀ ਨਾਲ ਨਿਭਾਉਣਗੇ। ਆਪਣੀ ਨਿਯੁਕਤੀ 'ਤੇ ਅਮਰਜੀਤ ਸਿੰਘ ਜੀਤ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਅਰਵਿੰਦ ਖੰਨਾ, ਤਜਿੰਦਰ ਸਿੰਘ ਸੰਘਰੇੜੀ ਤੇ ਸਮੂਹ ਹਾਈਕਮਾਂਡ ਦਾ ਧੰਨਵਾਦ ਕੀਤਾ।

## ਗੁਰੂ ਨਾਨਕ ਕਾਲਜ ਦੇ ਪ੍ਰਿੰਸੀਪਲ ਤੇ ਵਿਦਿਆਰਥਣ ਦਾ ਸਨਮਾਨ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਤੇ ਕਾਲਜ ਦੀ ਵਿਦਿਆਰਥਣ ਨਵਨੀਤ ਕੌਰ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਯੂਥ ਵੈੱਲਫੇਅਰ ਵਿਭਾਗ ਵੱਲੋਂ ਸਾਲਾਨਾ ਸਮਾਰੋਹ ਦੌਰਾਨ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਕਾਲਜ ਦੇ ਮੌਜੂਦਾ ਸ਼ੈਸ਼ਨ ਦੌਰਾਨ ਵਿਭਾਗ ਵੱਲੋਂ ਕਰਵਾਏ ਗਏ 'ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ' ਵਿੱਚ 'ਐਡਮਿਨਿਸਟ੍ਰੇਟਿਵ ਅਫਸਰ' ਵਜੋਂ ਉਨ੍ਹਾਂ ਦੀ ਸ਼ਾਨਦਾਰ ਭੂਮਿਕਾ ਲਈ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੂੰ ਯੂਥ ਵੈੱਲਫੇਅਰ ਵਿਭਾਗ ਵੱਲੋਂ ਪ੍ਰਕਾਸ਼ਤ ਸਾਲਾਨਾ ਮੈਗਜ਼ੀਨ 'ਜਵਾਂ ਤਰੰਗ' ਦੇ ਹਿੰਦੀ ਭਾਗ ਦੀ ਸੰਪਾਦਕ ਵਜੋਂ ਵੀ ਚੁਣਿਆ ਗਿਆ ਹੈ।ਕਾਲਜ ਦੀ ਵਿਦਿਆਰਥਣ ਨਵਨੀਤ ਕੌਰ, ਜੋ ਕੈਂਪ ਦੀ ਬੈਸਟ ਰਨਰਅੱਪ ਰਹੀ, ਨੂੰ ਵੀ ਇਸ ਮੌਕੇ ਸਨਮਾਨਤ ਕੀਤਾ ਗਿਆ।ਉਸ ਨੇ ਕਈ ਗਤੀਵਿਧੀਆਂ ਵਿੱਚ ਬਹੁਤ ਉਤਸ਼ਾਹ ਤੇ ਸਮਰਪਣ ਨਾਲ ਭਾਗ ਲਿਆ।ਗੁਰੂ ਨਾਨਕ ਮੈਨੇਜਿੰਗ ਬੋਰਡ ਦੇ ਪ੍ਰਧਾਨ ਹਰਪ੍ਰਤਾਪ ਬਰਾੜ, ਐਗਜ਼ੀਕਿਊਟਿਵ ਕਮੇਟੀ ਮੈਂਬਰ ਰੁਪਿੰਦਰ ਬਰਾੜ ਤੇ ਹੋਰ ਮੈਂਬਰਾਂ ਨੇ ਡਾ. ਸਰਵਜੀਤ ਬਰਾੜ ਤੇ ਨਵਨੀਤ ਕੌਰ ਨੂੰ ਵਧਾਈ ਦਿੱਤੀ।

## ਜੀ ਐੱਨ ਐੱਫ ਪੀ ਐੱਸ ਵਿਖੇ ਧਰਤੀ ਦਿਵਸ ਮਨਾਇਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜੀ ਐੱਨ ਐੱਫ ਪੀ ਐੱਸ ਦੇ ਕਿੰਡਰਗਾਰਟਨ ਵਿੰਗ ਵੱਲੋਂ ਪ੍ਰਿੰਸੀਪਲ ਸੁਸ਼੍ਰੀ ਜਸਜੀਤ ਸੋਹੀ ਦੀ ਹਾਜ਼ਰੀ ਵਿੱਚ ਧਰਤੀ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ।ਵਿਦਿਆਰਥੀਆਂ ਨੇ ਵਾਤਾਵਰਣ ਜਾਗਰੂਕਤਾ 'ਤੇ ਆਧਾਰਤ ਨਾਟਕ, ਕਵਿਤਾਵਾਂ ਤੇ ਨਾਚ ਪੇਸ਼ ਕੀਤੇ ਅਤੇ ਹਰੀ ਧਰਤੀ ਨੂੰ ਉਤਸ਼ਾਹਤ ਕਰਨ ਵਾਲੀਆਂ ਸ਼ਿਲਪ ਗਤੀਵਿਧੀਆਂ ਵਿੱਚ ਭਾਗ ਲਿਆ।ਪ੍ਰਿੰਸੀਪਲ ਨਾਲ ਹੋਏ ਸੰਵਾਦ ਸੈਸ਼ਨ ਨੇ ਵਿਦਿਆਰਥੀਆਂ ਨੂੰ ਵਾਤਾਵਰਣ-ਪੱਖੀ ਆਦਤਾਂ ਅਪਣਾਉਣ ਲਈ ਪ੍ਰੇਰਿਤ ਕੀਤਾ।ਇਸ ਸਮਾਗਮ ਨੇ 'ਧਰਤੀ ਬਚਾਓ, ਭਵਿੱਖ ਬਚਾਓ' ਦੇ ਸੰਦੇਸ਼ ਨੂੰ ਮਜ਼ਬੂਤ ਕੀਤਾ।

## ਹੋਲੀ ਹਾਰਟ ਸਕੂਲ ਦੇ ਵਿਦਿਆਰਥੀ ਸਨਮਾਨਤ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਦੀ ਸ਼ਾਨਦਾਰ ਪ੍ਰਦਰਸ਼ਨ ਨੂੰ ਸਨਮਾਨਤ ਕਰਨ ਲਈ ਇਕ ਵਿਸ਼ੇਸ਼ ਸਮਾਰੋਹ ਕੀਤਾ ਗਿਆ।ਇਸ ਮੌਕੇ ਉਹ ਵਿਦਿਆਰਥੀ ਜਸਕੀਰਤ ਕੌਰ, ਅਵਨੀਤ ਕੌਰ ਪਹਿਲਾ, ਪਰਮਪ੍ਰੀਤ ਕੌਰ ਦੂਜਾ ਤੇ ਹਿਮਾਂਸ਼ੂ ਚੌਧਰੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਉਨ੍ਹਾਂ ਬੱਚਿਆਂ ਦੇ ਮਾਤਾ-ਪਿਤਾ ਨੂੰ ਬੁਲਾ ਕੇ ਉਨ੍ਹਾਂ ਨੂੰ ਟ੍ਰਾਫੀਆਂ, ਸਰਟੀਫਿਕੇਟ ਤੇ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਇਸ ਦੇ ਨਾਲ ਹੀ ਉਹ ਵਿਦਿਆਰਥੀ, ਜਿਨ੍ਹਾਂ 75 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ ਸਨ, ਉਨ੍ਹਾਂ ਨੂੰ ਵੀ ਐਪਰੀਸੀਏਸ਼ਨ ਐਵਾਰਡ ਦੇ ਕੇ ਉਤਸ਼ਾਹਤ ਕੀਤਾ ਗਿਆ।ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਨੇ ਕਿਹਾ ਕਿ ਦਸਵੀਂ ਕਲਾਸ ਦੇ ਬੱਚਿਆਂ ਦੀ ਇਹ ਕਾਮਯਾਬੀ ਉਨ੍ਹਾਂ ਦੀ ਲਗਨ ਤੇ ਮਿਹਨਤ ਦਾ ਨਤੀਜਾ ਹੈ।ਸਮਾਰੋਹ ਦੌਰਾਨ ਸਨਮਾਨਤ ਵਿਦਿਆਰਥੀਆਂ ਦੇ ਚਿਹਰਿਆਂ 'ਤੇ ਖੁਸ਼ੀ ਤੇ ਗਰਵ ਦੇ ਹਾਵ-ਭਾਵ ਸਪੱਸ਼ਟ ਤੌਰ 'ਤੇ ਵੇਖਣ ਨੂੰ ਮਿਲੇ।ਅੰਤ ਵਿੱਚ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ ਤੇ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ।

## ਮਜ਼ਦੂਰ ਦਿਵਸ ਮਨਾਉਣ ਸੰਬੰਧੀ ਮੀਟਿੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਵੱਖ ਵੱਖ ਜਥੇਬੰਦੀਆਂ ਵੱਲੋਂ ਇਲਾਕਾ ਰਾਮਪੁਰਾ ਵਿਖੇ ਰਾਜ ਮਜ਼ਦੂਰਾਂ ਪੱਲੇਦਾਰਾਂ ਭੱਠਾ ਮਜ਼ਦੂਰਾਂ ਤੇ ਹੋਰ ਜਥੇਬੰਦੀਆਂ ਨਾਲ 1 ਮਈ ਨੂੰ ਮਜ਼ਦੂਰ ਦਿਵਸ ਮਨਾਉਣ ਸੰਬੰਧੀ ਮੀਟਿੰਗਾਂ ਕੀਤੀਆਂ ਗਈਆਂ ਤੇ ਦੱਸਿਆ ਗਿਆ ਕਿ ਇਸ ਵਾਰ ਮਈ ਦਿਵਸ ਜੱਸਾ ਮੱਸਾ ਧਰਮ ਸਾਲਾ ਵਿਖੇ ਨੇੜੇ ਵੱਡਾ ਗੁਰਦਵਾਰਾ ਸਾਹਿਬ ਪਿੰਡ ਰਾਮਪੁਰਾ ਵਿਖੇ ਸਵੇਰੇ 10 ਵਜੇ ਮਨਾਇਆ ਜਾ ਰਿਹਾ ਹੈ। ਮੀਟਿੰਗਾਂ ਵਿੱਚ ਦੱਸਿਆ ਗਿਆ ਕਿ ਮਜ਼ਦੂਰਾਂ ਨੇ ਜੋ ਹੱਕ 1 ਮਈ 1886 ਨੂੰ ਸ਼ਹੀਦੀਆਂ ਪਾ ਕੇ ਪ੍ਰਾਪਤ ਕੀਤੇ ਸਨ, ਉਹ ਹੱਕ ਮੌਕੇ ਦੀਆਂ ਹਕੂਮਤਾਂ ਵੱਲੋਂ ਖੋਹੇ ਖਾ ਰਹੇ ਹਨ ਤੇ ਮਜ਼ਦੂਰ ਵਿਰਧੀ ਤੇ ਸਰਮਾਏਦਾਰ ਪੱਖੀ ਕਾਨੂੰਨ ਬਣਾਏ ਜਾ ਰਹੇ ਹਨ ਲਾਗੂ ਕੀਤੇ ਜਾ ਰਹੇ ਹਨ। ਉਨ੍ਹਾ ਆਪਣੇ ਹੱਕਾਂ ਦੀ ਰਾਖੀ ਲਈ ਇਕੱਠੇ ਹੋ ਕੇ ਸੰਘਰਸ਼ ਕਰਨ ਦਾ ਸੱਦਾ ਦਿੱਤਾ।ਇਸ ਮੌਕੇ ਜਗਜੀਤ ਸਿੰਘ ਲਹਿਰਾ, ਹਰਮੇਸ਼ ਕੁਮਾਰ ਰਾਮਪੁਰਾ, ਜਗਦੀਸ਼ ਸਿੰਘ ਰਾਮਪੁਰਾ, ਜ਼ੋਰਾ ਸਿੰਘ ਫੂਲ, ਭੋਲਾ ਸਿੰਘ ਤੇ ਬੇਅੰਤ ਸਿੰਘ ਫੂਲੇਵਾਲਾ ਹਾਜ਼ਰ ਰਹੇ।

## ਸੈਂਟੀਨਲ ਸਕੂਲ 'ਚ 'ਮਲੇਰੀਆ ਡੇ' 'ਤੇ ਕੁਇੱਜ਼ ਮੁਕਾਬਲੇ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਸੈਂਟੀਨਲ ਇੰਟਰਨੈਸ਼ਨਲ ਸਕੂਲ ਵਿਖੇ ਵਿਦਿਆਰਥੀਆਂ ਦੇ ਇੰਟਰ ਹਾਊਸ ਕੁਇੱਜ਼ ਮੁਕਾਬਲੇ ਕਰਵਾਏ ਗਏ। ਇਸ ਕੁਇੱਜ਼ ਮੁਕਾਬਲੇ ਵਿੱਚ ਵਿਦਿਆਰਥੀਆਂ ਵੱਲੋਂ ਪੁੱਛੇ ਗਏ ਪ੍ਰਸ਼ਨਾਂ ਦੇ ਬੜੀ ਹੀ ਤੀਬਰ ਬੁੱਧੀ ਨਾਲ ਉੱਤਰ ਦਿੱਤੇ ਗਏ।ਬੱਚਿਆਂ ਦੀ ਅਗਵਾਈ ਕਰਦਿਆਂ ਪ੍ਰਿੰਸੀਪਲ ਮੈਡਮ ਡਾ. ਪੂਨਮ ਸ਼ਰਮਾ ਨੇ ਕਿਹਾ ਕਿ ਇਹ ਮੁਕਾਬਲੇ ਵਿਦਿਆਰਥੀਆਂ ਦੇ ਗਿਆਨ ਨੂੰ ਵਧਾਉਣ ਤੇ ਉਨ੍ਹਾਂ ਦੀ ਹਰੇਕ ਵਿਸ਼ਿਆਂ ਪ੍ਰਤੀ ਸਮਝ ਵਿਕਸਿਤ ਕਰਨ ਵਿੱਚ ਮਦਦ ਕਰਦੇ ਹਨ ਤੇ ਉਨ੍ਹਾਂ ਦੇ ਮੌਖਿਕ ਪ੍ਰੀਖਣ ਵਿੱਚ ਸੁਧਾਰ ਕਰਦੇ ਹਨ ਤੇ ਬੱਚਿਆਂ ਦੇ ਆਤਮ ਵਿਸ਼ਵਾਸ ਵਿੱਚ ਵਾਧਾ ਕਰਦੇ ਹਨ।ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲੇ ਫੈਲ ਰਹੀਆਂ ਬਿਮਾਰੀਆਂ ਨਾਲ ਲੜਨ ਸਬੰਧੀ ਜਾਗਰੂਕਤਾ ਨੂੰ ਵੀ ਵਧਾਉਂਦੇ ਹਨ।ਅਜਿਹੀ ਪਹਿਲ ਕਦਮੀ ਦੀ ਹਰ ਇੱਕ ਵੱਲੋਂ ਸ਼ਲਾਘਾ ਕੀਤੀ ਗਈ।ਵਿਦਿਆਰਥੀਆਂ ਨੇ ਕਿਹਾ ਕਿ ਸਾਨੂੰ ਅਜਿਹੇ ਕੁਇੱਜ਼ ਮੁਕਾਬਲੇ ਵੱਖਰੇ ਤਰੀਕੇ ਨਾਲ ਸੋਚਣ ਵੱਲ ਪ੍ਰੇਰਿਤ ਕਰਦੇ ਹਨ ਤੇ ਹਰੇਕ ਵਿਸ਼ੇ ਵਿੱਚ ਪਕੜ ਨੂੰ ਮਜ਼ਬੂਤ ਕਰਦੇ ਹਨ।ਮਾਪਿਆਂ ਵੱਲੋਂ ਵੀ ਇਸ ਪਹਿਲ ਕਦਮੀ ਦੀ ਜ਼ੋਰਦਾਰ ਸ਼ਲਾਘਾ ਕੀਤੀ ਗਈ।

## ਡੇਂਗੂ, ਮਲੇਰੀਆ ਤੇ ਹੀਟ ਵੇਵ ਸੰਬੰਧੀ ਜ਼ਿਲ੍ਹਾ ਟਾਸਕ ਫੋਰਸ ਦੀ ਮੀਟਿੰਗ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੀ ਪ੍ਰਧਾਨਗੀ ਵਿੱਚ ਡਿਪਟੀ ਕਮਿਸ਼ਨਰ ਦਫ਼ਤਰ ਫਾਜ਼ਿਲਕਾ ਵਿਖੇ ਡੇਂਗੂ, ਮਲੇਰੀਆ ਤੇ ਹੀਟ ਵੇਵ ਸੰਬੰਧੀ ਜ਼ਿਲ੍ਹਾ ਟਾਸਕ ਫੋਰਸ ਦੀ ਇੱਕ ਅਹਿਮ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਡੇਂਗੂ, ਮਲੇਰੀਆ ਵਰਗੀਆਂ ਮੱਛਰ-ਜਨਿਤ ਬਿਮਾਰੀਆਂ ਦੇ ਫੈਲਾਅ ਨੂੰ ਰੋਕਣ ਤੇ ਹੀਟ ਵੇਵ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ।ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਘਰਾਂ ਦੇ ਆਲੇ-ਦੁਆਲੇ ਪਾਣੀ ਇਕੱਠਾ ਨਾ ਹੋਣ ਦੇਣ, ਪਾਣੀ ਵਾਲੇ ਬਰਤਨਾਂ ਨੂੰ ਢੱਕ ਕੇ ਰੱਖਣ ਤੇ ਹਰ ਹਫ਼ਤੇ ਸਫਾਈ ਕਰਨਾ ਯਕੀਨੀ ਬਣਾਉਣ।ਬੁਖਾਰ ਆਉਣ ਦੀ ਸਥਿਤੀ ਵਿੱਚ ਤੁਰੰਤ ਸਰਕਾਰੀ ਹਸਪਤਾਲ ਵਿੱਚ ਮੁਫ਼ਤ ਟੈਸਟ ਤੇ ਇਲਾਜ ਕਰਵਾਉਣ ਲਈ ਵੀ ਕਿਹਾ ਗਿਆ ਤੇ ਗਰਮੀ ਦੇ ਦੌਰਾਨ ਦੁਪਹਿਰ ਦੇ ਸਮੇਂ ਘਰੋਂ ਬਾਹਰ ਨਾ ਨਿਕਲਣ, ਹਲਕੇ ਤੇ ਢਿੱਲੇ ਕੱਪੜੇ ਪਹਿਨਣ, ਵੱਧ ਤੋਂ ਵੱਧ ਪਾਣੀ ਪੀਣ ਤੇ ਜੇਕਰ ਕਿਸੇ ਨੂੰ ਚੱਕਰ ਆਉਣ, ਬੁਖਾਰ ਜਾਂ ਹੋਰ ਲੱਛਣ ਮਹਿਸੂਸ ਹੋਣ ਤਾਂ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਨਾਲ ਸੰਪਰਕ ਕੀਤਾ ਜਾਵੇ।ਇਸ ਮੀਟਿੰਗ ਮੌਕੇ ਸਿਵਲ ਸਰਜਨ ਡਾਕਟਰ ਕਵਿਤਾ ਸਿੰਘ, ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਰਿੰਕੂ ਚਾਵਲਾ, ਡਾਕਟਰ ਨੀਲੂ ਚੁੱਘ, ਜ਼ਿਲ੍ਹਾ ਮਹਾਮਾਰੀ ਅਫਸਰ ਡਾਕਟਰ ਸੁਨੀਤਾ ਕੰਬੋਜ, ਐੱਸ ਐੱਮ ਓ ਡਾਕਟਰ ਉਪਿੰਦਰ ਸਿੰਘ, ਡਾਕਟਰ ਸੁਰੇਸ਼ ਕੰਬੋਜ, ਡਾਕਟਰ ਪੰਕਜ ਚੌਹਾਨ, ਨਗਰ ਕੌਂਸਲ ਤੋਂ ਈ ਓ ਰਜਨੀਸ਼ ਕੁਮਾਰ, ਸੈਂਟਰੋ ਇੰਸਪੈਕਟਰ ਨਰੇਸ਼ ਖੇੜਾ, ਮਾਸ ਮੀਡੀਆ ਬ੍ਰਾਂਚ ਤੋਂ ਦਿਵੇਸ਼ ਕੁਮਾਰ, ਸੁਖਦੇਵ ਸਿੰਘ, ਵਿੱਕੀ ਕੁਮਾਰ, ਰਾਵਿੰਦਰ ਕੁਮਾਰ ਤੇ ਹੋਰ ਵਿਭਾਗਾਂ ਦੇ ਨੁਮਾਇੰਦੇ ਹਜ਼ਰ ਸਨ।

## ਸਰਕਾਰ ਆਵਾਜਾਈ 'ਚ ਸੁਧਾਰ ਲਈ ਵਚਨਬੱਧ : ਹਰਪਾਲ ਜੁਨੇਜਾ



**ਮਾਲੇਰਕੋਟਲਾ (ਅਗਸਰ ਪਰਿਹਾਰ)**

ਜ਼ਿਲ੍ਹਾ ਮੀਡੀਆ ਕੁਆਡੀਨੇਟਰ ਹਰਪ੍ਰੀਤ ਸਿੰਘ ਰੂਪਰਾਏ ਤੇ ਕੁਆਰਡੀਨੇਟਰ ਵਿਧਾਨ ਸਭਾ ਹਲਕਾ ਮਾਲੇਰਕੋਟਲਾ ਸਾਹਿਦ ਜ਼ੂਬੈਰੀ ਵੱਲੋਂ ਪੰਜਾਬ ਰੋਡਵੇਜ਼ ਟ੍ਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਦੇ ਬੇੜੇ ਵਿੱਚ ਨਵੀਆਂ ਬੱਸਾਂ ਦੇ ਸ਼ਾਮਲ ਹੋਣ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਨੂੰ ਵਧਾਈ ਦਿੱਤੀ ਗਈ।ਉਨ੍ਹਾਂ ਕਿਹਾ ਕਿ ਇਹ ਕਦਮ ਸੂਬੇ ਦੇ ਲੋਕਾਂ ਨੂੰ ਸੁਵਿਧਾਜਨਕ ਤੇ ਬਿਹਤਰ ਆਵਾਜਾਈ ਸੇਵਾਵਾਂ ਪ੍ਰਦਾਨ ਕਰਨ ਵੱਲ ਇਕ ਮਹੱਤਵਪੂਰਨ ਉਪਰਾਲਾ ਹੈ।ਇਸ ਮੌਕੇ ਉਨ੍ਹਾਂ ਦੇ ਨਾਲ ਸ਼ਮਸ਼ਾਦ ਝੱਕ, ਜਗਜੀਤ ਸਿੰਘ, ਖਾਲਿਦ, ਪਿਆਰਾ ਸਿੰਘ, ਰਮਨ ਚੱਢਾ, ਵਰਿੰਦਰ ਸਿੰਘ, ਵਿਸ਼ਾਲ ਟਾਂਕ, ਅਕਰਮ ਬੱਗਾ, ਮੁਹੰਮਦ ਸ਼ਰੀਫ ਤੇ ਆਸਿਫ ਰਤਨ ਤੋਂ ਇਲਾਵਾ ਪਾਰਟੀ ਵਲੰਟੀਅਰ ਮੌਜੂਦ ਸਨ। ਉਨ੍ਹਾਂ ਕਿਹਾ ਕਿ ਆਮ ਲੋਕਾਂ, ਡੇਲੀ ਪੈਸੈਂਜਰਾਂ ਤੇ ਸਰਕਾਰੀ ਮੁਲਾਜ਼ਮਾਂ ਵੱਲੋਂ ਲੰਬੇ ਸਮੇਂ ਤੋਂ ਬੱਸਾਂ ਦੀ ਘਾਟ ਤੇ ਰੂਟਾਂ ਵਿੱਚ ਵਾਧੇ ਦੀ ਮੰਗ ਕੀਤੀ ਜਾ ਰਹੀ ਸੀ, ਜਿਸ ਨੂੰ ਹੁਣ ਸਰਕਾਰ ਵੱਲੋਂ ਪੂਰਾ ਕੀਤਾ ਗਿਆ ਹੈ।ਇਸ ਮੌਕੇ ਉਨ੍ਹਾਂ ਪੀ.ਆਰ.ਟੀ.ਸੀ. ਦੇ ਚੇਅਰਮੈਨ ਹਰਪਾਲ ਜੁਨੇਜਾ ਦਾ ਟੈਲੀਫੋਨਿਕ ਮਾਧਿਆਮ ਨਾਲ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਦੇ ਯਤਨਾਂ ਨਾਲ ਇਹ ਸੁਵਿਧਾ ਸੰਭਵ ਹੋਈ ਹੈ।ਚੇਅਰਮੈਨ ਹਰਪਾਲ ਜੁਨੇਜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀਆਂ ਆਵਾਜਾਈ ਸਬੰਧੀ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੋਰ ਵੀ ਸੁਧਾਰ ਕਰਨ ਲਈ ਵਚਨਬੱਧ ਹੈ।ਪੀ.ਆਰ.ਟੀ.ਸੀ. ਦੀ ਤਰੱਕੀ ਤੇ ਬਿਹਤਰੀ ਅਤੇ ਆਮ ਜਨਤਾ ਨੂੰ ਵਧੀਆ ਸਫ਼ਰ ਸਹੂਲਤ ਮੁਹੱਈਆ ਕਰਵਾਉਣ ਲਈ ਨਵੀਆਂ ਬੱਸਾਂ ਨੂੰ ਬੰਦ ਪਏ ਰੂਟਾਂ 'ਤੇ ਚਲਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਮੀਡੀਆ ਕੁਆਡੀਨੇਟਰ ਹਰਪ੍ਰੀਤ ਸਿੰਘ ਰੂਪਰਾਏ ਤੇ ਕੁਆਡੀਨੇਟਰ ਵਿਧਾਨ ਸਭਾ ਹਲਕਾ ਮਾਲੇਰਕੋਟਲਾ ਸਾਹਿਦ ਜ਼ੂਬੈਰੀ ਨੇ ਮਾਲੇਰਕੋਟਲਾ-ਪਟਿਆਲਾ-ਚੰਡੀਗੜ੍ਹ, ਮਾਲੇਰਕੋਟਲਾ-ਸੰਗਰੂਰ ਰੂਟ 'ਤੇ ਏ. ਸੀ. ਬੱਸਾਂ ਚਲਾਉਣ ਦੀ ਵੀ ਮੰਗ ਕੀਤੀ, ਤਾਂ ਜੋ ਯਾਤਰੀਆਂ ਨੂੰ ਹੋਰ ਸੁਖਦ ਤੇ ਆਰਾਮਦਾਇਕ ਯਾਤਰਾ ਦਾ ਲਾਭ ਮਿਲ ਸਕੇ।ਉਨ੍ਹਾਂ ਮਾਲੇਰਕੋਟਲਾ-ਪਟਿਆਲਾ-ਅੰਬਾਲਾ-ਦਿੱਲੀ ਤੱਕ ਰਾਤ ਨੂੰ ਚੱਲਣ ਵਾਲੀ ਏ. ਸੀ. ਬੱਸ ਸੁਵਿਧਾ ਦੀ ਤਰ੍ਹਾਂ ਸਵੇਰੇ ਤਵਕ ਸਾਰ ਇੱਕ ਹੋਰ ਬੱਸ ਸਰਵਿਸ ਸ਼ੁਰੂ ਕਰਨ ਦੀ ਵੀ ਮੰਗੀ ਕੀਤੀ।

## ਦੇਸ਼ ਭਗਤ ਗਲੋਬਲ ਸਕੂਲ ਵਿਖੇ ਧਰਤੀ ਦਿਵਸ ਮਨਾਇਆ

### ਹਰਿਆਲੀ ਵਧਾਓ, ਧਰਤੀ ਨੂੰ ਬਚਾਓ : ਪ੍ਰਿੰ. ਜਿੰਦਲ



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ, ਸ਼ਮਿੰਦਰ ਪਾਲ, ਪੂਜਾ)**-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਧਰਤੀ ਦਿਵਸ ਬੜੇ ਹੀ ਜੋਸ਼ ਤੇ ਸਮਰਪਣ ਨਾਲ ਮਨਾਇਆ ਗਿਆ।

ਇਸ ਮੌਕੇ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਦੱਸਿਆ ਕਿ ਸਮਾਗਮ ਦੀ ਸ਼ੁਰੂਆਤ ਵਿਸ਼ੇਸ਼ ਅਸੈਂਬਲੀ ਨਾਲ ਹੋਈ, ਜਿਸ ਵਿੱਚ ਵਿਦਿਆਰਥੀਆਂ ਨੇ ਧਰਤੀ ਦਿਵਸ ਦੀ ਮਹੱਤਤਾ ਤੇ ਵਾਤਾਵਰਣ ਸੰਭਾਲ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ।ਇਸ ਦੌਰਾਨ ਸਾਰੇ ਵਿਦਿਆਰਥੀਆਂ ਤੇ ਸਟਾਫ ਨੇ ਮਿਲ ਕੇ ਵਾਤਾਵਰਣ ਦੀ ਰੱਖਿਆ ਲਈ ਸਹੁੰ ਚੁੱਕੀ ਤੇ ਧਰਤੀ ਨੂੰ ਹਰਾ-ਭਰਾ ਬਣਾਉਣ ਦਾ ਵਚਨ ਦਿੱਤਾ।ਇਸ ਮੌਕੇ ਵਿਦਿਆਰਥੀਆਂ ਵੱਲੋਂ ਧਰਤੀ ਦਿਵਸ 'ਤੇ ਅਧਾਰਤ ਇੱਕ ਪ੍ਰੇਰਨਾਦਾਇਕ ਨਾਟਕ ਵੀ ਪੇਸ਼ ਕੀਤਾ ਗਿਆ, ਜਿਸ ਰਾਹੀਂ ਲੋਕਾਂ ਨੂੰ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਦਾ ਸੰਦੇਸ਼ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਕਲਾਸ ਪਹਿਲੀ ਤੋਂ 5ਵੀਂ ਤੱਕ ਦੇ ਵਿਦਿਆਰਥੀਆਂ ਲਈ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਰੰਗਾਂ ਦੇ ਜ਼ਰੀਏ ਧਰਤੀ ਪ੍ਰੇਮ ਤੇ ਸੁਰੱਖਿਆ ਦੇ ਸੁਨੇਹੇ ਬੜੇ ਹੀ ਸੁੰਦਰ ਢੰਗ ਨਾਲ ਦਰਸਾਏ।

ਇਸ ਦੇ ਨਾਲ ਹੀ ਕਲਾਸ 6ਵੀਂ ਤੋਂ 10ਵੀਂ ਦੇ ਵਿਦਿਆਰਥੀਆਂ ਲਈ ਬੈਸਟ ਆਊਟ ਆਫ ਵੇਸਟ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਬੇਕਾਰ ਸਮੱਗਰੀ ਤੋਂ ਨਵੀਂ ਤੇ ਲਾਭਦਾਇਕ ਚੀਜ਼ਾਂ ਤਿਆਰ ਕਰਕੇ ਆਪਣੀ ਰਚਨਾਤਮਕ ਯੋਗਤਾ ਦਾ ਪ੍ਰਦਰਸ਼ਨ ਕੀਤਾ।ਵਾਈਸ ਪ੍ਰਿੰਸੀਪਲ ਡਾ. ਪਰਮਪ੍ਰੀਤ ਕੌਰ ਨੇ ਵੀ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਰੋਜ਼ਾਨਾ ਜੀਵਨ ਵਿੱਚ ਵਾਤਾਵਰਣ ਪ੍ਰਤੀ ਸੰਵੇਦਨਸ਼ੀਲ ਬਣਨ।ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ. ਚਾਂਸਲਰ ਡਾ. ਤੇਜਿੰਦਰ ਕੌਰ ਨੇ ਇਸ ਉਪਰਾਲੇ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਵਿਦਿਆਰਥੀਆਂ ਵਿੱਚ ਜ਼ਿੰਮੇਵਾਰ ਨਾਗਰਿਕ ਬਣਨ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ।ਇਹ ਸਮਾਗਮ ਵਿਦਿਆਰਥੀਆਂ ਲਈ ਪ੍ਰੇਰਨਾਦਾਇਕ ਤੇ ਯਾਦਗਾਰ ਸਾਬਿਤ ਹੋਇਆ, ਜਿਸ ਨੇ ਉਨ੍ਹਾਂ ਨੂੰ ਧਰਤੀ ਦੀ ਸੰਭਾਲ ਲਈ ਅੱਗੇ ਆਉਣ ਦਾ ਸੰਦੇਸ਼ ਦਿੱਤਾ।

## ਸੂਫ਼ੀ ਸ਼ਾਇਰ ਅਲਮਸਤ ਦੇਸਰਪੁਰੀ ਦੀ ਚੌਥੀ ਸਾਲਾਨਾ ਬਰਸੀ 29 ਨੂੰ



**ਜਲੰਧਰ :** ਪੰਜਾਬੀ ਗੀਤਕਾਰੀ 'ਚ ਨਾਮਣਾ ਖੱਟਣ ਵਾਲੇ ਸੂਫ਼ੀ ਸ਼ਾਇਰ ਉਸਤਾਦ ਅਲਮਸਤ ਦੇਸਰਪੁਰੀ ਦੀ ਚੌਥੀ ਬਰਸੀ 29 ਅਪ੍ਰੈਲ ਦਿਨ ਬੁੱਧਵਾਰ ਨੂੰ ਉਨ੍ਹਾ ਦੇ ਜੱਦੀ ਪਿੰਡ ਦੇਸਰਪੁਰ (ਜਲੰਧਰ) ਵਿਖੇ ਮਨਾਈ ਜਾ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਅਲਮਸਤ ਹੁਰਾਂ ਦੇ ਸਪੁੱਤਰ ਸਾਗਰ ਦੇਸਰਪੁਰੀ ਨੇ ਦੱਸਿਆ ਕਿ ਜੰਗਬੰਦੀ ਕਾਰਨ ਇਸ ਵਾਰ ਵਿਦੇਸ਼ ਤੋਂ ਆਉਣ ਵਿੱਚ ਬਹੁਤ ਮੁਸ਼ਕਿਲ ਹੋ ਰਹੀ ਹੈ, ਜਿਸ ਕਰਕੇ ਇਸ ਵਾਰ ਕੋਈ ਸਟੇਜ ਪ੍ਰੋਗਰਾਮ ਨਹੀਂ ਹੋਵੇਗਾ। ਸਿਰਫ ਰਸਮਾਂ ਹੀ ਹੋਣਗੀਆਂ।

ਉਨ੍ਹਾ ਦੱਸਿਆ ਕਿ ਇਸ ਦੌਰਾਨ ਅਲਮਸਤ ਦੇਸਰਪੁਰੀ ਹੁਰਾਂ ਦੀ ਮਜ਼ਾਰ 'ਤੇ ਚਾਦਰ ਚੜ੍ਹਾਈ ਜਾਵੇਗੀ, ਚਿਰਾਗ ਰੌਸ਼ਨ ਹੋਣਗੇ। ਠੰਢੇ-ਮਿੱਠੇ ਜਲ ਦੀਆਂ ਛਬੀਲਾਂ ਤੇ ਅਤੁੱਟ ਲੰਗਰ ਵਰਤਾਏ ਜਾਣਗੇ।

## ਮਾਨਵ ਸੇਵਾ ਉੱਤਮ ਸੇਵਾ ਵੱਲੋਂ ਜਤਿੰਦਰ ਸਿੰਘ ਸ਼ੰਟੀ ਦਾ ਸਨਮਾਨ



**ਨਾਭਾ (ਵਰਿੰਦਰ ਵਰਮਾ)**-ਬੀਤੇ ਦਿਨੀਂ ਭਾਰਤ ਸਰਕਾਰ ਵੱਲੋਂ ਜਤਿੰਦਰ ਸਿੰਘ ਸ਼ੰਟੀ (ਪਦਮਸ਼੍ਰੀ) ਸਮਾਜ ਪ੍ਰਤੀ ਵਧੀਆ ਸੇਵਾਵਾਂ ਨੂੰ ਵੇਖਦੇ ਹੋਏ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦਾ ਮੈਂਬਰ ਨਿਯੁਕਤ ਕੀਤਾ ਗਿਆ, ਜਿਸ ਨੂੰ ਲੈ ਕੇ ਹਰ ਵਰਗ ਖ਼ੁਸ਼ੀ ਦਾ ਮਾਹੌਲ ਬਣਿਆ ਹੋਇਆ ਹੈ।ਇਸ ਮੌਕੇ ਹਲਕਾ ਨਾਭਾ ਤੋਂ ਸਮਾਜ ਭਲਾਈ ਦੇ ਕਾਰਜ ਕਰ ਰਹੀ ਮਾਨਵ ਸੇਵਾ ਉੱਤਮ ਸੇਵਾ ਸਟੇਟ ਐਵਾਰਡੀ ਸੰਸਥਾ ਵੱਲੋਂ ਨਵ-ਨਿਯੁਕਤ ਪੰਜਾਬ ਸਟੇਟ ਹਿਊਮਨ ਰਾਈਟਸ ਦੇ ਮੈਂਬਰ ਲੱਗਣ 'ਤੇ ਵਧਾਈਆਂ ਦਿੱਤੀਆਂ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਸਨਮਾਨਤ ਕਰਨ ਉਪਰੰਤ ਮੁੱਖ ਸੇਵਾਦਾਰ ਵਿਕਾਸ ਮਿੱਤਲ ਤੇ ਸੁਨੀਲ ਗੁਪਤਾ ਨੇ ਕਿਹਾ ਕਿ ਇਨ੍ਹਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਨੂੰ ਵੇਖਦੇ ਹੋਏ ਮੈਂਬਰ ਨਿਯੁਕਤ ਕੀਤਾ ਗਿਆ ਹੈ।ਸਨਮਾਨਤ ਹੋਣ ਉਪਰੰਤ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਮੈਂਬਰ ਜਤਿੰਦਰ ਸਿੰਘ ਸ਼ੰਟੀ ਨੇ ਮਾਨਵ ਸੇਵਾ ਉੱਤਮ ਸੇਵਾ ਦੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕਮਿਸ਼ਨ ਪੰਜਾਬ ਵਿੱਚ ਜੀਵਨ, ਆਜ਼ਾਦੀ, ਸਮਾਨਤਾ ਤੇ ਮਨੁੱਖੀ ਸਨਮਾਨ ਦੀ ਰੱਖਿਆ ਲਈ ਕੰਮ ਕਰਦਾ ਹੈ।ਇਹ ਸੰਵਿਧਾਨਕ ਹੱਕਾਂ ਦੀ ਉਲੰਘਣਾ ਦੇ ਮਾਮਲਿਆਂ ਦੀ ਜਾਂਚ ਕਰਦਾ ਹੈ, ਸ਼ਿਕਾਇਤਾਂ ਸੁਣਦਾ ਹੈ, ਛਾਪੇਮਾਰੀ ਕਰਦਾ ਹੈ ਅਤੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਸਿਫ਼ਾਰਸ਼ਾਂ ਕਰਦਾ ਹੈ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਕਮਿਸ਼ਨ ਕੋਲ ਸਿੱਧੀ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।ਇਸ ਮੌਕੇ ਮੈਡਮ ਮੰਜੂ ਸ਼ਰਮਾ, ਸੰਜੀਵ ਸ਼ਰਮਾ ਆਦਿ ਹਾਜ਼ਰ ਸਨ।

## ਜੀ ਐੱਚ ਜੀ ਅਕੈਡਮੀ 'ਚ ਸਪੈੱਲ ਬੀ ਮੁਕਾਬਲਾ ਕਰਵਾਇਆ



**ਜਗਰਾਉਂ (ਅਮਿਤ ਖੰਨਾ)**-ਜੀ ਐੱਚ ਜੀ ਅਕੈਡਮੀ ਜਗਰਾਉਂ ਵੱਲੋਂ ਵਿਦਿਆਰਥੀਆਂ ਲਈ ਸਪੈੱਲ ਬੀ ਮੁਕਾਬਲਾ ਕਰਵਾਇਆ ਗਿਆ।ਇਸ ਮੁਕਾਬਲੇ ਦਾ ਮਕਸਦ ਵਿਦਿਆਰਥੀਆਂ ਦੀ ਸ਼ਬਦਾਵਲੀ, ਸੁਣਨ ਦੀ ਸਮਰੱਥਾ ਤੇ ਆਤਮਵਿਸ਼ਵਾਸ ਨੂੰ ਵਧਾਉਣਾ ਸੀ।ਇਸ ਗਤੀਵਿਧੀ ਨੂੰ ਤਿੰਨ ਰਾਊਂਡਾਂ ਵਿੱਚ ਕਰਵਾਇਆ ਗਿਆ।ਪਹਿਲੇ ਰਾਊਂਡ ਵਿੱਚ ਅਧਿਆਪਕ ਵੱਲੋਂ ਸ਼ਬਦ ਉਚਾਰਨ ਕੀਤੇ ਗਏ ਤੇ ਵਿਦਿਆਰਥੀਆਂ ਨੇ ਉਨ੍ਹਾਂ ਦੀ ਸਹੀ ਸਪੈਲਿੰਗ ਲਿਖੀ।ਦੂਜੇ ਰਾਊਂਡ ਵਿੱਚ ਵਿਦਿਆਰਥੀਆਂ ਨੇ ਜੰਬਲਡ ਸ਼ਬਦਾਂ ਨੂੰ ਠੀਕ ਕੀਤਾ।ਤੀਜੇ ਰਾਊਂਡ ਵਿੱਚ ਵਿਦਿਆਰਥੀਆਂ ਨੇ ਦਿੱਤੇ ਗਏ ਸ਼ਬਦਾਂ ਨਾਲ ਵਾਕ ਬਣਾਏ ਤੇ ਆਪਣੀ ਰਚਨਾਤਮਕਤਾ ਦਿਖਾਈ।ਇਹ ਮੁਕਾਬਲਾ ਵਿਦਿਆਰਥੀਆਂ ਦੀ ਸ਼ਬਦਾਵਲੀ, ਆਤਮਵਿਸ਼ਵਾਸ, ਅਨੁਸ਼ਾਸਨ ਤੇ ਰਿਸਪਾਂਸ ਟਾਈਮ ਨੂੰ ਸੁਧਾਰਨ ਵਿੱਚ ਮਦਦਗਾਰ ਸਾਬਿਤ ਹੋਇਆ। ਸਾਰੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ।ਇਹ ਪ੍ਰੋਗਰਾਮ ਬਹੁਤ ਸਫਲ ਰਿਹਾ ਤੇ ਵਿਦਿਆਰਥੀਆਂ ਨੂੰ ਆਪਣੀਆਂ ਭਾਸ਼ਾਈ ਯੋਗਤਾਵਾਂ ਨੂੰ ਹੋਰ ਨਿਖਾਰਨ ਲਈ ਪ੍ਰੇਰਿਤ ਕੀਤਾ ਗਿਆ।

## ਪੰਜਾਬ ਆਬਕਾਰੀ ਵਿਭਾਗ ਵੱਲੋਂ ਵੱਖ-ਵੱਖ ਥਾਵਾਂ 'ਤੇ ਚੈਕਿੰਗ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ ਆਬਕਾਰੀ ਵਿਭਾਗ ਵੱਲੋਂ ਨਜਾਇਜ਼, ਕੱਚੀ ਘਰ ਦੀ ਕੱਢੀ ਤੇ ਬਾਹਰਲੇ ਰਾਜਾਂ ਵਿੱਚ ਸਮਗਲ ਹੋ ਕੇ ਆਈ ਸ਼ਰਾਬ ਵਿਰੁੱਧ ਜੰਗੀ ਪੱਧਰ 'ਤੇ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਦੇ ਚਲਦੇ ਵਿਭਾਗ ਵੱਲੋਂ ਪੁਲਸ ਪਾਰਟੀ ਦੇ ਨਾਲ ਸੁਨਾਮ ਦੇ ਵੱਖ-ਵੱਖ ਥਾਵਾਂ ਇੰਦਰਾ ਬਸਤੀ, ਰਵਿਦਾਸਪੁਰਾ ਟਿੱਬੀ ਤੇ ਗੁੱਜਾ ਪੀਰ ਵਿਖੇ ਚੈਕਿੰਗ ਕੀਤੀ ਗਈ। ਮਾਨਯੋਗ ਆਬਕਾਰੀ ਕਮਿਸ਼ਨਰ ਪੰਜਾਬ ਦੇ ਦਿਸ਼ਾ ਨਿਰਦੇਸ਼ ਤਹਿਤ ਦਿਲਪ੍ਰੀਤ ਸਿੰਘ ਚਾਹਲ ਆਬਕਾਰੀ ਅਫਸਰ ਸੰਗਰੂਰ 1, ਸ਼੍ਰੀ ਗੌਰਵ ਜਿੰਦਲ ਆਬਕਾਰੀ ਇੰਸਪੈਕਟਰ ਸੁਨਾਮ ਤੇ ਸ੍ਰ. ਬਿਕਰਮ ਢੀਂਡਸਾ ਆਬਕਾਰੀ ਇੰਸਪੈਕਟਰ ਲੌਂਗੋਵਾਲ ਵੱਲੋਂ ਨਜਾਇਜ਼, ਕੱਚੀ ਘਰ ਦੀ ਕੱਢੀ ਤੇ ਬਾਹਰਲਾ ਰਾਜਾ ਵਿੱਚੋਂ ਸਮਗਲ ਹੋ ਕੇ ਆਈ ਸ਼ਰਾਬ ਵਿਰੁੱਧ ਜੰਗੀ ਪੱਧਰ 'ਤੇ ਮੁਹਿੰਮ ਚਲਾਈ ਜਾ ਰਹੀ ਹੈ।ਇਸੇ ਲੜੀ ਵਿੱਚ ਉਨ੍ਹਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਚੈਕਿੰਗ ਕੀਤੀ ਗਈ ਤੇ ਖਾਸ ਤੌਰ 'ਤੇ ਉਨ੍ਹਾਂ ਘਰਾਂ ਵਿੱਚ ਚੈਕਿੰਗ ਕੀਤੀ ਗਈ, ਜਿਨ੍ਹਾਂ ਦੇ ਪਹਿਲਾਂ ਐਕਸਾਈਜ਼ ਐਕਟ ਦੇ ਤਹਿਤ ਮਾਮਲੇ ਦਰਜ ਹਨ।ਇਸ ਮੌਕੇ ਅਫਸਰਾਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਲੋਕਾਂ ਨੂੰ ਵੀ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਇਸ ਨਾਲ ਕਾਫੀ ਖਤਰਨਾਕ ਬਿਮਾਰੀਆਂ ਲੱਗ ਸਕਦੀ ਹੈ ਤੇ ਜਾਨੀ ਨੁਕਸਾਨ ਵੀ ਹੋ ਸਕਦਾ ਹੈ।ਇਸ ਮੌਕੇ ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਵੀ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਬਾਰੇ ਕੋਈ ਵੀ ਜਾਣਕਾਰੀ ਮਿਲਦੀ ਹੈ ਤਾਂ ਤੁਰੰਤ ਵਿਭਾਗ ਨੂੰ ਸੂਚਿਤ ਕੀਤਾ ਜਾਵੇ, ਉਨ੍ਹਾਂ ਦਾ ਨਾਮ ਗੁਪਤ ਰੱਖਿਆ ਜਾਵੇਗਾ।

## ਸਫਾ 1 ਦੇ ਬਾਕੀ...

### ਸਾਰੇ ਵਿਧਾਇਕ ਮੁੱਖ...

ਲੋਕ ਭਗਵੰਤ ਮਾਨ ਸਰਕਾਰ ਦੀਆਂ ਨੀਤੀਆਂ ਤੋਂ ਬਹੁਤ ਖੁਸ਼ ਹਨ ਅਤੇ ਭਾਜਪਾ ਇਸ ਤੋਂ ਘਬਰਾਈ ਹੋਈ ਹੈ, ਜਿਸ ਕਾਰਨ ਉਨ੍ਹਾਂ ਇਹ ਦਲ-ਬਦਲੀ ਕਰਵਾਈ ਹੈ। ਇਸ ਦੇ ਨਾਲ ਹੀ ਉਨ੍ਹਾ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ਬਾਰੇ ਗਲਤ ਅਤੇ ਗੁੰਮਰਾਹਕੁੰਨ ਤਸਵੀਰਾਂ ਦਿਖਾਉਣ ਲਈ ਭਾਜਪਾ ਆਗੂ ਪਰਵੇਸ਼ ਸਾਹਿਬ ਸਿੰਘ ਵਿਰੁੱਧ ਮਾਣਹਾਨੀ ਦਾ ਨੋਟਿਸ ਦਿੱਤਾ ਜਾਵੇਗਾ। ਉਨ੍ਹਾ ਚੁਣੌਤੀ ਦਿੰਦਿਆਂ ਕਿਹਾ ਕਿ ਐਲ ਜੀ, ਮੁੱਖ ਮੰਤਰੀ ਰੇਖਾ ਗੁਪਤਾ ਅਤੇ ਪਰਵੇਸ਼ ਵਰਮਾ ਨੂੰ ਆਪਣੇ ਘਰ ਜਨਤਾ ਲਈ ਖੋਲ੍ਹਣੇ ਚਾਹੀਦੇ ਹਨ, ਤਾਂ ਜੋ ਜਨਤਾ ਖੁਦ ਦੇਖ ਸਕੇ ਕਿ ਕਿਸ ਦਾ ਘਰ ਕਿੰਨਾ ਆਲੀਸ਼ਾਨ ਹੈ।

### ਮੁੱਖ ਮੰਤਰੀ ਵੱਲੋਂ ਸਮਾਂ ...

ਸਹੀ ਢੰਗ ਨਾਲ ਚੁਕਾਉਣਾ ਚਾਹੀਦਾ ਹੈ ਅਤੇ ਡੇਅਰੀ ਮਾਲਕਾਂ ਨੂੰ ਸਹਿਯੋਗ ਕਰਨਾ ਚਾਹੀਦਾ ਹੈ।ਬੁਨਿਆਦੀ ਢਾਂਚੇ ਦੇ ਰਹਿੰਦੇ ਕੰਮਾਂ ਦੀ ਸਮੀਖਿਆ ਕਰਦਿਆਂ ਉਨ੍ਹਾ ਕਿਹਾ ਕਿ ਹੈਬੋਵਾਲ ਵਿਖੇ ਸੀ ਬੀ ਜੀ ਪਲਾਂਟ ਨੂੰ ਜਲਦੀ ਚਾਲੂ ਕੀਤਾ ਜਾਣਾ ਚਾਹੀਦਾ ਹੈ। ਤਾਜਪੁਰ ਵਿਖੇ ਪ੍ਰਸਤਾਵਿਤ ਸੀ ਬੀ ਜੀ ਪਲਾਂਟ ਲਈ 2.5 ਏਕੜ ਜ਼ਮੀਨ ਅਲਾਟ ਕਰਨ ਦੇ ਪ੍ਰਸਤਾਵ ਨੂੰ ਨਗਰ ਨਿਗਮ, ਪੀ ਐੱਸ ਆਈ ਈ ਸੀ ਅਤੇ ਪੇਡਾ ਦੁਆਰਾ ਇੱਕ ਹਫ਼ਤੇ ਦੇ ਅੰਦਰ ਜਲਦੀ ਤੋਂ ਜਲਦੀ ਅੰਤਮ ਰੂਪ ਦਿੱਤਾ ਜਾਣਾ ਚਾਹੀਦਾ ਹੈ। ਉਦਯੋਗਿਕ ਗੰਦੇ ਪਾਣੀ ਨੂੰ ਸਹੀ ਢੰਗ ਨਾਲ ਟਰੀਟ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਸੰਬੰਧ ਵਿੱਚ ਪ੍ਰਦੂਸ਼ਣ ਬੋਰਡ ਦੁਆਰਾ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਸੂਬੇ ਭਰ ਵਿੱਚ ਡਰੇਨਾਂ ਵਿੱਚ ਪ੍ਰਦੂਸ਼ਤ ਪਾਣੀ ਦਾਖ਼ਲ ਹੋਣ ਵਾਲੀ ਲਾਪਰਵਾਹੀ ਦੇ ਮਾਮਲੇ ਵਿੱਚ ਜਵਾਬਦੇਹੀ ਤੈਅ ਕੀਤੀ ਜਾਵੇਗੀ।

ਪਾਣੀ ਦੇ ਵਹਾਅ ਅਤੇ ਪ੍ਰਦੂਸ਼ਣ ਕੰਟਰੋਲ ਬਾਰੇ ਉਹਨਾ ਕਿਹਾ ਕਿ ਚਿੱਟੀ ਵੇਈਂ ਵਿੱਚ 200 ਕਿਊਸਿਕ ਪਾਣੀ ਛੱਡਣ ਲਈ ਸਿੰਬਲੀ ਵਿਖੇ ਰੈਗੂਲੇਟਰ ਚਾਲੂ ਕੀਤਾ ਜਾਣਾ ਚਾਹੀਦਾ ਹੈ। ਜਲੰਧਰ ਰਾਸ਼ਟਰੀ ਰਾਜਮਾਰਗ 44 'ਤੇ ਬਣੀਆਂ ਪੁਲੀਆਂ ਵਿੱਚ ਤੁਰੰਤ ਤਕਨੀਕੀ ਸੁਧਾਰ ਕੀਤਾ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਕਾਲਾ ਸੰਘਿਆਂ ਡਰੇਨ ਵਿੱਚ ਪ੍ਰਦੂਸ਼ਣ ਘਟਾਉਣ ਲਈ ਬਿਸਤ ਦੁਆਬ ਨਹਿਰ ਤੋਂ 100 ਕਿਊਸਿਕ ਪਾਣੀ ਛੱਡਿਆ ਜਾਣਾ ਚਾਹੀਦਾ ਹੈ । ਮੁੱਖ ਮੰਤਰੀ ਨੇ ਹਦਾਇਤ ਦਿੱਤੀ ਕਿ ਡੇਅਰੀ ਰਹਿੰਦ-ਖੂੰਹਦ ਨੂੰ ਨਾਲੀਆਂ ਵਿੱਚ ਸੁੱਟਣ ਦੀ ਸਖ਼ਤੀ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਪਾਬੰਦੀ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਲੋੜ ਹੈ। ਧੁੱਸੀ ਬੰਨ੍ਹ ਸੜਕ ਪ੍ਰਾਜੈਕਟ (ਸਤਲੁਜ ਦਰਿਆ) ਦਾ ਮਾਮਲਾ ਕੇਂਦਰੀ ਪੇਂਡੂ ਵਿਕਾਸ ਮੰਤਰੀ ਕੋਲ ਉਠਾਇਆ ਜਾਵੇਗਾ। 117.75 ਕਰੋੜ ਰੁਪਏ ਦੀ ਲਾਗਤ ਨਾਲ ਉਲੀਕਿਆ ਗਿਆ ਇਹ ਪ੍ਰਾਜੈਕਟ ਨਾਬਾਰਡ ਦੇ ਸਹਿਯੋਗ ਨਾਲ ਪੂਰਾ ਕੀਤਾ ਜਾਵੇਗਾ।

### ਈਰਾਨ ਦਾ ਅਮਰੀਕਾ...

ਦੂਜੇ ਪਾਸੇ ਵ੍ਹਾਈਟ ਹਾਊਸ ਵੱਲੋਂ ਸ਼ੁੱਕਰਵਾਰ ਇਹ ਬਿਆਨ ਜਾਰੀ ਕੀਤਾ ਗਿਆ ਸੀ ਕਿ ਉਨ੍ਹਾ ਦੇ ਵਿਸ਼ੇਸ਼ ਦੂਤ ਈਰਾਨੀ ਵਿਦੇਸ਼ ਮੰਤਰੀ ਅਰਾਗਚੀ ਨਾਲ ਮੁਲਾਕਾਤ ਕਰਨਗੇ। ਅਮਰੀਕਾ ਵੱਲੋਂ ਜੈਰੇਡ ਕੁਸ਼ਨਰ ਅਤੇ ਸਟੀਵ ਵਿਟਕੌਫ ਵਰਗੇ ਸੀਨੀਅਰ ਆਗੂਆਂ ਦੇ ਇਸਲਾਮਾਬਾਦ ਪਹੁੰਚਣ ਦੀਆਂ ਚਰਚਾਵਾਂ ਸਨ, ਪਰ ਈਰਾਨ ਦੇ ਸਖ਼ਤ ਰੁਖ ਨੇ ਗੱਲਬਾਤ ਦੀਆਂ ਸੰਭਾਵਨਾਵਾਂ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਖਿੱਤੇ ਵਿੱਚ ਜਾਰੀ ਇਸ ਜੰਗੀ ਮਾਹੌਲ ਦੌਰਾਨ ਪਾਕਿਸਤਾਨ ਨੂੰ ਇੱਕ ਅਹਿਮ ਵਿਚੋਲੇ ਵਜੋਂ ਦੇਖਿਆ ਜਾ ਰਿਹਾ ਹੈ, ਜੋ ਦੋਵਾਂ ਧਿਰਾਂ ਨੂੰ ਕਿਸੇ ਸਾਂਝੇ ਨਤੀਜੇ 'ਤੇ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ।

### ਰਾਜ ਸਭਾ ਮੈਂਬਰਾਂ...

ਪਾਠਕ ਨਾਲ ਰਾਬਤੇ ਵਿੱਚ ਨਹੀਂ ਸੀ। ਕੰਗ ਨੇ ਰਾਘਵ ਚੱਢਾ ਦਾ ਨਾਂਅ ਲੈਂਦਿਆਂ ਕਿਹਾ ਕਿ ਚੱਢਾ ਨੂੰ ਬੇਲਗਾਮ ਤਾਕਤ ਮਿਲੀ ਹੋਈ ਸੀ, ਜਿਸ ਦੀ ਉਸ ਨੇ ਦੁਰਵਰਤੋਂ ਕੀਤੀ। ਉਨ੍ਹਾ ਕਿਹਾ, 'ਤਾਕਤ ਕੁਝ ਕੁ ਹੱਥਾਂ ਵਿੱਚ ਕੇਂਦਰਤ ਹੋਣ ਦੀ ਬਜਾਏ ਵੰਡੀ ਜਾਣੀ ਚਾਹੀਦੀ ਹੈ। ਕੰਗ, ਜੋ ਕਿ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਤੋਂ ਬਾਅਦ ਪਾਰਟੀ ਦਾ ਸਭ ਤੋਂ ਪ੍ਰਮੁੱਖ ਚਿਹਰਾ ਮੰਨੇ ਜਾਂਦੇ ਹਨ, ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ 'ਆਪ' ਇੱਕ ਪਰਪੱਕ ਸਿਆਸੀ ਪਾਰਟੀ ਵਾਂਗ ਵਿਹਾਰ ਕਰੇ। ਜਦੋਂ ਉਨ੍ਹਾ ਨੂੰ ਉਨ੍ਹਾ ਦੇ ਆਪਣੇ ਅਗਲੇ ਕਦਮ ਬਾਰੇ ਪੁੱਛਿਆ ਗਿਆ ਤਾਂ ਕੰਗ ਨੇ ਸਪੱਸ਼ਟ ਕੀਤਾ, 'ਮੈਂ ਪੰਜਾਬ ਪੱਖੀ ਹਾਂ ਅਤੇ ਹਮੇਸ਼ਾ ਉਸ ਸਿਆਸਤ ਦਾ ਹਿੱਸਾ ਰਹਾਂਗਾ, ਜੋ ਮੇਰੇ ਸੂਬੇ ਅਤੇ ਲੋਕਾਂ ਦੇ ਹਿੱਤ ਵਿੱਚ ਹੋਵੇ। ਮੈਨੂੰ ਕਿਸੇ ਚੀਜ਼ ਦਾ ਲਾਲਚ ਨਹੀਂ।' ਉਨ੍ਹਾ ਕਿਹਾ ਕਿ ਪਾਰਟੀ ਛੱਡਣ ਵਾਲੇ ਆਗੂਆਂ ਦਾ ਪੰਜਾਬ ਦੀਆਂ ਚੋਣਾਂ 'ਤੇ ਕੋਈ ਖ਼ਾਸ ਅਸਰ ਨਹੀਂ ਪਵੇਗਾ, ਕਿਉਂਕਿ ਉਨ੍ਹਾਂ ਦੀ ਆਪਣੀ ਕੋਈ ਜਨਤਕ ਪੈਂਠ ਨਹੀਂ।

## ਆਰਥਿਕ ਪੱਖੋਂ ਕਮਜ਼ੋਰ ਪਹਿਲਵਾਨਾਂ ਦੀ ਕੀਤੀ ਮਦਦ



**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**-ਸੁਚੇਤ ਤੇ ਤਰਕਵਾਦੀ ਐੱਨ.ਆਰ.ਆਈ. ਪਰਵਾਰ ਨਵਦੀਪ ਨੰਗਲ ਕੈਨੇਡਾ ਤੇ ਪਵਨ ਕੈਨੇਡਾ ਨੇ ਆਪਣੀ ਪਵਿੱਤਰ ਕਮਾਈ ਵਿੱਚੋਂ 5100 ਰੁਪਏ ਬਾਬਾ ਸ਼ੇਖ ਫਰੀਦ ਕੁਸ਼ਤੀ ਅਖਾੜਾ ਦੀ ਕਮੇਟੀ ਨੂੰ ਆਰਥਿਕ ਪੱਖੋਂ ਕਮਜ਼ੋਰ ਪਹਿਲਵਾਨ ਖਿਡਾਰੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਭੇਜੇ ਗਏ, ਜਿਨ੍ਹਾਂ ਨੂੰ ਸਤਿਕਾਰਯੋਗ ਕੋਚ ਰੁਪਿੰਦਰ ਕੌਰ ਰਣਸੀਹ ਦੀ ਸਲਾਹ ਅਨੁਸਾਰ ਖਰਚਿਆ ਗਿਆ।ਅਖਾੜੇ ਦੇ ਸਰਪ੍ਰਸਤ ਬਾਬਾ ਚਮਕੌਰ ਸਿੰਘ ਧੂੜਕੋਟ, ਜਨਰਲ ਸਕੱਤਰ ਛਿੰਦਰ ਧੂੜਕੋਟ, ਸੀਨੀਅਰ ਮੀਤ ਪ੍ਰਧਾਨ ਮਾਸਟਰ ਰਵਿੰਦਰ ਸਿੰਘ ਧੂੜਕੋਟ, ਐਡਵੋਕੇਟ ਦਲਜੀਤ ਧਾਲੀਵਾਲ, ਸ੍ਰੀ ਰਾਮਾ ਦਾਦਾ, ਜੈਲਦਾਰ ਬੂਟਾ ਸਿੰਘ, ਮੁਖਤਿਆਰ ਸਿੰਘ ਬਲਾਕ ਸੰਮਤੀ ਮੈਂਬਰ ਨੇ ਇਸ ਮੌਕੇ ਐੱਨ.ਆਰ.ਆਈ. ਪਰਵਾਰ ਤੇ ਚੰਗੀ ਆਰਥਿਕਤਾ ਵਾਲੇ ਪਰਵਾਰਾਂ ਨੂੰ ਅਖਾੜੇ ਦੀ ਮਦਦ ਲਈ ਸਮੇਂ-ਸਮੇਂ 'ਤੇ ਅੱਗੇ ਆਉਣ ਦਾ ਹੋਕਾ ਦਿੱਤਾ।ਮੁੱਖ ਸੇਵਾਦਾਰ ਡਾ. ਹਰਗੁਰਪ੍ਰਤਾਪ ਸਿੰਘ 'ਦੀਪ ਹਸਪਤਾਲ ਵਾਲਿਆਂ' ਨੇ ਇਸ ਮੌਕੇ ਨਵਦੀਪ ਨੰਗਲ ਕੈਨੇਡਾ ਤੇ ਸਮੂਹ ਪਰਵਾਰ ਦਾ ਧੰਨਵਾਦ ਕਰਦਿਆਂ ਆਸ ਕੀਤੀ ਕਿ ਪਰਵਾਰ ਇਸ ਪ੍ਰਕਾਰ ਹੀ ਅੱਗੇ ਵੀ ਆਰਥਿਕ ਪੱਖੋਂ ਕਮਜ਼ੋਰ ਪਹਿਲਵਾਨ ਖਿਡਾਰੀਆਂ ਦੀ ਮਦਦ ਕਰਦਾ ਰਹੇਗਾ।

## ਸੰਤ ਨਿਰੰਕਾਰੀ ਮਿਸ਼ਨ ਨੇ 'ਮਾਨਵ ਏਕਤਾ ਦਿਵਸ' ਮਨਾਇਆ



**ਸਮਾਣਾ/ਦਿੱਲੀ (ਇਕਬਾਲ ਸਿੰਘ ਬੱਲ)**-ਸੰਤ ਨਿਰੰਕਾਰੀ ਮਿਸ਼ਨ ਵੱਲੋਂ 'ਮਾਨਵ ਏਕਤਾ ਦਿਵਸ' 24 ਅਪ੍ਰੈਲ ਨੂੰ ਬਾਬਾ ਗੁਰਬਚਨ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਤੇ ਨਿਰੰਕਾਰੀ ਰਾਜਪਿਤਾ ਜੀ ਦੀ ਰਹਿਨੁਮਾਈ ਹੇਠ ਦਿੱਲੀ ਦੇ ਗਰਾਊਂਡ ਨੰਬਰ 8 ਵਿੱਚ ਆਯੋਜਿਤ ਕੀਤਾ ਗਿਆ।ਸੰਤ ਨਿਰੰਕਾਰੀ ਮੰਡਲ ਦੇ ਸਕੱਤਰ ਜੋਗਿੰਦਰ ਸੁਖੀਜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੌਕੇ ਪੂਰੇ ਭਾਰਤ ਵਿੱਚ ਲਗਭਗ 200 ਸਥਾਨਾਂ 'ਤੇ ਖ਼ੂਨਦਾਨ ਕੈਂਪਾਂ ਦਾ ਸਫ਼ਲ ਆਯੋਜਨ ਕੀਤਾ ਗਿਆ, ਜਿਸ ਰਾਹੀਂ ਲਗਭਗ 40,000 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ, ਦੇਸ਼ ਭਰ ਵਿੱਚ ਇਸ ਸਾਲ ਦੌਰਾਨ ਲਗਭਗ 705 ਸਥਾਨਾਂ 'ਤੇ ਖ਼ੂਨਦਾਨ ਕੈਂਪ ਲਗਾਏ ਜਾਣਗੇ। ਵਰਣਨਯੋਗ ਹੈ ਕਿ ਖ਼ੂਨਦਾਨ ਦੀ ਇਹ ਪਵਿੱਤਰ ਪ੍ਰੰਪਰਾ ਪਿਛਲੇ ਚਾਰ ਦਹਾਕਿਆਂ ਤੋਂ ਲਗਾਤਾਰ ਜਾਰੀ ਹੈ।ਹੁਣ ਤੱਕ 9,174 ਖ਼ੂਨਦਾਨ ਕੈਂਪਾਂ ਰਾਹੀਂ ਲਗਭਗ 15,00,230 ਯੂਨਿਟ ਖ਼ੂਨ ਇਕੱਠਾ ਕੀਤਾ ਜਾ ਚੁੱਕਾ ਹੈ। ਸਮਾਣਾ ਵਿਖੇ ਸਥਾਨਕ ਸੰਯੋਜਕ ਐਡਵੋਕੇਟ ਸੁਰਿੰਦਰ ਸਿੰਘ ਦੀ ਅਗਵਾਈ ਹੇਠ ਮੁਕਤੀ ਪੁਰਵ ਦਿਵਸ ਮਨਾਇਆ ਗਿਆ। ਉਨ੍ਹਾਂ ਨੇ ਬਾਬਾ ਗੁਰਬਚਨ ਸਿੰਘ ਜੀ ਦੇ ਜੀਵਨ 'ਤੇ ਵਿਸਥਾਰ ਪੂਰਵਕ ਚਾਨਣਾ ਪਾਇਆ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਤੋਂ ਆਪਣੇ ਜੀਵਨ ਵਿੱਚ ਅਪਣਾ ਕੇ ਜੀਵਨ ਨੂੰ ਸੌਖਾ ਤੇ ਸੁਖਾਲਾ ਬਣਾਉਣ ਲਈ ਪ੍ਰੇਰਨਾ ਦਿੱਤੀ।

## ਪੰਜਾਬੀ ਸਾਹਿਤ ਅਕਾਦਮੀ ਵੱਲੋਂ ਕ੍ਰਿਸ਼ਨ ਬੇਤਾਬ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



**ਲੁਧਿਆਣਾ (ਭਾਟੀਆ, ਕਥੂਰੀਆ)**-ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਮੂਹ ਮੈਂਬਰਾਂ ਤੇ ਅਹੁਦੇਦਾਰਾਂ ਨੇ ਕ੍ਰਿਸ਼ਨ ਬੇਤਾਬ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਕ੍ਰਿਸ਼ਨ ਬੇਤਾਬ ਜੀ ਪੰਜਾਬੀ ਭਾਸ਼ਾ ਦੇ ਨਾਲ-ਨਾਲ ਉਰਦੂ ਭਾਸ਼ਾ ਵਿੱਚ ਲਿਖਤਾਂ ਨਾਲ ਸਮਾਜ ਨੂੰ ਸਾਰਥਕ ਸੇਧ ਦਿੰਦੇ ਰਹੇ। ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਕਿਹਾ ਕਿ ਕ੍ਰਿਸ਼ਨ ਬੇਤਾਬ ਭਾਵੇਂ ਸੰਗਰੂਰ ਰਹਿ ਕੇ ਲਿਖਦੇ ਰਹੇ, ਪਰ ਉਨ੍ਹਾਂ ਦੀ ਵੱਡੇ ਪਾਠਕ ਵਰਗ ਤੱਕ ਰਸਾਈ ਸੀ।ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ ਉਨ੍ਹਾਂ ਨੇ ਸਾਹਿਤ ਲਈ ਸੂਰਜ ਸਲਾਮ ਕਰਦਾ ਹੈ, ਕੇਸਰ ਦੀ ਖ਼ੁਸ਼ਬੂ, ਨਾਇਕ ਬਣ ਗਿਆ ਖਲਨਾਇਕ, ਲਹੂ ਦਾ ਦਰਿਆ, ਪੱਤੀ-ਪੱਤੀ, ਬੰਦ ਮੁੱਠੀ ਦੀ ਚੀਖ, ਸੂਰਜ ਦਾ ਸਫ਼ਰ (ਆਤਮ-ਕਥਾ) ਇਤਿਹਾਸ ਰਿਆਸਤ-ਏ-ਜੀਂਦ ਪੁਸਤਕਾਂ ਦੀ ਰਚਨਾ ਕੀਤੀ, ਜਿਸ ਕਰਕੇ ਉਨ੍ਹਾਂ ਨੂੰ ਰਹਿੰਦੀ ਦੁਨੀਆ ਤੱਕ ਸਾਹਿਤ ਵਿੱਚ ਯਾਦ ਕੀਤਾ ਜਾਵੇਗਾ ਤੇ ਪਾਠਕ ਉਨ੍ਹਾਂ ਦੀਆਂ ਰਚਨਾਵਾਂ ਤੋਂ ਜੀਵਨ ਵਿੱਚ ਸੇਧ ਲੈਂਦੇ ਰਹਿਣਗੇ।

## ਕਿਸਾਨਾਂ ਨੇ ਐੱਸ ਡੀ ਐੱਮ ਨੂੰ ਮੰਗ ਪੱਤਰ ਸੌਂਪਿਆ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਸ਼ੇਰੇ ਏ ਪੰਜਾਬ ਕਿਸਾਨ ਯੂਨੀਅਨ ਵੱਲੋਂ ਐੱਸਡੀਐੱਮ ਨਿਹਾਲ ਸਿੰਘ ਵਾਲਾ ਨੂੰ ਕਿਸਾਨੀ ਮੁੱਦਿਆਂ ਸੰਬੰਧੀ ਮੰਗ ਪੱਤਰ ਦਿੱਤਾ। ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਆਪਣੇ ਸਾਥੀਆਂ ਸਮੇਤ ਐੱਸਡੀਐੱਮ ਨਿਹਾਲ ਸਿੰਘ ਵਾਲਾ ਨੂੰ ਮਿਲੇ ਤੇ ਕਿਸਾਨੀ ਮੁੱਦਿਆਂ ਜਿਵੇਂ ਪਿਛਲੇ ਦੋ ਮਹੀਨਿਆਂ 'ਚ ਝੱਖੜ, ਮੀਂਹ, ਗੜਿਆਂ ਤੇ ਅੱਗ ਲੱਗਣ ਨਾਲ ਜੋ ਲੱਖਾਂ ਏਕੜ ਕਣਕ ਦਾ ਨੁਕਸਾਨ ਹੋਇਆ ਹੈ, ਪੰਜਾਬ ਸਰਕਾਰ ਨੇ ਵਿਸ਼ੇਸ਼ ਗਰਦੌਰੀ ਦੇ ਹੁਕਮ ਤਾਂ ਦਿੱਤੇ ਸਨ, ਪਰ ਏ ਸਾਰੇ ਏਰੀਏ ਵਿੱਚ ਪੂਰੀ ਨਹੀਂ ਹੋਈ, ਕਿਸਾਨਾਂ ਨੇ ਆਪਣੀ ਫਸਲ ਦੀ ਕਟਾਈ ਕਰ ਲਈ ਹੈ, ਇਸ ਲਈ ਮੰਗ ਹੈ ਕਿ ਕਿਸਾਨਾਂ ਨੂੰ ਝਾੜ ਅਨੁਸਾਰ 100% ਮੁਆਵਜ਼ਾ ਦਿੱਤਾ ਜਾਵੇ, ਤਾਂ ਜੋ ਕਿਸਾਨ ਅਗਲੀ ਫਸਲ ਬੀਜਣ ਦੀ ਤਿਆਰੀ ਕਰ ਸਕਣ ਤੇ ਸਾਲ 2025 ਵਿੱਚ ਹੜ੍ਹਾਂ ਕਾਰਨ ਜੋ ਨੁਕਸਾਨ ਹੋਇਆ, ਜਿਵੇਂ ਟਿਊਬਵੈੱਲਾਂ ਦਾ ਖਰਾਬ ਹੋ ਜਾਣਾ, ਜ਼ਮੀਨੀ ਪੱਧਰ ਦਾ ਖਰਾਬ ਹੋ ਜਾਣਾ, ਮਕਾਨ ਢਹਿ ਢੇਰੀ ਹੋ ਜਾਣਾ ਆਦਿ ਨੁਕਸਾਨ ਦੀ ਸਹੀ ਭਰਪਾਈ ਕੀਤੀ ਜਾਵੇ ਤੇ ਉਨ੍ਹਾਂ ਨੇ ਉਨ੍ਹਾਂ ਪਰਿਵਾਰਾਂ ਦਾ ਵੀ ਮੁੱਦਾ ਐੱਸ ਡੀ ਐੱਮ ਸਾਹਿਬ ਦੇ ਅੱਗੇ ਰੱਖਿਆ, ਜਿਨ੍ਹਾਂ ਦੇ ਘਰ ਤੇ ਜ਼ਮੀਨ ਸੜਕ ਵਿੱਚ ਆ ਚੁੱਕੇ ਹਨ। ਇਸ ਸਮੇਂ ਉਨ੍ਹਾ ਨਾਲ ਜ਼ਿਲ੍ਹਾ ਬੁਲਾਰਾ ਹਰਜਿੰਦਰ ਸਿੰਘ ਗਿੱਲ, ਮੀਤ ਪ੍ਰਧਾਨ ਗਗਨਦੀਪ ਸਿੰਘ ਡੀਪੀ, ਬਲਾਕ ਪ੍ਰਧਾਨ ਇਕਬਾਲ ਰਣਸੀਹ ਖੁਰਦ, ਮੀਤ ਪ੍ਰਧਾਨ ਨਛੱਤਰ ਸਿੰਘ ਉਰਫ ਭੋਲਾ ਸੈਦੋਕੇ, ਸਲਾਹਕਾਰ ਬਾਰਾ ਸਿੰਘ ਸੈਦੋਕੇ, ਇਕਾਈ ਪ੍ਰਧਾਨ ਭਿੰਦਰ ਸਿੰਘ ਪੱਤੋ ਸਮੇਤ ਜਵਾਹਰ ਸਿੰਘ ਵਾਲੇ ਦੇ ਕੁਝ ਪਰਵਾਰ ਵੀ ਇਸ ਮੀਟਿੰਗ ਵਿੱਚ ਸ਼ਾਮਲ ਸਨ।

## ਭਾਰਤੀ ਲੋਕਾਂ ਨੂੰ 'ਨਰਕ ਦਾ ਗੱਡਾ' ਕਹਿਣ 'ਤੇ ਟਰੰਪ ਦੀ ਸਖਤ ਨਿੰਦਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਤਰਕਸ਼ੀਲ ਸੋਸਾਇਟੀ ਰਾਮਪੁਰਾ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤੀ ਲੋਕਾਂ ਨੂੰ 'ਨਰਕ ਦਾ ਗੱਡਾ' ਕਹੇ ਜਾਣ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ।ਆਗੂਆਂ ਨੇ ਕਿਹਾ ਕਿ ਇਹ ਬਹੁਤ ਹੀ ਅਪਮਾਨਜਨਕ ਸ਼ਬਦ ਹਨ, ਜਿਨ੍ਹਾਂ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ, ਪਰ ਡੋਨਾਲਡ ਟਰੰਪ ਦੁਬਾਰਾ ਭਾਰਤ ਦੀ ਇਹ ਬੇਇਜ਼ਤੀ ਪਹਿਲੀ ਵਾਰ ਨਹੀਂ ਕੀਤੀ ਗਈ ਹੈ।ਸਾਡੇ ਪ੍ਰਧਾਨ ਮੰਤਰੀ ਮੋਦੀ ਦਾ ਪਿਛਲੇ ਇੱਕ ਸਾਲ ਤੋਂ ਵੀ ਵੱਧ ਸਮੇਂ ਤੋਂ ਮਜ਼ਾਕ ਉਡਾਏ ਜਾਣ ਦਾ ਇਹ ਇਕ ਆਮ ਵਰਤਾਰਾ ਹੋ ਗਿਆ ਹੈ।ਲਗਾਤਾਰ ਅਪਮਾਨ ਸਹੀ ਜਾਣ ਤੋਂ ਇਲਾਵਾ ਭਾਰਤ ਅਮਰੀਕਾ ਨਾਲ ਇੱਕ ਵਪਾਰਕ ਸਮਝੌਤਾ ਕੀਤਾ ਹੈ, ਜੋ ਕਿ ਆਰਥਿਕ ਰੂਪ ਵਿੱਚ ਬਹੁਤ ਹੀ ਘਾਟੇਵੰਦਾ ਤੇ ਭਾਰਤ ਦੀ ਸੰਪ੍ਰਭੁਤਾ ਨੂੰ ਖਤਮ ਕਰਨ ਵਾਲਾ ਹੈ।ਹੁਣ ਭਾਰਤ ਨੇ ਰੂਸ ਤੋਂ ਤੇਲ ਖ੍ਰੀਦਣਾ ਹੈ ਜਾਂ ਨਹੀਂ ਖਰੀਦਣਾ ਜਾਂ ਕਿੰਨੇ ਸਮੇਂ ਤੱਕ ਕਿੰਨਾ ਤੇਲ ਖਰੀਦ ਸਕਦਾ ਹੈ, ਇਹ ਅਮਰੀਕਾ ਵੱਲੋਂ ਤੈਅ ਕੀਤਾ ਜਾਂਦਾ ਹੈ।ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਇੰਨਾ ਜ਼ਿਆਦਾ ਅਪਮਾਨ ਸਹਿਣ ਕਰਦੇ ਜਾਣਾ ਤੇ ਟਰੰਪ ਦੀ ਨਰਮ ਸ਼ਬਦਾਂ ਵਿੱਚ ਵੀ ਨਿਖੇਧੀ ਨਾ ਕਰਨਾ ਬਹੁਤ ਹੀ ਸ਼ਰਮਨਾਕ ਹੈ।ਇਥੋਂ ਤੱਕ ਕਿ ਈਰਾਨ ਵੱਲੋਂ ਵੀ ਟਰੰਪ ਦੀ ਇਸ ਭਾਰਤ ਵਿਰੋਧੀ ਬਿਆਨ ਦੀ ਰਚਨਾਤਮਕ ਤਰੀਕੇ ਨਾਲ ਜ਼ੋਰਦਾਰ ਨਿਖੇਧੀ ਕੀਤੀ ਗਈ ਹੈ।ਇਹ ਬਿਆਨ ਇੱਕ ਵਿਸ਼ੇਸ਼ ਮੀਟਿੰਗ ਕਰਕੇ ਆਗੂਆਂ ਵੱਲੋਂ ਸਾਂਝੇ ਤੌਰ 'ਤੇ ਜਾਰੀ ਕੀਤਾ ਗਿਆ। ਇਸ ਮੀਟਿੰਗ ਵਿੱਚ ਗਗਨ ਗਰੋਵਰ, ਗੁਰਮੇਲ ਸਿੰਘ, ਜੰਟਾ ਸਿੰਘ, ਗਗਨ ਕਾਂਗੜ, ਮੇਜਰ ਸਿੰਘ, ਹੈੱਡ ਮਾਸਟਰ ਸੁਖਮੰਦਰ ਸਿੰਘ, ਗੁਰਦੀਪ ਸਿੰਘ, ਰਾਮ ਸਿੰਘ ਆਦਿ ਸ਼ਾਮਲ ਸਨ।

## ਹਡਾਣਾ ਨੇ ਸੜਕ ਦਾ ਰੱਖਿਆ ਨੀਂਹ ਪੱਥਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਹਲਕੇ ਵਿੱਚ ਵਿਕਾਸੀ ਕੰਮਾਂ ਨੂੰ ਹੋਰ ਤੇਜ਼ੀ ਦਿੰਦੇ ਹੋਏ ਰਣਜੋਧ ਸਿੰਘ ਹਡਾਣਾ, ਸ਼ਵਿੰਦਰ ਕੌਰ ਧੰਜੂ ਪ੍ਰਧਾਨ ਨਗਰ ਕੌਂਸਲ ਦੇਵੀਗੜ੍ਹ ਵੱਲੋਂ ਦੇਵੀਗੜ੍ਹ ਵਿਖੇ ਨਗਰ ਕੌਂਸਲ ਦਫ਼ਤਰ ਨੇੜੇ ਕਰੀਬ 1 ਕਰੋੜ 25 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੀ ਸੜਕ ਦਾ ਰਸਮੀ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਪ੍ਰਧਾਨ ਬਲਦੇਵ ਸਿੰਘ ਚੇਅਰਮੈਨ ਮਾਰਕਿਟ ਕਮੇਟੀ ਦੁਧਨ ਸਾਧਾਂ, ਈਓ ਬੂਟਾ ਸਿੰਧ, ਰਾਜਾ ਧੰਜੂ ਦੇਵੀਗੜ੍ਹ, ਪ੍ਰੇਮਪਾਲ ਖਨੇਜਾ, ਕਰਮਜੀਤ ਸਿੰਘ ਐੱਮ ਸੀ, ਲਾਡੀ ਮਹਿਰਾ ਐੱਮ ਸੀ, ਬੂਟਾ ਸਿੰਘ ਥਿੰਦ ਐੱਮ ਸੀ, ਬਲਿਹਾਰ ਰਾਮ ਐੱਮ ਵੀ, ਰਾਜਪਾਲ ਸਿੰਘ ਐੱਮ ਸੀ, ਸੁਖਵਿੰਦਰ ਐੱਮ ਸੀ, ਗੁਰਿੰਦਰ ਸਿੰਘ ਰਾਜੂ, ਜੇ ਈ ਕੁਲਜਿੰਦਰ ਸਿੰਘ, ਏ.ਐੱਮ.ਈ. ਅਮਿਤ ਕੁਮਾਰ, ਵੇਦ ਪ੍ਰਕਾਸ਼ ਪ੍ਰਧਾਨ ਵਪਾਰ ਵਿੰਗ ਤੋਂ ਇਲਾਵਾ ਇਲਾਕੇ ਦੇ ਪਤਵੰਤੇ, ਸਥਾਨਕ ਵਾਸੀ ਤੇ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in



ਨੇੜਿਓਂ ਦੇਖਿਆ ਸੁਰਿੰਦਰ ਗਿੱਲ
(ਆਖਰੀ ਸਫ਼ੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਬਿਰਖ਼ਾਂ ਨੂੰ ਝਾੜਝੰਬ ਕੇ,
ਵਰਕੇ ਖ਼ਰਾਬ ਕਰਕੇ।
ਛਾਵਾਂ ਦੀ ਆਸ ਰੱਖਦੈਂ,
ਪਾਣੀ ਤੇਜ਼ਾਬ ਕਰਕੇ।
- ਮਨਜੀਤ ਪੁਰੀ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 26 ਅਪ੍ਰੈਲ 2026 www.nawanzamana.in ਕੀਮਤ 5.00 ਰੁਪਏ


# ਉਹ ਫੇਰ ਸੋਚਦੀ

## ਪਰਵਾਸ

### ਡਾ. ਸੁਖਵਿੰਦਰ ਸਿੰਘ ਸੰਘਾ

ਉਹ ਸੋਚਦੀ! ਅਮਰੀਕੀ ਪ੍ਰਸ਼ਾਸਨ ਇੰਜ ਤਾਂ ਨਹੀਂ ਕਰ ਸਕਦਾ? ਦ ਗੋਲਡਨ ਏਜ ਆਫ਼ ਅਮੈਰਿਕਾ ਬਿਗਿਨਜ਼ ਰਾਈਟ ਨਾਓ।20 ਜਨਵਰੀ ਅਮਰੀਕਾ ਦਾ ਮੁਕਤੀ ਦਿਵਸ ਹੈ। ਗੈਰ-ਕਾਨੂੰਨੀ ਅਤੇ ਜਰਾਇਮ ਪੇਸ਼ਾ ਪਰਵਾਸੀਆਂ ਤੋਂ ਮੁਕਤੀ ! ਮਹਿੰਗਾਈ ਤੋਂ ਮੁਕਤੀ ! ਟੈਕਸਾਂ ਤੋਂ ਮੁਕਤੀ ।ਅਣਵਾਜਬ ਵਿਸ਼ਵ ਬੋਝ ਤੋਂ ਮੁਕਤੀ ।ਅਮੈਰੀਕਾਜ਼ ਡੈਕਲਾਇਨ ਇਜ਼ ਓਵਰ। ਵੀ ਆਰ ਪੁੱਟਿੰਙ ਅਮੈਰਿਕਾ ਫ਼ਸਟ।ਅਮੈਰਿਕਾ ਫ਼ਸਟ! ਅਮੈਰਿਕਾ ਫ਼ਸਟ!! ਅਮੈਰਿਕਾ ਫ਼ਸਟ!!!

ਉਹ ਸੋਚਦੀ। ਮੈਂ ਵੀ ਤਾਂ ਅਮਰੀਕੀ ਹੀ ਹਾਂ। ਮੇਰੇ ਕੋਲ ਅਮਰੀਕਾ ਦਾ ਗਰੀਨ ਕਾਰਡ ਵੀ ਹੈ। ਮੇਰੇ ਪੋਤੇ-ਪੋਤੀਆਂ ਇੱਥੋਂ ਦੀਆਂ ਹਨ ।ਉਹ ਭਲਾ ਸਾਨੂੰ ਥੋੜ੍ਹੋ ਕੱਢਣਗੇ ? ਉਹ ਸੋਚਦੀ। ਪਰ ਲੰਬੜਾਂ ਦੀ ਜੀਤੋ ਕਿਉਂ ਕਹਿੰਦੀ ਸੀ ਕਿ ਅਸੀਂ ਸਾਰੇ ਇੱਥੇ ਏਦਾਂ ਹੀ ਆਏ ਹਾਂ । ਉਹ ਸੋਚਦੀ। ਫੇਰ ਸੋਚਦੀ।

ਸੋਚਦੀ-ਸੋਚਦੀ ਪਤਾ ਨਹੀਂ ਕਦੋਂ ਨੀਂਦ ਦੀ ਆਗੋਸ਼ ਵਿਚ ਚਲੀ ਜਾਂਦੀ ਹੈ।

—

ਯਮਰਾਜ ਦੀ ਕਚਹਿਰੀ । ਮੁਨਕਰ ਅਤੇ ਨਕੀਰ ਇਜ਼ਰਾਈਲ ਫ਼ਰਿਸ਼ਤਾ ਦੇ ਸਹਾਇਕ ਵਜੋਂ ਉਪਸਥਿਤ ਹਨ। ਕਚਹਿਰੀ ਵਿਚ ਅਨੇਕ ਤਰ੍ਹਾਂ ਦੇ ਡਰਾਉਣੇ ਦੈਂਤ, ਡੈਣਾਂ, ਕੋਈ ਨਰਸਿੰਗੀ, ਕੋਈ ਹਾਥੀ ਦੰਦੀ। ਹਰਸੂ ਡਰਾਉਣੀਆਂ ਭਿਅੰਕਰ ਉਦਾਤ ਧੁਨਾਂ ਗਰਜ ਰਹੀਆਂ ਹਨ ।ਇਜ਼ਰਾਈਲ ਫ਼ਰਿਸ਼ਤਾ ਆਪਣੇ ਭਿਅੰਕਰ ਵਿਕਰਾਲ ਸਰੂਪ ਵਿਚ ਦੰਡ ਦਾਨਵ ਵਜੋਂ ਪ੍ਰਵੇਸ਼ ਕਰਦੇ ਹਨ ।ਲੱਟ-ਪੱਟ ਬਲਦੀ ਨਿਆਇ ਚਿਖ਼ਾ ਤੇ ਬੈਠਦੇ ਹੀ ਇਕ ਮਹਾਂਸਿੰਗੀ ਨੂੰ ਕੰਜਕ ਕੰਨਿਆ ਦੀ ਧੌਂੜੀ 'ਤੇ ਜ਼ੋਰ-ਜ਼ੋਰ ਨਾਲ ਪਟਕਾ ਕੇ ਅੱਜ ਦੀ ਕਾਰਵਾਈ ਦਾ ਸ਼ੁੱਭ ਪ੍ਰਾਰੰਭ ਕਰਦੇ ਹਨ।

ਮੁਜਰਮ ਨੂੰ ਪੇਸ਼ ਕੀਤਾ ਜਾਵੇ। ਦੋ ਮੱਝ ਅਕਾਰੀ ਸਿਆਹ ਵਰਣ ਜਮਦੂਤ ਇਕ ਅਰਧ-ਵਿਰਧ ਔਰਤ ਨੂੰ ਵਾਲਾਂ ਤੋਂ ਘਸੀਟਦੇ ਦੋਸ਼-ਕਕਸ਼ ਵਿਚ ਲਿਆ ਖੜਾ ਕਰਦੇ ਹਨ।

ਇਸ ਮਾਨਵ ਨੇ ਕੀ ਗੁਨਾਹ ਕੀਤਾ ਹੈ? ਇਹ ਮਾਨਵ ਨਹੀਂ, ਔਰਤ ਹੈ ਮਹਾਰਾਜ, ਮੁਨਕਰ ਅੱਗੋਂ ਜਵਾਬ ਦਿੰਦਾ ਹੈ। ਓਏ ਮੂਰਖਾ ! ਪ੍ਰਾਲੋਕ ਵਿਚ ਸਿਰਫ਼ ਤਿੰਨ ਪ੍ਰਕਾਰ ਦੇ ਪ੍ਰਾਣੀ ਹਨ। ਦੇਵ, ਦਾਨਵ ਤੇ ਮਾਨਵ ।ਇੱਥੇ ਮਾਤਲੋਕ ਵਾਂਗਰ ਲਿੰਗ ਅਧਾਰਿਤ ਵਿਤਕਰਾ ਨਹੀਂ ਹੈ ।ਇਜ਼ਰਾਈਲ ਫ਼ਰਿਸ਼ਤਾ ਕ੍ਰੋਧਿਤ ਮੁਦਰਾ ਵਿਚ ਪ੍ਰਵਚਨ ਕਰਦਾ ਹੈ। ਸ਼ਮਾ ਕਰਨਾ ਮਹਾਰਾਜ ।

ਇਸ ਮਾਨਵ 'ਤੇ ਕੀ ਆਰੋਪ ਹਨ ?

ਇਸ ਮਾਨਵ 'ਤੇ ਇਕ ਨਹੀਂ, ਤਿੰਨ-ਤਿੰਨ ਗੁਨਾਹ ਕੀਤੇ ਹਨ।

ਗੁਨਾਹ ਨੰਬਰ ਇਕ। ਇਸ ਨੇ ਮਾਤਲੋਕ ਵਿਚ ਵਿਆਹ ਜਿਹੇ ਪਵਿੱਤਰ ਰਿਸ਼ਤੇ ਨੂੰ ਪ੍ਰਦੂਸ਼ਿਤ ਕੀਤਾ ਹੈ।

ਆਪਣੇ ਧਰਮ ਦੀ ਬੇਅਦਬੀ ਕੀਤੀ ਹੈ ।ਮਸੇਰੇ ਭਰਾ ਨਾਲ ਵਿਆਹ ਕਰਕੇ ਇਸ ਨੇ ਸਮਾਜਿਕ ਰਿਸ਼ਤਿਆਂ ਦਾ ਘਾਣ ਕੀਤਾ ਹੈ। ਮਹਾਰਾਜ ਇਨ੍ਹਾਂ ਦੇ ਕੁਨਬੇ ਵਿਚ ਮਾਸੇਰੇ, ਚਾਚੇਰੇ, ਫੁਫੇਰੇ ਭਰਾ ਨਾਲ ਵਿਆਹ ਕਰਨਾ ਵਰਜਿਤ ਹੀਂ ਨਹੀਂ, ਸਗੋਂ ਪਾਪ ਹੈ।

ਇਹ ਮਸੇਰੇ, ਚਚੇਰੇ, ਫੁਫੇਰੇ ਭਰਾ ਕੌਣ ਹੁੰਦੇ ਨੇ ਮੁਨਕਰ

ਮਹਾਰਾਜ ਜੀ, ਮਾਂ ਦੀ ਭੈਣ ਦੇ ਮੁੰਡੇ ਨੂੰ ਮਸੇਰਾ ਭਰਾ ਕਹਿੰਦੇ ਹਨ, ਪਿਓ ਦੇ ਭਰਾ ਦੇ ਮੁੰਡੇ ਨੂੰ ਚਾਚੇਰਾ ਅਤੇ ਪਿਓ ਦੀ ਭੈਣ ਦੇ ਮੁੰਡੇ ਨੂੰ ਫੁਫੇਰਾ ਭਰਾ ਕਹਿੰਦੇ ਹਨ।

ਇਸ ਦਾ ਕੋਈ ਠੋਸ ਸਬੂਤ ਹੈ ਤੁਹਾਡੇ ਕੋਲ ?

ਜੀ ਮਹਾਰਾਜ ! ਹੈ ਸਬੂਤ ਸਾਡੇ ਕੋਲ। ਮੁਨਕਰ ਨਕੀਰ ਨੂੰ ਅੱਖਾਂ ਦੇ ਇਸ਼ਾਰੇ ਨਾਲ ਕੁੱਝ ਸਮਝਾਉਂਦਾ ਹੈ। ਨਕੀਰ ਦੀਆਂ ਅੱਖਾਂ ਵਿੱਚੋਂ ਨੀਲੀਆਂ ਤੇਜ਼-ਤਰਾਰ ਕਿਰਨਾਂ ਸਾਹਮਣੇ ਵਾਲੀ ਕੰਧ 'ਤੇ ਪੈਂਦੀਆਂ ਹਨ ਜਿਵੇਂ ਸੱਤਰ ਐੱਮ ਐੱਮ ਸਕਰੀਨ 'ਤੇ ਕੋਈ ਫ਼ਿਲਮ ਚੱਲ ਰਹੀ ਹੋਵੇ। ਇਕ-ਇਕ ਕਰਕੇ ਵਿਆਹ ਤੋਂ ਪਹਿਲਾਂ ਦੀਆਂ ਸਾਰੀਆਂ ਘਟਨਾਵਾਂ ਸਕਰੀਨ 'ਤੇ ਚਲ ਚਿੱਤਰਾਂ ਵਾਂਗੂੰ ਚਲਦੀਆਂ ਹਨ। ਇਕ ਦ੍ਰਿਸ਼ ਵਿਚ ਇਕ ਬੱਚੀ ਦੂਸਰੇ ਬੱਚੇ ਦੇ ਗੁੱਟ 'ਤੇ ਰੱਖੜੀ ਬੰਨ੍ਹ ਰਹੀ ਹੈ। ਦ੍ਰਿਸ਼ ਨੂੰ ਦੇਖ ਕੇ ਇਜ਼ਰਾਈਲ ਫ਼ਰਿਸ਼ਤਾ ਸਵਾਲ ਕਰਦਾ ਹੈ।

ਮੁਨਕਰ, ਇਹ ਲਘੂ ਮਾਨਵ ਦੂਜੇ ਲਘੂ ਮਾਨਵ ਨੂੰ ਹੱਥਕੜੀ ਕਿਉਂ ਲਗਾ ਰਿਹਾ ਹੈ ।ਇਹ ਹੱਥਕੜੀ ਨਹੀਂ ਮਹਾਂਰਾਜ, ਇਹ ਰੱਕਸ਼ਾ ਕਵਚ ਹੈ ।ਅਜਿਹਾ ਕਰਕੇ ਇਹ ਮਾਨਵ ਆਪਣੀ ਭੈਣ ਨੂੰ ਇਹ ਵਚਨ ਦਿੰਦਾ ਹੈ ਕਿ ਮੈਂ ਰੱਕਸ਼ਾ ਕਵਚ ਵਾਂਗੂੰ ਹਮੇਸ਼ਾ ਤੇਰੇ ਅੰਗ-ਸੰਗ ਰਹਾਂਗਾ ।ਇਹ ਲਘੂ ਬੱਚਾ ਬੱਚੀ ਉਹੀ ਮਾਨਵ ਨੇ, ਜਿਨ੍ਹਾਂ ਦੇ ਜੀਵਨ ਚੱਲ ਚਿੱਤਰ ਨੂੰ ਤੁਸੀਂ ਦ੍ਰਿਸ਼ਟਮਾਨ ਕਰ ਰਹੇ ਹੋ।

ਬਚਪਨ ਤੋਂ ਜਵਾਨੀ ਤੇ ਫਿਰ ਜਵਾਨੀ ਤੋਂ ਵਿਆਹ ਤੱਕ ਦੀਆਂ ਸਾਰੀਆਂ ਘਟਨਾਵਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਮਾਸੇਰੇ ਭੈਣ ਭਰਾ ਹਨ।

ਘੋਰ ਪਾਪ! ਘੋਰ ਪਾਪ!! ਘੋਰ ਪਾਪ!!! ਇਜ਼ਰਾਈਲ ਫ਼ਰਿਸ਼ਤਾ ਕ੍ਰੋਧਿਤ ਮੁਦਰਾ ਵਿਚ ਜ਼ੋਰ-ਜ਼ੋਰ ਦੀ ਕੁਰਲਾਉਂਦਾ ਹੈ । ਨਕੀਰ ।ਇਸ ਦੇ ਪਾਪ ਨੂੰ ਬਹੀ ਖਾਤੇ ਵਿਚ ਜਮ੍ਹਾਂ ਕੀਤਾ ਜਾਵੇ।

ਜੀ ਮਹਾਰਾਜ।

ਇਸ ਨੇ ਹੋਰ ਕੀ ਗੁਨਾਹ ਕੀਤਾ ਹੈ। ਮਹਾਰਾਜ ਇਸ ਮਾਨਵ ਨੇ ਵਿਆਹ ਪੰਜੀਕਰਨ ਦੇ ਦਸਤਾਵੇਜ਼ ਨਾਲ ਛੇੜ-ਛਾੜ ਕੀਤੀ ਹੈ। ਜਿਸ ਮਾਨਵ ਨਾਲ ਇਸ ਦਾ ਵਿਆਹ ਹੋ ਰਿਹਾ ਸੀ, ਉਹ ਮਾਨਵ ਪਹਿਲਾਂ ਹੀ ਸ਼ਾਦੀਸ਼ੁਦਾ ਹੈ ।ਉਹ ਪਹਿਲਾਂ ਵਿਆਹ ਕਰਵਾ ਕੇ ਇਕ ਮਾਨਵ ਨੂੰ ਸਵਰਗ ਲੋਕ ਵਿਚ ਬੁਲਾ ਚੁੱਕਾ ਹੈ, ਜਿਸ ਵਾਸਤੇ ਇਸ ਮਾਨਵ ਨੇ ਉਸ ਕੋਲੋਂ ਕਾਫ਼ੀ ਵੱਡੀ ਕਰਮ ਵੀ ਵਸੂਲ ਕੀਤੀ ਸੀ ਤੇ ਜਦੋਂ ਉਹ ਸਵਰਗ ਲੋਕ ਵਿਚ ਪੱਕਾ ਹੋ ਗਿਆ ਤਾਂ ਉਸ ਨੂੰ ਤਲਾਕ ਦੇ ਕੇ ਇਸ ਮਾਨਵ ਨਾਲ ਸ਼ਾਦੀ ਕਰ ਲਈ।

ਇਹ ਵਿਆਹ ਪੰਜੀਕਰਨ ਦੇ ਦਸਤਾਵੇਜ਼ ਨਾਲ ਛੇੜ-ਛਾੜ ਕਿਵੇਂ ਹੋਈ, ਮੁਨਕਰ?

ਅਜੇ ਬਿਰਤਾਂਤ ਮੁਕੰਮਲ ਨਹੀਂ ਹੋਇਆ ਮਹਾਰਾਜ ।ਇਸ ਦੇ ਕੁਨਬੇ ਵਿਚ ਸ਼ਾਦੀ-ਸ਼ੁਦਾ ਮਾਨਵ ਨਾਲ ਮੁੜ ਵਿਆਹ ਕਰਵਾਉਣਾ ਇਕ ਟੈਬੂ ਹੈ ਮਹਾਰਾਜ।

ਇਹ ਟੈਬੂ ਕੀ ਹੁੰਦਾ ਮੁਨਕਰ ?

ਇਹ ਸਮਾਜਿਕ ਮਨਾਹੀ ਹੁੰਦੀ ਹੈ ਮਹਾਰਾਜ । ਇਹ ਤੂੰ ਪਹਿਲਾਂ ਨਹੀਂ ਸੀ ਬੋਲ ਸਕਦਾ ? ਮੁਨਕਰ, ਤੂੰ ਯਮਲੋਕ ਅਦਾਲਤ ਵਿਚ ਮਾਤਲੋਕ ਦੀ ਸ਼ਬਦਾਵਲੀ ਵਰਤ ਰਿਹਾ ਏਂ। ਇਹ ਵੀ ਤਾਂ ਇਕ ਟੈਬੂ ਹੀ ਹੈ ।ਸ਼ਮਾ ਕਰਨਾ ਮਹਾਰਾਜ।

ਹਾਂ, ਠੀਕ ਹੈ ਅੱਗੇ ਚਲੋ।

ਚੱਲ ਅੱਗੇ ਚੱਲ ਕੇ ਗਵਾਹੀ ਦੇ ।ਇਹ ਉਸ ਦਾ ਪਿਤਾ ਹੈ, ਜੋ ਲੰਬੜਦਾਰ ਨੂੰ ਵਿਆਹ ਦੀ ਰਜਿਸਟਰੇਸ਼ਨ ਲਈ ਗਵਾਹੀ ਦੇਣ ਲਈ ਕਹਿ ਰਿਹਾ ਹੈ ।ਤਹਿਸੀਲਦਾਰ ਜਿੰਨਾ ਮਰਜ਼ੀ ਕਹੇ, ਤੂੰ ਬੱਸ ਇਹੀ ਕਹਿਣਾ ਕਿ ਮੁੰਡਾ ਕਵਾਰਾ ਹੈ, ਇਸ ਦਾ ਪਹਿਲਾਂ ਵਿਆਹ ਨਹੀਂ ਹੋਇਆ।

ਹਾਂ ਬਈ ਤੂੰ ਕਵਾਰਾ ਏਂ? ਤੇਰਾ ਪਹਿਲਾਂ ਵਿਆਹ ਤਾਂ ਨਹੀਂ ਹੋਇਆ। ਤਹਿਸੀਲਦਾਰ ਮੁੰਡੇ ਨੂੰ ਪੁੱਛਦਾ ਹੈ। ਨਹੀਂ ਸਰ, ਨੈਵਰ ਮੈਰਿਡ ।'ਨੈਵਰ ਮੈਰਿਡ' ਨਾਂਅ ਹੇਠ ਵਿਆਹ ਦੀ ਰਜਿਸਟਰੇਸ਼ਨ ਹੋ ਜਾਂਦੀ ਹੈ। ਲੰਬੜਦਾਰ ਆਪਣਾ ਮਿਹਨਤਨਾਮਾ ਲੈ ਕੇ ਰੁਖ਼ਸਤ ਹੋ ਜਾਂਦਾ ਹੈ। ਕੁੜੀ ਦੇ ਪਿਓ ਦੀ ਪ੍ਰੇਸ਼ਾਨੀ ਵਧਦੀ ਜਾ ਰਹੀ ਹੈ ਕਿਉਂਕਿ ਮੁੰਡਾ ਆਵਾਸ ਮਹਿਕਮੇ ਅਨੁਸਾਰ 'ਤਲਾਕਸ਼ੁਦਾ' ਹੈ ਪਰ 'ਨਵੇਂ' ਵਿਆਹ ਅਨੁਸਾਰ 'ਨੈਵਰ ਮੈਰਿਡ'।ਇਸ ਕਲਾਈਮੈਕਸ ਵਿਚ ਕੁੜੀ ਦੀ ਭੂਆ ਸ਼ਿੰਨੋ ਉਰਫ਼ 'ਸ਼ਰਨਜੀਤ ਕੌਰ' ਉਰਫ਼ 'ਜੁਗਾੜ ਭੂਆ' ਦਾ ਦਾਖ਼ਲਾ ਹੁੰਦਾ ਹੈ। 'ਭੂਆ' ਨੂੰ ਪਿੰਡ ਵਿਚ 'ਜੁਗਾੜ ਭੂਆ' ਵਜੋਂ ਹੀ ਜਾਣਿਆ ਜਾਂਦਾ ਸੀ, ਕਿਉਂਕਿ ਪਿੰਡ ਵਿਚ 'ਰਹਿਆਂ ਖਹਿਆਂ' ਭਾਵ ਜਿਨ੍ਹਾਂ ਦਾ ਵਿਆਹ ਨਹੀਂ ਹੁੰਦਾ ਸੀ, ਉਨ੍ਹਾਂ ਦਾ ਜੁਗਾੜ ਵੀ ਭੂਆ ਹੀ ਲਗਾਉਂਦੀ ਸੀ। ਆਪਣੇ ਭਰਾ ਨੂੰ ਉਦਰਿਆ ਦੇਖ ਭੂਆ ਕਹਿੰਦੀ ਹੈ ਜੱਗ ਸਿਆਂ ਤੂੰ ਆਹ ਮੂੰਹ ਜਿਹਾ ਕਿਉਂ ਲਟਕਾਈ ਫਿਰਦਾ ਏਂ ਜੱਗ ਸਿੰਘ ਸਾਰੀ ਕਹਾਣੀ ਆਪਣੀ ਭੈਣ ਨੂੰ ਸੁਣਾ ਦਿੰਦਾ ਹੈ। ਲੈ ਇਹ ਗੱਲ ਤਾਂ ਸਾਨੂੰ ਸਾਰਿਆਂ ਨੂੰ ਪਤਾ ਹੀ ਸੀ ।ਆਪਣੀ ਭਤੀਜੀ ਦਾ ਰਿਸ਼ਤਾ ਵੀ 'ਸ਼ੰਨੋ' ਨੇ ਆਪਣੀ ਜੁਗਾੜਬੰਦੀ ਦੇ ਹਿਸਾਬ ਨਾਲ ਹੀ ਕੀਤਾ ਸੀ । ਸ਼ਹਿਰ ਤਹਿਸੀਲਦਾਰ ਦੇ ਦਫ਼ਤਰ ਜਾਓ ਅਤੇ ਜਿਸ ਬੰਦੇ ਨੇ ਇਹ ਸਰਟੀਫ਼ਿਕੇਟ ਬਣਾਇਆ ਹੈ, ਉਸ ਨੂੰ ਕਹੋ ਬਈ ਆਹ ਨੈਵਰ ਮੈਰਿਡ ਤੇ ਓਸੇ ਮਸ਼ੀਨ ਨਾਲ ਕਾਟੇ ਮਾਰ ਕੇ 'ਡਾਇਵੋਰਸਡ' ਤੇ ਸਹੀ ਮਾਰ ਦੇ ।ਇਹ ਕਿੱਡਾ ਕੁ ਵੱਡਾ ਕੰਮ ਹੈ ।ਲੋਕਾਂ ਤਾਂ ਇੱਥੇ ਬਾਹਰ ਜਾਣ ਲਈ ਆਪਣੇ ਮਾਂ-ਪਿਓ ਬਦਲ ਲਏ ਨੇ, ਇਹ ਤਾਂ ਐਵੇਂ ਨਿੱਕੀ ਜਿਹੀ ਸੁਧਾਈ ਹੈ। ਗੱਲ ਤਾਂ ਬੱਸ 'ਅਡਜਸਟਮੈਂਟ' ਦੀ ਹੈ।

ਚਲੋ ਪਹਿਲਾਂ ਇਹ 'ਅਡਜਸਟਮੈਂਟ' ਦਾ ਕੰਮ ਕਰਦੇ ਹਾਂ।




ਕੁੜੀ ਦਾ ਪਿਓ ਇਕ ਦਮ ਹਰਕਤ ਵਿਚ ਆ ਜਾਂਦਾ ਹੈ।

ਤੇ ਉਨ੍ਹਾਂ 'ਅਡਜਸਟਮੈਂਟ' ਕਰ ਲਈ । ਵਿਆਹ ਦਸਤਾਵੇਜ਼ ਵਿਚ ਸੁਧਾਈ ਕਰ ਦਿੱਤੀ ਗਈ ਤੇ ਉਹ ਆਪਣੇ 'ਜਾਅਲੀ ਵਿਆਹ ਦਸਤਾਵੇਜ਼' ਨਾਲ ਸਵਰਗ ਲੋਕ ਪਹੁੰਚ ਗਈ।

ਮੁਨਕਰ ! ਤੂੰ ਇਹੀ ਕਹਿਣਾ ਚਾਹੁੰਦਾ ਏਂ। ਨਹੀਂ ਮਹਾਰਾਜ, ਇਹ ਇਸ ਤਰ੍ਹਾਂ ਨਹੀਂ ਹੈ।

ਸਵਰਗ ਆਵਾਸ ਮਹਿਕਮੇ ਨੂੰ ਇਸ ਔਰਤ ਦੇ ਆਵਾਸੀ ਦਸਤਾਵੇਜ਼ ਸ਼ੱਕੀ ਲੱਗੇ ਅਤੇ ਉਨ੍ਹਾਂ ਇਸ ਔਰਤ ਦੀ ਆਵਾਸੀ ਮਿਸਲ ਰੱਦ ਕਰ ਦਿੱਤੀ ਅਤੇ ਇਸ ਦੀ ਸਵਰਗ ਦਾਖ਼ਲੇ 'ਤੇ ਦਸ ਸਾਲ ਦੀ ਰੋਕ ਲਗਾ ਦਿੱਤੀ।ਦੋ ਸਾਲ ਬਾਅਦ ਇਨ੍ਹਾਂ ਦਾ ਆਪ ਸਹਿਮਤੀ ਨਾਲ ਤਲਾਕ ਹੋ ਗਿਆ ।ਤਲਾਕ ਵੇਲੇ ਇਨ੍ਹਾਂ ਦਾ ਇਕ ਬੱਚਾ ਵੀ ਸੀ। ਫਿਰ ਇਹ ਮਾਨਵ 'ਸਵਰਗ ਲੋਕ' ਕਦੋਂ ਤੇ ਕਿਵੇਂ ਪਹੁੰਚਿਆ ?

ਇਹ ਇਕ ਬਹੁਤ ਲੰਮੀ ਤੇ ਸ਼ਰਮਨਾਕ ਕਹਾਣੀ ਹੈ।

ਸ਼ਰਮਨਾਕ ਹੋਣ ਵਾਲੀ ਇਸ ਵਿਚ ਕਿਹੜੀ ਗੱਲ ਹੈ। ਆਪਣੇ ਇਲਾਕੇ ਦੇ ਲੋਕੀਂ ਬਹੁਤਾ ਇਸ ਤਰ੍ਹਾਂ ਰਿਸ਼ਤੇ ਕਰਕੇ ਹੀ ਬਾਹਰ ਗਏ ਹਨ।

ਦੇਖ ਭੈਣ ਮੈਂ ਤਾਂ ਪਹਿਲਾਂ ਹੀ ਕੁੜੀ ਦਾ ਰਿਸ਼ਤਾ ਉਹਦੀ ਮਾਸੀ ਦੇ ਮੁੰਡੇ ਨਾਲ ਕਰਕੇ ਬੜੀ ਨਮੋਸ਼ੀ ਝੱਲੀ ਹੈ। ਫੇਰ ਵਿੱਚੋਂ ਬਣਿਆ ਵੀ ਕੁੱਝ ਨਹੀਂ ।ਕੁੜੀ ਦੇ ਬਾਹਰ ਜਾਣ ਉੱਤੇ ਦਸ ਸਾਲ ਦੀ ਰੋਕ ਲੱਗ ਗਈ ਸੀ।ਹੁਣ ਵੀਹ ਸਾਲਾਂ ਬਾਅਦ ਫਿਰ ਓਹੀ ਨਮੋਸ਼ੀ ਝੱਲਾਂ ਤੇ ਉਹਦੇ ਮੁੰਡੇ ਦਾ ਰਿਸ਼ਤਾ ਉਹਦੇ ਪਹਿਲੇ ਘਰਵਾਲੇ ਦੀ ਕੁੜੀ ਨਾਲ ਕਰ ਦਿਆਂ, ਇਸ ਤਰ੍ਹਾਂ ਤਾਂ ਤੁਰਕ ਵੀ ਨਹੀਂ ਕਰਦੇ ਭੈਣ।

ਲੰਮੀ ਸੋਚ ਕਮਲਿਆ, ਤੇਰਾ ਦੋਹਤਾ ਬਾਹਰ ਚਲਾ ਜਾਏਗਾ ਤੇ ਫਿਰ ਕੁੜੀ ਵੀ । ਇਹ ਵੀ ਬਚਾਰੀ ਚਾਰ ਦਿਨ ਚੰਗੇ ਦੇਖ ਲਵੇਗੀ। ਬਾਕੀ ਰਹੀ ਲੋਕਾਂ ਦੀ ਗੱਲ, ਰਾਤ ਗਈ ਤਾਂ ਬਾਤ ਗਈ, ਕਿਸ ਕੋਲ ਏਨਾ ਸਮਾਂ ਹੈ ਕਿ ਉਹ ਲੋਕਾਂ ਦੀਆਂ ਧੀਆਂ-ਭੈਣਾਂ ਦੀਆਂ ਵੀਹ-ਵੀਹ ਸਾਲ ਪੁਰਾਣੀਆਂ ਗੱਲਾਂ ਨੂੰ ਚੁੱਕੀ ਫਿਰਨ ।ਉਨ੍ਹਾਂ ਨੂੰ ਤਾਂ ਆਪਣੇ ਝਮੇਲਿਆਂ ਵਿੱਚੋਂ ਸਾਹ ਨਹੀਂ ਮਿਲਦੀ।

ਨਾਲੇ ਸੁਣ, ਐਵੇਂ ਘਬਰਾ ਨਾ, ਆਪਣੀ ਕੁੜੀ ਦੇ ਪਰਾਹੁਣੇ ਦੇ ਤੀਜੇ ਵਿਆਹ ਦੀ ਦੱਸ ਵੀ ਮੈਂ ਹੀ ਪਾਈ ਸੀ। ਕੁੜੀ 'ਭਲੇ ਘਰ' ਦੀ ਬਚਾਰੀ ਮੰਨ ਗਈ ।ਹੁਣ ਓਧਰ ਸਵਰਗ ਭੋਗਦੀ ਹੈ।ਜਦੋਂ ਮੈਂ ਆਪਣੇ ਮੁੰਡੇ ਦੀ ਗੱਲ ਤੋਰੀ ਤਾਂ ਦੋਵੇਂ ਝੱਟ ਮੰਨ ਗਏ। ਨਾਲੇ ਇਹ ਮੁੰਡਾ ਉਨ੍ਹਾਂ ਦਾ ਵੀ ਤਾਂ ਓਨਾ ਹੀ ਹੈ।

ਇਸ ਤਰ੍ਹਾਂ ਮਹਾਰਾਜ, ਉਨ੍ਹਾਂ ਦਾ ਵਿਆਹ ਕਰ ਦਿੱਤਾ ਗਿਆ ।ਵਿਆਹ ਤੋਂ ਬਾਅਦ ਇਸ ਮਾਨਵ ਦਾ ਮੁੰਡਾ ਸਵਰਗ ਲੋਕ ਆ ਗਿਆ ਅਤੇ ਇੱਥੇ ਆ ਕੇ ਉਸ ਨੇ ਆਪਣੀ ਮਾਂ ਨੂੰ ਵੀ 'ਮਾਪਿਆਂ ਦੀ ਸ਼੍ਰੇਣੀ' ਵਿਚ ਏਧਰ ਬੁਲਾ ਲਿਆ।

ਘੋਰ ਪਾਪ! ਘੋਰ ਪਾਪ!! ਘੋਰ ਪਾਪ!!! । ਇਜ਼ਰਾਈਲ ਫ਼ਰਿਸ਼ਤਾ ਇਕ ਵਾਰ ਫਿਰ ਕ੍ਰੋਧਿਤ ਮੁਦਰਾ ਵਿਚ ਜ਼ੋਰ-ਜ਼ੋਰ ਦੀ ਕੁਰਲਾਇਆ। ਇਸ ਮਾਨਵ ਨੇ ਆਪਣੇ ਮੁੰਡੇ ਦਾ ਵਿਆਹ ਉਸ ਦੀ ਸਕੇਰੀ ਭੈਣ ਨਾਲ ਕਰ ਦਿੱਤਾ।

ਜੀ, ਮਹਾਰਾਜ। ਤੁਸੀਂ ਮਾਤਲੋਕ ਦੀ ਸ਼ਬਦਾਵਲੀ ਨੂੰ ਭਲੀ-ਭਾਂਤ ਇਸਤੇਮਾਲ ਕਰਦੇ ਪਰਤੀਤ ਹੋ ਰਹੇ ਹੋ।

ਮੂਰਖਾ, ਪਰਤੀਤ ਨਹੀਂ ਹੋ ਰਿਹਾ, ਮੈਂ ਇਸਤੇਮਾਲ ਕਰ ਰਿਹਾ ਹਾਂ। ਮਾਤਲੋਕ ਦੀ ਭਾਸ਼ਾ ਦੀ ਨਜ਼ਾਕਤ ਨੂੰ ਸਮਝੇ ਬਿਨਾਂ ਇਨ੍ਹਾਂ ਲੋਕਾਂ ਨਾਲ ਨਜਿੱਠਣਾ ਅਤਿ ਕਠਿਨ ਹੈ।

ਅਦਾਲਤ ਤੁਹਾਡੇ ਫ਼ੈਸਲੇ ਦੀ ਉਡੀਕ ਵਿਚ ਹੈ ਮਹਾਰਾਜ।

ਇਸ ਮਾਨਵ ਨੂੰ ਅਗਨ ਕੁੰਡ ਵਿਚ ਸੁੱਟ ਦਿੱਤਾ ਜਾਵੇ।

ਮਹਾਰਾਜ, ਅਗਨ ਕੁੰਡ ਤੋਂ ਅੱਗੇ ਇਸ ਮਾਨਵ ਦੀ ਰਾਹਦਾਰੀ ਕਿਸ ਲੋਕ ਦੀ ਹੈ ? ਨਰਕਲੋਕ ਜਾਂ ਮਾਤਲੋਕ ਦੀ ?

ਨਹੀਂ, ਮੁਨਕਰ, ਇਹ ਮਾਨਵ ਨਾ ਨਰਕਲੋਕ ਜਾਏਗਾ ਅਤੇ ਨਾ ਹੀ ਮਾਤਲੋਕ ।ਇਹ ਅਨਿਆ ਲੋਕ ਜਾਏਗਾ ।

ਤੁਹਾਡਾ ਇਸ਼ਾਰਾ ਥਰਡ ਵਰਡ ਕੰਨਟਰੀ ਵੱਲ ਤਾਂ ਨਹੀਂ ਹੈ ਮਹਾਰਾਜ।

ਤੂੰ, ਬਿਲਕੁਲ ਸਹੀ ਬੁੱਝਿਆ ਹੈ ਮੁਨਕਰ। ਅਸੀਂ ਇਸ ਮਾਨਵ ਨੂੰ ਥਰਡ ਵਰਡ ਕੰਟਰੀ ਹੀ ਡਿਪੋਰਟ ਕਰਾਂਗੇ, ਜਿੱਥੇ ਇਸ ਮਾਨਵ ਦੇ ਵਰਣ ਤੇ ਬੋਲੀ ਦਾ ਕੋਈ ਦੂਜਾ ਮਾਨਵ ਨਹੀਂ ਹੋਵੇਗਾ । 'ਨਿਆ' ਵਰਗਾ ਉਸ ਧਰਤੀ 'ਤੇ ਕੋਈ ਸ਼ਬਦ ਨਹੀਂ ਹੈ ।ਇਸੇ ਕਰਕੇ ਇਸ ਨੂੰ 'ਅਨਿਆ ਲੋਕ' ਕਿਹਾ ਜਾਂਦਾ ਹੈ। ਇਹ ਮਾਨਵ ਓਥੇ ਬੰਧੂਆ ਮਜ਼ਦੂਰ ਵਜੋਂ ਕੰਮ ਕਰੇਗਾ ਤੇ ਆਪਣੇ ਆਪ ਨਾਲ ਹੀ ਗੱਲਾਂ ਕਰਦਾ ਆਪਣੀ ਹਯਾਤੀ ਦੀ ਇੰਤਹਾ ਨੂੰ ਵੇਖੇਗਾ ।

ਮਹਾਰਾਜ, ਸਾਡਾ ਹਾਲੇ ਥਰਡ ਵਰਡ ਕੰਟਰੀ ਨਾਲ ਕੋਈ ਅਜਿਹਾ ਐਮਓਯੂ ਨਹੀਂ ਹੋਇਆ।

ਇਹ ਐਮਓਯੂ ਹੋ ਚੁੱਕਾ ਹੈ, ਮੁਨਕਰ। ਹੁਕਮ ਦੀ ਤਾਮੀਲ ਤੁਰੰਤ ਕੀਤੀ ਜਾਵੇ।

ਜੀ ਮਹਾਰਾਜ। ਮੁਨਕਰ ਸਾਹਮਣੇ ਖੜੇ ਜਮਦੂਤਾਂ ਵੱਲ ਆਪਣੀ ਦ੍ਰਿਸ਼ਟੀ ਘੁਮਾਉਂਦਾ ਹੈ।

ਕਾਲੇ ਝੋਟਿਆਂ ਦੀ ਜੋਗ ਆਉਂਦੀ ਹੈ। ਪੰਜਾਲੀ ਦੇ ਦਰਮਿਆਨ ਇਕ ਮੋਟਾ ਸੰਗਲ ਹੈ ਅਤੇ ਸੰਗਲ ਦੇ ਸਿਰੇ 'ਤੇ ਇਕ ਬਹੁਤ ਮਜ਼ਬੂਤ ਕੁੰਡਾ। ਦੋ ਸਿਆਹ ਵਰਣ ਜਮਦੂਤ ਝੋਟਿਆਂ ਦੀ ਜੋਗ ਨੂੰ ਅਗਨ ਕੁੰਡ ਦੇ ਵਿਰਾਟ ਬੂਹਿਆਂ ਕੋਲ ਲੈ ਕੇ ਆਉਂਦੇ ਹਨ ।ਸੰਗਲ ਦੇ ਕੁੰਡੇ ਨੂੰ ਬੂਹਿਆਂ ਦੇ ਅਰਲ ਵਿਚ ਫਸਾ ਦਿੰਦੇ ਹਨ। ਇਕ ਜਮਦੂਤ ਪਰੈਣੀ ਦੀ ਆਰ ਨੂੰ ਝੋਟਿਆਂ ਦੇ ਪੁੜਾਂ 'ਤੇ ਵਾਰ-ਵਾਰ ਮਾਰਦਾ ਹੈ ।ਝੋਟੇ ਇਕਦਮ ਜ਼ੋਰ ਮਾਰ ਕੇ ਅਗਨ ਕੁੰਡ ਦੇ ਕਵਾੜ ਖੋਲ੍ਹ ਦਿੰਦੇ ਹਨ। ਚਾਰੇ ਪਾਸੇ ਅੱਗ ਦੀਆਂ ਲਾਟਾਂ ਫੈਲ ਜਾਂਦੀਆਂ ਹਨ। ਇਸ ਤਰ੍ਹਾਂ ਦੀਆਂ ਆਵਾਜ਼ਾਂ ਆਉਂਦੀਆਂ ਹਨ, ਜਿਵੇਂ ਕਿਸੇ ਨੇ ਸੁੱਕੀ ਮੂੰਗਫਲੀ ਦੀਆਂ ਢਾਕਾਂ ਨੂੰ ਅੱਗ ਲਗਾ ਦਿੱਤੀ ਹੋਵੇ ।ਸਿਆਹ ਵਰਣ ਜਮਦੂਤ ਆ ਕੇ ਉਸ ਮਾਨਵ ਨੂੰ ਗਿੱਟਿਆਂ ਤੇ ਕੇਸਾਂ ਤੋਂ ਘਸੀਟਦੇ ਅਗਨ ਕੁੰਡ ਵਿਚ ਸੁੱਟ ਦਿੰਦੇ ਹਨ। ਅਗਨ ਕੁੰਡ ਦੇ ਕਵਾੜ ਅਹਿਸਤਾ-ਅਹਿਸਤਾ ਬੰਦ ਹੋ ਜਾਂਦੇ ਹਨ। ਸਾਰੇ ਪਾਸੇ ਸ਼ਾਂਤੀ ਹੈ।ਬੱਸ ਚੁੱਪ ਦਾ ਪਾਸਾਰ ਹੈ ।ਧਰਤ 'ਤੇ ਡਿੱਗੀ ਸੂਈ ਦਾ ਖੜਾਕ ਵੀ ਸੁਣਾਈ ਦਿੰਦਾ ਹੈ।

—

ਸਭ ਪਾਸੇ ਸ਼ਾਂਤੀ ਹੈ।ਚੁੱਪ ਦਾ ਪਾਸਾਰ ਹੈ ।ਕੋਈ ਆਵਾਜ਼ ਨਹੀਂ ਹੈ। ਉਹ ਮਲਕੜੇ-ਮਲਕੜੇ ਆਪਣੇ ਬਿਸਤਰ ਤੋਂ ਉੱਠਦੀ ਹੈ। ਹੌਲੇ-ਹੌਲੇ ਆਪਣੇ ਬਿਸਤਰੇ ਦੇ ਚਾਰੇ ਪਾਸੇ ਸੇਰੂ, ਬਾਹੀਆਂ, ਪੈਂਦ ਨੂੰ ਟੋਹ ਕੇ ਵੇਖਦੀ ਹੈ। ਫਿਰ ਪੈਰ ਦੱਬਦੀ ਹੋਈ ਘਰ ਦੇ ਏਧਰ-ਓਧਰ ਚੱਕਰ ਮਾਰਦੀ ਹੈ। ਸਭ ਪਾਸੇ ਸੰਨਾਟਾ ਹੈ ।ਘਰ ਦਾ ਕੋਈ ਵੀ ਜੀ ਹਾਲੇ ਉਠਿਆ ਨਹੀਂ ਹੈ।ਫਿਰ ਆ ਕੇ ਆਪਣੇ ਬਿਸਤਰੇ 'ਤੇ ਲੇਟ ਜਾਂਦੀ ਹੈ।ਉਹ ਫਿਰ ਸੋਚਦੀ ਹੈ।ਲੰਬੜਾਂ ਦੀ ਜੀਤੋ ਕਿਉਂ ਕਹਿੰਦੀ ਸੀ ਕਿ ਅਸੀਂ ਸਾਰੇ ਇੱਥੇ ਏਦਾਂ ਹੀ ਆਏ ਹਾਂ ।ਇੱਥੇ ਸਾਰੇ ਤਾਂ ਸਾਡੇ ਵਾਂਗੂੰ ਨਹੀਂ ਆਏ ।ਸਾਡੇ ਪਿੰਡ ਦੇ ਕਈ ਮੁੰਡੇ-ਕੁੜੀਆਂ ਪੜ੍ਹਾਈ ਕਰਕੇ ਇੱਥੇ ਪੱਕੇ ਹੋਏ ਹਨ। ਵਧੀਆ ਨੌਕਰੀਆਂ ਕਰਦੇ ਹਨ। ਉਨ੍ਹਾਂ ਦੀਆਂ ਘਰ ਵਾਲੀਆਂ ਤੇ ਘਰਵਾਲੇ ਵੀ ਗੋਰੇ ਹਨ।ਸਾਡੇ ਕਰਮਾਂ ਵਿਚ ਹੀ ਸ਼ਾਇਦ ਇਹ ਜਹਾਲਤ ਲਿਖੀ ਸੀ। ਅਸੀਂ ਤਾਂ ਜੱਗ ਤੋਂ ਵੀ ਝੂਠੇ ਤੇ ਰੱਬ ਤੋਂ। ਮੈਨੂੰ ਤਾਂ ਇਹ ਸਮਝ ਵੀ ਨਹੀਂ ਆਉਂਦੀ ਇਸ ਮੁੰਡੇ ਦੇ ਬੱਚਿਆਂ ਨੂੰ ਪੋਤਾ-ਪੋਤੀ ਕਵਾਂ ਕਿ ਦੋਹਤਾ-ਦੋਹਤੀ। ਕੀ ਥੁੜਿਆ ਸੀ ਇੱਥੇ ਆਣ ਖੁਣੋ ।ਉਹ ਫਿਰ ਸੋਚਦੀ-ਸੋਚਦੀ ਉੱਠ ਕੇ ਕਮਰੇ ਤੋਂ ਬਾਹਰ ਆ ਜਾਂਦੀ ਹੈ ।ਬਾਹਰ ਹਾਲੇ ਵੀ ਸੰਨਾਟਾ ਹੈ। ਇਕ ਅਜੀਬ ਤਰ੍ਹਾਂ ਦੀ ਚੁੱਪ ਹੈ। ਸਾਰੇ ਆਪੋ-ਆਪਣੇ ਕਮਰਿਆਂ ਵਿਚ ਸੁੱਤੇ ਪਏ ਹਨ।

ਨਾਲ ਦੇ ਕਮਰੇ ਦੀ ਬੱਤੀ ਜਗਦੀ ਹੈ। ਉਹ ਇਕਦਮ ਸਹਿਮ ਜਾਂਦੀ ਹੈ।

ਉਸ ਦੀ ਨੂੰਹ ਕਮਰੇ ਤੋਂ ਬਾਹਰ ਆਉਂਦੀਂ ਹੈ। ਬੀਬੀ ਕੀ ਗੱਲ ਹੈ ? ਸਾਰੇ ਸੁੱਤੇ ਪਏ ਹਨ।ਤੂੰ ਕਾਹਦੀ ਪਰਿਕਰਮਾ ਕਰੀ ਜਾਨੀਂ ਏਂ?

ਕੁੜੇ ਰਾਤੀਂ ਮੈਨੂੰ ਬਹੁਤ ਭੈੜਾ ਸੁਪਨਾ ਆਇਆ। ਲੱਗਾ ਜਿਵੇਂ ਆਪਣੇ ਬੀਰੇ ਨੂੰ ਡਿਪੋਰਟ ਕਰਕੇ ਰਵਾਂਡਾ ਭੇਜ ਦਿੱਤਾ ਹੈ।

ਬੀਬੀ ਸੁਫ਼ਨੇ ਸੱਚੇ ਨਹੀਂ ਹੁੰਦੇ ।ਨਾਲੇ ਹੁਣ ਕਾਹਦਾ ਡਰ। ਮਿੱਡ ਟਰਮ ਚੋਣਾਂ ਕਰਕੇ ਹੈ, ਉਨ੍ਹਾਂ ਸਾਰੇ ਆਰਡੀਨੈਂਸ ਅਗਲੇ ਹੁਕਮਾਂ ਤੱਕ ਸਸਪੈਂਡ ਕਰ ਦਿੱਤੇ ਹਨ।

ਫਿਰ ਆਪਣੇ ਜਿਹੜੇ ਮੁੰਡੇ ਦੋ ਨੰਬਰ ਵਿਚ ਮੈਕਸੀਕੋ ਰਾਹੀਂ ਇੱਥੇ ਆਏ ਸੀ, ਉਨ੍ਹਾਂ ਦੇ ਟਰੱਕਾਂ ਦੇ ਲਾਈਸੈਂਸ ਵੀ ਕੈਂਸਲ ਨਹੀਂ ਹੁੰਦੇ।

ਨਹੀਂ ਹੁੰਦੇ ਬੀਬੀ, ਹੁਣ ਸਭ ਕੁੱਝ ਠੀਕ ਹੈ ।ਤੂੰ ਆਰਾਮ ਨਾਲ ਜਾ ਕੇ ਸੌਂ ਜਾ ।ਆ ਬਹੁਤੇ ਸੁਫ਼ਨੇ ਨਾ ਲਿਆ ਕਰ। ਸੁਫ਼ਨੇ ਸੱਚ ਨਹੀਂ ਹੁੰਦੇ।

ਠੀਕ ਹੈ ਪੁੱਤ, ਧੰਨ ਧੰਨ ਬਾਬਾ ਜੀ।

ਕੁੜੇ, ਅੱਜ ਵਾਰ ਕੀ ਆ?।

ਵੀਰਵਾਰ ਆ, ਬੀਬੀ ਜੀ।

ਕੁੜੇ, ਅੱਜ ਤਾਂ ਬਾਬਾ ਜੀ ਦਾ ਭੰਡਾਰਾ ਵੀ ਹੈ, ਅੱਜ ਓਥੇ ਚੱਲਾਂਗੀਆਂ, ਨਾਲੇ ਬਾਬਾ ਜੀ ਦਾ ਲੰਗਰ ਛਕਾਂਗੀਆਂ, ਨਾਲੇ ਬਾਬਾ ਜੀ ਨੂੰ ਕਵਾਂਗੀਆਂ ਕਿ ਬਾਬਾ ਜੀ ਪਰਵਾਰ ਦੀ ਸੁੱਖ-ਸਲਾਮਤੀ ਲਈ ਅਰਦਾਸ ਵੀ ਕਰ ਦੇਵੇ।

ਠੀਕ ਹੈ ਬੀਬੀ ਜੀ। ਹਾਲੇ ਜਾ ਕੇ ਸੌਂ ਲੈ, ਬਹੁਤ ਟਾਇਮ ਪਿਆ ਹੈ।

ਉਹ ਹੌਲੀ-ਹੌਲੀ ਪੈਰ ਪੁੱਟਦੀ ਆਪਣੇ ਬਿਸਤਰੇ 'ਤੇ ਲੇਟ ਜਾਂਦੀ ਹੈ ।ਪਰ ਉਹ ਫੇਰ ਸੋਚਦੀ ਕਿ ਸੁਪਨੇ ਸੱਚੀਂ ਸੱਚ ਨਹੀਂ ਹੁੰਦੇ ? ਜੇ ਸੱਚ ਨਹੀਂ ਹੁੰਦੇ ਤਾਂ ਫਿਰ ਰਾਤ ਵਾਲਾ ਸੁਪਨਾ ਭੋਰਾ ਭੋਰਾ ਸੱਚ ਕਿਉਂ ਸੀ? ਉਹ ਫ਼ੇਰ ਸੋਚਦੀ ਤੇ ਸੋਚਦੀ ਸੋਚਦੀ ਇਕ ਵਾਰ ਫਿਰ ਨੀਂਦ ਦੀ ਆਗੋਸ਼ ਵਿਚ ਚਲੀ ਜਾਂਦੀ ਹੈ।

# ਪ੍ਰਮੁੱਖ ਵਾਰਤਕਕਾਰ ਗੁਰਬਖਸ਼ ਸਿੰਘ ਪ੍ਰੀਤਲੜੀ

ਗੁਰਬਖਸ਼ ਸਿੰਘ ਪ੍ਰੀਤਲੜੀ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀਆਂ ਵਿੱਚੋਂ ਸਨ। ਉਹ ਵੀਹਵੀਂ ਸਦੀ ਦੇ ਪ੍ਰਮੁੱਖ ਪੰਜਾਬੀ ਵਾਰਤਕਕਾਰ ਸਨ। ਪੰਜਾਬੀ ਵਾਰਤਕ ਦਾ ਮੂੰਹ-ਮੁਹਾਂਦਰਾ ਸੁਆਰਨ ਵਿੱਚ ਉਨ੍ਹਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਸਰਦਾਰ ਗੁਰਬਖਸ਼ ਸਿੰਘ ਦੁਆਰਾ ਪੰਜਾਬੀ ਵਾਰਤਕ ਪਹਿਲੀ ਵਾਰ ਧਾਰਮਿਕ ਰੰਗਤ ਤਿਆਗ ਕੇ ਨਿਰੋਲ ਲੌਕਿਕ ਰੂਪ ਵਿੱਚ ਨਿੱਖਰਨੀ ਸ਼ੁਰੂ ਹੋਈ। ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਜਨਮ 26 ਅਪ੍ਰੈਲ, 1895 ਨੂੰ ਸਰਦਾਰ ਪਿਸ਼ੌਰਾ ਸਿੰਘ ਦੇ ਘਰ ਮਾਤਾ ਮਾਲਣੀ ਦੀ ਕੁੱਖੋਂ ਸਿਆਲਕੋਟ (ਪਾਕਿਸਤਾਨ) ਵਿਖੇ ਹੋਇਆ। ਉਨ੍ਹਾਂ ਸਿਆਲਕੋਟ ਤੋਂ ਦਸਵੀਂ ਦਾ ਇਮਤਿਹਾਨ ਪਾਸ ਕੀਤਾ। ਉਸ ਤੋਂ ਬਾਅਦ ਉਹ ਐੱਫ.ਸੀ. ਕਾਲਜ ਲਾਹੌਰ ਵਿੱਚ ਦਾਖਲ ਹੋ ਗਏ, ਪਰ ਛੇਤੀ ਹੀ ਕਾਲਜ ਦੀ ਪੜ੍ਹਾਈ ਛੱਡ ਕੇ ਸਪਲਾਈ ਤੇ ਟਰਾਂਸਪੋਰਟ ਵਿਭਾਗ ਵਿੱਚ ਕਲਰਕ ਭਰਤੀ ਹੋ ਗਏ, ਪਰ ਇਸ ਵਿਭਾਗ ਵਿੱਚ ਵੀ ਜ਼ਿਆਦਾ ਦੇਰ ਨਾ ਟਿਕੇ ਅਤੇ ਮੁੜ ਵਿੱਦਿਆ ਪ੍ਰਾਪਤ ਕਰਨ ਦੀ ਲਗਨ ਨਾਲ ਟੋਮਸਨ ਇੰਜੀਨੀਅਰਿੰਗ ਕਾਲਜ ਰੁੜਕੀ ਦਾਖਲ ਹੋ ਗਏ ਅਤੇ ਇਥੋਂ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ। 1919 ਤੋਂ 1923 ਤੱਕ ਉਨ੍ਹਾਂ ਅਮਰੀਕਾ ਦੀ ਮਿਸ਼ੀਗਨ ਯੂਨੀਵਰਸਿਟੀ ਤੋਂ ਉਚੇਰੀ ਸਿੱਖਿਆ ਪ੍ਰਾਪਤ ਕੀਤੀ।1925 ਵਿੱਚ ਉਹ ਭਾਰਤੀ ਰੇਲਵੇ ਵਿੱਚ ਇੰਜੀਨੀਅਰ ਲੱਗ ਗਏ। 1931 ਵਿੱਚ ਨੌਕਰੀ ਛੱਡ ਕੇ ਉਨ੍ਹਾਂ ਨੌਸ਼ਹਿਰਾ ਵਿਖੇ ਠੇਕੇ 'ਤੇ ਜ਼ਮੀਨ ਲੈ ਕੇ ਆਧੁਨਿਕ ਢੰਗਾਂ ਨਾਲ ਖੇਤੀ ਕਰਨੀ ਸ਼ੁਰੂ ਕੀਤੀ। 1933 ਵਿੱਚ ਇੱਥੋਂ ਹੀ ਉਨ੍ਹਾਂ ਮਾਸਿਕ ਪੱਤਰ 'ਪ੍ਰੀਤਲੜੀ' ਸ਼ੁਰੂ ਕਰਕੇ ਪੰਜਾਬੀ ਵਿੱਚ ਸਾਹਿਤਕ ਪੱਤਰਕਾਰੀ ਦਾ ਮੁੱਢ ਬੰਨ੍ਹਿਆ ਅਤੇ ਪ੍ਰੀਤਲੜੀ ਸ਼ਬਦ ਸਦਾ ਲਈ ਉਨ੍ਹਾਂ ਦੇ ਨਾਂਅ ਨਾਲ ਜੁੜ ਗਿਆ।ਸਹੀ ਅਰਥਾਂ ਵਿੱਚ ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਸਾਹਿਤਕ ਜੀਵਨ 'ਪ੍ਰੀਤਲੜੀ' ਦੇ ਸ਼ੁਰੂ ਹੋਣ ਨਾਲ ਹੀ ਆਰੰਭ ਹੋਇਆ।1936 ਵਿੱਚ ਗੁਰਬਖਸ਼ ਸਿੰਘ ਪ੍ਰੀਤਲੜੀ ਨੌਸ਼ਹਿਰੇ ਤੋਂ ਲਾਹੌਰ ਆ ਗਏ ਅਤੇ ਫਿਰ 1938 ਵਿੱਚ ਅੰਮ੍ਰਿਤਸਰ ਦੇ ਨੇੜੇ ਲੋਪੋਕੇ ਪਿੰਡ ਵਿੱਚ 15 ਏਕੜ ਜ਼ਮੀਨ ਖਰੀਦ ਕੇ ਪ੍ਰੀਤ ਨਗਰ ਵਸਾਇਆ। ਉਨ੍ਹਾਂ ਨੇ ਇਸ ਨਗਰ ਵਿੱਚ ਵਸਣ ਲਈ ਹੋਰ ਲੇਖਕਾਂ ਨਾਲ ਰਾਬਤਾ ਕਾਇਮ ਕੀਤਾ ਅਤੇ ਕਈ ਲੇਖਕ ਪ੍ਰੀਤ ਨਗਰ ਵਿਖੇ ਰਹਿਣ ਲੱਗ ਪਏ, ਪਰ 1947 ਦੇ ਦੇਸ਼ ਵੰਡ ਸਮੇਂ ਪ੍ਰੀਤ ਨਗਰ ਨੂੰ ਬਹੁਤ ਢਾਹ ਲੱਗੀ। ਗੁਰਬਖਸ਼ ਸਿੰਘ ਪ੍ਰੀਤਲੜੀ ਨੂੰ ਵੀ ਮਹਿਰੌਲੀ (ਦਿੱਲੀ) ਜਾਣਾ ਪੈ ਗਿਆ, ਪਰ ਜਲਦੀ ਹੀ ਗੁਰਬਖਸ਼ ਸਿੰਘ ਤਾਂ ਵਾਪਸ ਆ ਕੇ ਪ੍ਰੀਤ ਨਗਰ ਰਹਿਣ ਲੱਗ ਪਏ, ਪਰ ਵਧੇਰੇ ਲੇਖਕ ਮੁੜ ਇੱਥੇ ਆਬਾਦ ਨਾ ਹੋਏ।1970 ਵਿੱਚ ਪ੍ਰੀਤਲੜੀ ਦੀਆਂ 18000 ਕਾਪੀਆਂ ਛਪਦੀਆਂ ਸਨ ਅਤੇ ਕਈ ਸਾਲਾਂ ਤੱਕ ਇਹ ਪੰਜਾਬੀ ਦਾ ਸਭ ਤੋਂ ਵੱਧ ਵਿਕਣ ਵਾਲਾ ਮਾਸਿਕ ਸਾਹਿਤਕ ਪੱਤਰ ਰਿਹਾ ਹੈ। ਹੁਣ ਚੰਡੀਗੜ੍ਹ ਤੋਂ ਗੁਰਬਖਸ਼ ਸਿੰਘ ਦੀ ਪੋਤ ਨੂੰਹ ਬੀਬੀ ਪੂਨਮ ਦੇ ਯਤਨਾਂ ਸਦਕਾ ਪ੍ਰੀਤਲੜੀ ਛਪ ਰਿਹਾ ਹੈ। ਪ੍ਰੀਤਲੜੀ ਵਾਂਗ ਹੀ 1940 ਵਿੱਚ ਸਰਦਾਰ ਗੁਰਬਖਸ਼ ਸਿੰਘ ਨੇ ਬੱਚਿਆਂ ਲਈ 'ਬਾਲ ਸੰਦੇਸ਼' ਪੱਤਰ ਵੀ ਜਾਰੀ ਕੀਤਾ ਸੀ, ਜਿਸ ਦੀ ਬਾਅਦ ਵਿੱਚ ਸੰਪਾਦਨਾ ਉਨ੍ਹਾਂ ਦੇ ਸਪੁੱਤਰ ਹਿਰਦੇ ਪਾਲ ਸਿੰਘ ਕਰਦੇ ਰਹੇ ਹਨ।



ਗੁਰਬਖਸ਼ ਸਿੰਘ ਦੀ ਸਭ ਤੋਂ ਪਹਿਲੀ ਰਚਨਾ 1913 ਵਿੱਚ ਲਿਖੀ 'ਪ੍ਰਿਤਮਾ' ਨਾਂਅ ਦੀ ਕਹਾਣੀ ਸੀ। ਨਾਟਕ ਖੇਤਰ ਵਿੱਚ ਉਨ੍ਹਾਂ ਦਾ ਲਿਖਿਆ ਪਹਿਲਾ ਨਾਟਕ 'ਪ੍ਰੀਤ ਮੁਕਟ' ਸੀ, ਜੋ ਉਨ੍ਹਾਂ 1923 ਵਿੱਚ ਲਿਖਿਆ ਸੀ, ਜੋ ਪਹਿਲਾਂ ਅੰਗਰੇਜ਼ੀ ਵਿੱਚ Love's crown ਨਾਂਅ ਹੇਠ ਛਪਿਆ ਸੀ। ਸਰਦਾਰ ਗੁਰਬਖਸ਼ ਸਿੰਘ ਨੇ ਲੱਗਭੱਗ ਸੰਸਾਰ ਦੇ 20 ਦੇਸ਼ਾਂ ਦੀ ਵੱਖ-ਵੱਖ ਸਮੇਂ ਯਾਤਰਾ ਕੀਤੀ।ਜਿਸ ਸਦਕਾ ਉਨ੍ਹਾਂ ਨੂੰ ਵਿਦੇਸ਼ੀ ਪ੍ਰਭਾਵ ਗ੍ਰਹਿਣ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਵਿਦੇਸ਼ਾਂ ਤੋਂ ਪ੍ਰਭਾਵ ਗ੍ਰਹਿਣ ਕਰਕੇ ਆਪਣੀ ਮਾਂ ਬੋਲੀ ਪੰਜਾਬੀ ਦੁਆਰਾ ਪੰਜਾਬੀ ਪਾਠਕ ਜਗਤ ਤੱਕ ਪਹੁੰਚਾਏ।

ਗੁਰਬਖਸ਼ ਸਿੰਘ ਪ੍ਰੀਤਲੜੀ ਪੰਜਾਬੀ ਵਾਰਤਕ ਦਾ ਇੱਕ ਪ੍ਰਮੁੱਖ ਸ਼ੈਲੀਕਾਰ ਹੋਇਆ ਹੈ। ਸਪੱਸ਼ਟਤਾ ਤੇ ਮੌਲਿਕਤਾ ਗੁਰਬਖਸ਼ ਸਿੰਘ ਦੀ ਸ਼ੈਲੀ ਦੇ ਪ੍ਰਮੁੱਖ ਗੁਣ ਹਨ। ਨਾਟਕੀ ਵਾਰਤਾਲਾਪ ਦੁਆਰਾ ਉਹ ਰੋਮਾਂਚਕਾਰੀ ਵਾਤਾਵਰਨ ਪੈਦਾ ਕਰਨ ਦਾ ਉਸਤਾਦ ਸੀ। ਗੁਰਬਖਸ਼ ਸਿੰਘ ਪ੍ਰੀਤਲੜੀ ਸ਼ਬਦਾਂ ਦਾ ਜਾਦੂਗਰ ਸੀ।ਗੁਰਬਖਸ਼ ਸਿੰਘ ਦਾ ਸਾਹਿਤਕ ਆਦਰਸ਼ ਵਹਿਮਾਂ-ਭਰਮਾਂ, ਪਖੰਡਾਂ ਅਤੇ ਇਸਤਰੀ ਜਾਤੀ ਨਾਲ ਹੋ ਰਹੇ ਧੱਕੇ ਦਾ ਪਰਦਾਫਾਸ਼ ਕਰਨਾ ਸੀ। ਉਸ ਦੀਆਂ ਕਹਾਣੀਆਂ ਦਾ ਮੂਲ ਵਿਸ਼ਾ ਪ੍ਰੀਤ ਹੀ ਹੈ। ਨਿਰਸੰਦੇਹ ਗੁਰਬਖਸ਼ ਸਿੰਘ ਦੇ ਪਿਆਰ ਦਾ ਸੰਕਲਪ ਰੋਮਾਂਚਕਾਰੀ ਅਤੇ ਆਦਰਸ਼ਵਾਦੀ ਹੈ। ਗੁਰਬਖ਼ਸ਼ ਸਿੰਘ ਦੇ ਪਿਆਰ ਦਾ ਇਹ ਵੀ ਸੰਕਲਪ ਹੈ ਕਿ ਪਿਆਰ ਕਬਜ਼ਾ ਨਹੀਂ, ਪਹਿਚਾਣ ਹੈ।

ਗੁਰਬਖਸ਼ ਸਿੰਘ ਦੇ ਨਿਬੰਧਾਂ ਦਾ ਮੁੱਖ ਉਦੇਸ਼ ਮਾਨਵਵਾਦੀ ਹੈ। ਉਸ ਨੇ ਇਸਤਰੀ ਪੁਰਸ਼ ਦੀ ਬਰਾਬਰੀ, ਮਨੁੱਖਤਾ ਦੀ ਸਾਂਝ, ਲਿੰਗ ਸਿੱਖਿਆ ਸਮੇਤ ਅਣਗਿਣਤ ਵਿਸ਼ਿਆਂ ਨੂੰ ਪੇਸ਼ ਕੀਤਾ ਹੈ। ਉਨ੍ਹਾਂ ਦੇ ਨਿਬੰਧਾਂ ਦੇ ਵਿਸ਼ੇ ਨਵੇਂ ਵਿਚਾਰਾਂ ਵਾਲੇ ਅਤੇ ਨਵੀਆਂ ਸੰਭਾਵਨਾਵਾਂ ਜਗਾਉਣ ਵਾਲੇ ਹਨ। ਉਨ੍ਹਾਂ ਨੇ ਹੇਠ ਲਿਖੇ 'ਨਿਬੰਧ ਸੰਗ੍ਰਹਿ' ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ।

ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਮੌਲਿਕ ਸਾਹਿਤ ਦੀ ਰਚਨਾ ਕਰਨ ਦੇ ਨਾਲ-ਨਾਲ ਅਨੁਵਾਦ ਦੇ ਖੇਤਰ ਵਿੱਚ ਵੀ ਮਾਅਰਕੇ ਮਾਰੇ ।ਉਨ੍ਹਾਂ ਨੇ ਅਮਰੀਕਨ ਕਵੀ ਵਾਲਟ ਵਿਟਮੈਨ ਦੇ ਕਾਵਿ ਸੰਗ੍ਰਹਿ ਦਾ ਪੰਜਾਬੀ ਅਨੁਵਾਦ 'ਘਾਹ ਦੀਆਂ ਪੱਤੀਆਂ' ਕੀਤਾ।ਮਹਾਤਮਾ ਬੁੱਧ ਸੰਬੰਧੀ ਅੰਗਰੇਜ਼ੀ ਕਵੀ ਐਡਵਿਨ ਆਰਨਲਿਡ ਦੁਆਰਾ ਰਚਿਤ ਮਹਾਂਕਾਵਿ 'ਏਸ਼ੀਆ ਦਾ ਚਾਨਣ' ਨਾਂਅ ਦੇ ਗਦ ਕਾਵਿ ਰੂਪ ਵਿੱਚ ਅਨੁਵਾਦ ਕੀਤਾ। ਮੋਲੀਅਰ ਦੇ ਦੋ ਨਾਟਕਾਂ ਦਾ ਪੰਜਾਬੀ ਅਨੁਵਾਦ ਅਤੇ ਰੂਸੀ ਲੇਖਕ ਗੋਰਕੀ ਦੇ ਨਾਵਲ ਦਾ ਪੰਜਾਬੀ ਅਨੁਵਾਦ 'ਮਾਂ' ਇਸ ਖੇਤਰ ਵਿੱਚ ਵਿਸ਼ੇਸ਼ ਸਥਾਨ ਰੱਖਦੇ ਹਨ। ਗੁਰਬਖਸ਼ ਸਿੰਘ ਪ੍ਰੀਤ ਲੜੀ ਦੀਆਂ ਕਈ ਪੁਸਤਕਾਂ ਉਨ੍ਹਾਂ ਦੇ ਜੀਵਨ ਕਾਲ ਉਪਰੰਤ ਵੀ ਪ੍ਰਕਾਸ਼ਿਤ ਹੋਈਆਂ ਹਨ।

ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਸਾਹਿਤਕ ਯੋਗਦਾਨ ਦਾ ਸਤਿਕਾਰ ਕਰਦਿਆਂ ਵੱਖ-ਵੱਖ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਬਹੁਤ ਸਾਰੇ ਮਾਣ-ਸਨਮਾਨ ਦਿੱਤੇ ਗਏ, ਜਿਨ੍ਹਾਂ ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ (1951), ਸੋਵੀਅਤ ਲੈਂਡ ਨਹਿਰੂ ਪੁਰਸਕਾਰ (1972) ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਦਿੱਤੀ ਗਈ ਫੈਲੋਸ਼ਿਪ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹਨ। ਗੁਰਬਖਸ਼ ਸਿੰਘ ਪ੍ਰੀਤਲੜੀ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ, ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ, ਆਲ ਇੰਡੀਆ ਪੀਸ ਕੌਂਸਲ ਦੇ ਮੀਤ ਪ੍ਰਧਾਨ ਅਤੇ ਸੰਸਾਰ ਅਮਨ ਕੌਂਸਲ ਦੇ ਮੈਂਬਰ ਵੀ ਰਹੇ।

ਗੁਰਬਖਸ਼ ਸਿੰਘ ਪੰਜਾਬੀ ਸਾਹਿਤ ਦਾ ਵਿਰਸਾ ਅਮੀਰ ਕਰਕੇ ਅੰਤ 20 ਅਗਸਤ, 1977 ਨੂੰ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ। ਸਵਰਗੀ ਡਾ. ਐੱਮ.ਐੱਸ. ਰੰਧਾਵਾ ਦੇ ਸ਼ਬਦਾਂ ਵਿੱਚ 'ਪੰਜਾਬੀ ਜ਼ੁਬਾਨ, ਸਾਹਿਤ ਤੇ ਸੱਭਿਆਚਾਰ 'ਤੇ ਗੁਰਬਖਸ਼ ਸਿੰਘ ਦੀ ਮੋਹਰ ਛਾਪ ਹਮੇਸ਼ਾ ਹੀ ਰਹੇਗੀ।'


- ਦਲਜੀਤ ਰਾਏ ਕਾਲੀਆ
ਮੋਬਾ. 97812-00168


# ਈਰਾਨੀ ਲੋਕਾਂ ਦੇ ਕੌਮੀ ਜਜ਼ਬੇ ਨੂੰ ਸਲਾਮ !

ਸ਼ਾਬਾਸ਼ ! ਕਮਾਲ ਕਰਤੀ ਈਰਾਨੀ ਯੋਧਿਓ। ਥੋਡੇ ਕੌਮੀ ਜਜ਼ਬੇ, ਏਕੇ ਤੇ ਲੜਾਈ ਨੂੰ ਸਲਾਮ।ਕੁਰਬਾਨੀਆਂ ਦੇ ਕਦਰਦਾਨੋ, ਕੁਰਬਾਨੀਆਂ ਦਾ ਸਿਰ ਉੱਚਾ ਕੀਤੈ। ਤੁਸੀਂ 'ਜਿਉਣਾ ਹੈ ਤਾਂ ਮਰਨਾ ਸਿੱਖੋ, ਕਦਮ ਕਦਮ 'ਤੇ ਲੜਨਾ ਸਿੱਖੋ' ਦੇ ਨਾਹਰੇ ਨੂੰ ਬੁਲੰਦ ਕੀਤੈ।ਅੱਜ ਦੇ ਸਮੇਂ, ਸਾਮਰਾਜ ਦੇ ਵਿਰੋਧ ਦੀ ਉੱਭਰਵੀਂ ਮਿਸਾਲ ਬਣੇ ਹੋ। ਤੁਸੀਂ ਸਾਮਰਾਜੀ ਸਰਗਣੇ ਦੀ ਹੈਸੀਅਤ 'ਚ ਚਿੱਬ ਪਾ ਦਿੱਤੈ। ਤੁਸੀਂ ਇਹ ਧਾਰਨਾ ਪੱਕੀ ਕਰ ਦਿੱਤੀ, ਇਕਜੁੱਟ ਜੂਝਦੀ ਕੌਮ ਹੀ ਆਜ਼ਾਦੀਆਂ ਮਾਣਦੀ ਹੈ। ਜਿੱਥੇ ਡੁੱਲ੍ਹਦਾ ਖ਼ੂਨ ਸ਼ਹੀਦਾਂ ਦਾ, ਤਕਦੀਰ ਬਦਲਦੀ ਕੌਮਾਂ ਦੀ।ਨਿਹੱਕੇ ਹਮਲੇ ਦਾ ਇਉਂ ਹੀ ਮੂੰਹ ਮੋੜੀਦੈ।ਹਮਲਾ ਅਚਾਨਕ ਸੀ, ਵੱਡਾ ਵੀ, ਪਰ ਥੋਡੇ ਏਕੇ ਨੇ ਵੱਡੇ ਖੱਬੀ ਖਾਨਾਂ ਦੀ ਚੱਕਰੀ ਘੁਮਾ ਦਿੱਤੀ। ਪੈਰਾਂ ਹੇਠੋਂ ਜ਼ਮੀਨ ਕੱਢ ਦਿੱਤੀ।ਆਵਦੇ ਸਕਿਆਂ ਨੂੰ ਹਾਕਾਂ ਮਾਰਦਾ ਰਹਿ ਗਿਆ, ਕੋਈ ਨਾ ਬਹੁੜਿਆ। ਤੁਸੀਂ ਉਹਨੂੰ ਮੁੜ ਗੱਲ-ਬਾਤ ਦਾ ਰਾਹ ਭਾਲਣ ਲਾਤਾ।

ਤੁਸੀਂ ਇੱਕ ਵਾਰ ਫੇਰ ਕੰਧ ਉੱਤੇ ਲਿਖ ਦਿੱਤੈ। ਅਮਰੀਕਾ ਤੇ ਇਜ਼ਰਾਈਲ ਦੇ ਹਾਕਮ ਵੱਡੇ ਜੰਗਬਾਜ਼ ਨੇ। ਕੌਮਾਂ ਨੂੰ ਗੁਲਾਮੀ ਵੱਲ ਧੱਕਣ ਤੇ ਘਾਣ ਕਰਨ ਦੇ ਅਪਰਾਧੀ ਨੇ। ਅਮਰੀਕਾ, ਚੱਤੋ ਪਹਿਰ ਸਿੰਗ ਮਿੱਟੀ ਚੱਕੀ ਰੱਖਦੈ। ਗਲ ਵਿੱਚ ਢੋਲ 'ਜਮਹੂਰੀਅਤ' ਦਾ ਰੱਖਦੈ, ਕਰਦੈ ਨੰਗੀ ਚਿੱਟੀ ਬਦਮਾਸ਼ੀ। ਦੁਨੀਆ ਦੇ ਡਾਕੂਆਂ ਦਾ ਸਰਦਾਰ, ਦੁਨੀਆ ਲੁੱਟਣ ਚੜ੍ਹਿਆ ਰਹਿੰਦੈ।ਧਮਕਾ ਕੇ ਸੰਧੀਆਂ, ਸਮਝੌਤਿਆਂ 'ਤੇ ਅੰਗੂਠੇ ਲਵਾਉਂਦੈ। ਕੋਈ ਅੜੇ, ਪਾਬੰਦੀਆਂ ਮੜ੍ਹਦੈ, ਨਾਕਾਬੰਦੀਆਂ ਕਰਦੈ। ਅਗਲੇ ਨੂੰ ਘਰੇਲੂ ਯੁੱਧ ਵਿੱਚ ਉਲਝਾਉਂਦੈ। ਹਥਿਆਰ ਵੇਚਦੈ।ਆਨੀਂ-ਬਹਾਨੀਂ ਫੌਜੀ ਹਮਲੇ ਕਰਦੈ। ਹਕੂਮਤ ਬਦਲੀ ਕਰਕੇ ਕੱਠਪੁਤਲੀ ਹਕੂਮਤ ਬਣਾਉਂਦੈ।ਮੁਲਕ ਦੇ ਵਸੀਲੇ ਮਨਮਰਜ਼ੀ ਨਾਲ ਚੂੰਢਦੈ। ਇਜ਼ਰਾਇਲ, ਮੱਧ ਪੂਰਬ ਵਿੱਚ ਏਹਦਾ ਠਾਣੇਦਾਰ। ਇਹਦੇ ਹਿੱਤਾਂ ਦਾ ਹਥਿਆਰਬੰਦ ਪਹਿਰੇਦਾਰ। ਆਵਦੀਆਂ ਸਰਹੱਦਾਂ ਦੇ ਪਸਾਰੇ ਦਾ ਜਨੂੰਨੀ ਦਹਿਸ਼ਤਗਰਦ। ਮਨੁੱਖਤਾ ਦਾ ਕਾਤਲ। ਆਜ਼ਾਦੀ ਦਾ ਵੈਰੀ।

ਐਥੇ ਥੋੜੀਆਂ ਲਿਖੀਆਂ ਪੱਕੀਆਂ ਹੋਈਆਂ। ਅਮਰੀਕਾ ਚੱਲਦੀ ਗੱਲਬਾਤ ਛੱਡ ਬੇਈਮਾਨ ਹੋਇਐ।ਅਚਾਨਕ ਇਜ਼ਰਾਇਲ ਨਾਲ ਰਲ ਕੇ ਫੌਜੀ ਖ਼ੂਨੀ ਹਮਲਾ ਕਰ ਦਿੱਤੈ। ਬਹਾਨਾ ਬਣਾਇਆ 'ਈਰਾਨ ਕੋਲ ਪ੍ਰਮਾਣੂੰ ਬੰਬ ਹੈ।' ਅਗਲੇ ਦਿਨੀਂ ਸੱਚ ਸਿਰ ਚੜ੍ਹ ਬੋਲਿਆ। 'ਬੱਸ ਦੋ ਦਿਨਾਂ ਵਿੱਚ ਤਖਤਾ ਪਲਟ ਦਿਆਂਗੇ। ਆਵਦੀ ਮਰਜ਼ੀ ਦੀ ਸਰਕਾਰ ਬਣਾਵਾਂਗੇ ।' ਉਹਨਾਂ ਮਨ 'ਚ ਲੱਡੂ ਭੋਰੇ ਹੋਣਗੇ, ਲਾਲਾਂ ਵੀ ਡਿੱਗੀਆਂ ਹੋਣਗੀਆਂ, ਵੈਨੇਜ਼ੁਏਲਾ ਵਾਲੇ ਬੁੱਲੇ ਲੁੱਟਾਂਗੇ। ਥੋਡੀ ਏਕਤਾ, ਦਲੇਰੀ ਨੇ ਉਹਨਾਂ ਦਾ ਫ਼ਤੂਰ ਲਾਹ ਸੁੱਟਿਐ।

ਥੋਡਾ ਮੱਥਾ ਇਹਨਾਂ ਦੋਵੇਂ ਜਰਵਾਣੇ ਜ਼ਾਲਮਾਂ ਨਾਲ ਲੱਗਿਐ। ਕਿੱਥੇ ਉਹ, ਕਿੱਥੇ ਤੁਸੀਂ।ਉਹ ਫੌਜੀ ਤੇ ਖੁਫ਼ੀਆ ਤੰਤਰ ਦੇ ਵੱਡੇ ਕਮਾਂਡਰ ਤੇ ਕਾਰੋਬਾਰੀ। ਦੁਨੀਆ ਵਿੱਚ ਜੰਗਬਾਜ਼ਾਂ ਵਜੋਂ ਬਦਨਾਮ।ਤੁਸੀਂ ਆਵਦੇ ਧਾਰਮਿਕ, ਸਿਆਸੀ ਤੇ ਫੌਜ ਮੁਖੀਆਂ ਦੀਆਂ ਸ਼ਹਾਦਤਾਂ ਨੂੰ ਸਿਜਦਾ ਕੀਤੈ। ਗਮ ਨੂੰ ਏਕੇ ਤੇ ਗੁੱਸੇ ਵਿੱਚ ਬਦਲਿਆ ਤੇ ਭਿੜਨ ਦਾ ਰਾਹ ਚੁਣਿਐ। ਉਹਨਾਂ ਦੇ ਰਾਜ ਪਲਟੇ ਦਾ ਪਾਲ਼ਿਆ ਭਰਮ ਚਕਨਾਚੂਰ ਕਰ ਮਾਰਿਆ। ਉਹਨਾਂ ਦੇ ਮਾਰੂ ਜਹਾਜ਼ਾਂ ਨੂੰ ਫੁੰਡਿਆ ਤੇ ਕਈਆਂ ਦਾ ਨੱਕ ਭੰਨ ਪੁੱਠ-ਪੈਰੀਂ ਮੋੜਿਆ।ਥੋਡੇ ਇੱਕ ਜਣੇ ਨੇ ਪੁਸ਼ਤੈਨੀ ਗੰਨ ਨਾਲ ਹੀ ਕਮਾਲ ਕਰਤੀ।ਅਮਰੀਕਾ ਦੇ 5 ਡ੍ਰੋਨ ਚਿੱਤ ਕਰ ਸਿੱਟੇ। ਐਥੋਂ ਦੀਆਂ ਧੀਆਂ-ਭੈਣਾਂ ਨੇ ਬੜਾ ਚੰਗਾ ਉੱਦਮ ਕੀਤੈ।ਇਕੱਠੀਆਂ ਹੋ ਕੇ ਗਾਏ ਗੀਤਾਂ ਨੇ ਸਾਮਰਾਜ ਨਾਲ ਭਿੜਨ ਦਾ ਸੰਦੇਸ਼ ਦਿੱਤਾ।ਜੰਗ ਵਿੱਚ ਗੀਤਾਂ ਦਾ ਮਹੱਤਵ ਵੱਡੈ। ਇਹ ਗੀਤ ਸਾਡੇ ਇੱਥੇ ਤਰਜਮੇ ਕਰ-ਕਰ ਸੁਣੇ ਗਏ।ਇਹ ਗੀਤਾਂ ਦਾ ਜਲੌਅ ਹਮਲਾਵਰਾਂ ਦੇ ਸੀਨੇ ਜ਼ਰੂਰ ਸੱਲ ਪਾਉਂਦਾ ਹੋਊ। ਉਹਨਾਂ ਦੇ ਬੰਬ ਸਿੱਟਣ ਦੇ ਡਰਾਵਿਆਂ ਮੂਹਰੇ ਹਿੱਕਾਂ ਤਣ ਕੇ ਖੜ ਜਾਣਾ, ਜੰਗਬਾਜ਼ਾਂ ਦੇ ਸਾਹ ਸੂਤ ਗਿਆ ਹੋਣੈ। ਸਭ ਤੋਂ ਮੂਹਰੇ ਇੱਕ ਗਵੱਈਏ ਦਾ ਆ ਸਾਜ਼ ਛੇੜ ਦੇਣਾ, ਲੋਕਾਂ ਨੂੰ ਜਗਾ ਗਿਐ ਤੇ ਦੁਸ਼ਮਣਾਂ ਨੂੰ ਸੁੰਨ ਕਰ ਗਿਐ। ਉਹਨਾਂ ਬੰਬ ਤਾਂ ਕੀ ਚਲਾਉਣਾ, ਉਹਨਾਂ ਦੀ ਜ਼ੁਬਾਨ ਹੀ ਫੁਸ ਹੋ ਗਈ।




ਥੋਡੇ ਡਟ ਕੇ ਖੜਨ ਦੀ ਤਾਕਤ ਨੇ, ਦੁਸ਼ਮਣ ਨੂੰ ਖੜਨ ਜੋਗਾ ਨਹੀਂ ਛੱਡਿਆ। ਇੱਕ ਵਾਰ ਫੇਰ, ਤੁਸੀਂ ਦੋਵੇਂ ਜੰਗਬਾਜ਼ਾਂ ਨੂੰ, ਦੁਨੀਆ 'ਚ ਕਾਤਲਾਂ ਤੇ ਅਪਰਾਧੀਆਂ ਦੇ ਕਲੰਕੀ-ਟਿੱਕੇ ਲਾ ਦਿੱਤੇ ਨੇ।ਲੋਕਾਂ ਨੂੰ ਉਤਸ਼ਾਹ ਤੇ ਬਲ ਬਖਸ਼ਿਆ। ਆਪਣਿਆਂ ਨੂੰ ਪ੍ਰੇਰਨਾ ਤੇ ਹੌਸਲਾ ਦਿੱਤੈ।ਬੁੜਬੁੜ ਨੂੰ ਬੋਲ ਦਿੱਤੇ। ਬੋਲਾਂ ਨੂੰ ਨਾਹਰੇ।ਅਮਰੀਕਾ 'ਚ 'ਨੋ ਕਿੰਗ, ਨੋ ਵਾਰ' ਦੇ ਬੈਨਰ। ਲੱਖਾਂ ਦੇ ਮੁਜ਼ਾਹਰੇ।ਹਕੂਮਤੀ ਪੁਰਜ਼ਿਆਂ 'ਚ ਆਪਸੀ ਭੇੜ। ਕਈਆਂ ਦੇ ਅਹੁਦਿਆਂ ਦੀ ਬਲੀ।ਇੱਕ ਦੀ ਖਿੱਚ-ਧੂਹ ਤੇ ਗੁੱਟ ਨੂੰ ਮਰੋੜਾ। ਜੰਗ ਦਾ ਵਿਰੋਧ ਕਰਦੇ ਸਾਬਕਾ ਫੌਜੀ ਅਫਸਰਾਂ ਦੀ ਗ੍ਰਿਫਤਾਰੀ। ਸਭ ਵੱਡੇ-ਛੋਟੇ ਮੁਲਕਾਂ ਦੇ ਲੋਕਾਂ ਦਾ ਦਬਾਅ, ਹਕੂਮਤਾਂ ਨੂੰ ਵੀ ਬੋਲਣਾ ਪਿਐ। ਸੰਯੁਕਤ ਰਾਸ਼ਟਰ ਵੀ ਜੰਗਬਾਜ਼ਾਂ ਖਿਲਾਫ਼ ਬੋਲਿਆ। ਨਾਟੋ ਦੇਸ਼ ਵੀ ਅਮਰੀਕਾ ਦੇ ਆਖੇ ਨਹੀਂ ਲੱਗੇ। ਇੰਗਲੈਂਡ ਨੇ ਕੋਰਾ ਜਵਾਬ ਦੇ ਮਾਰਿਆ। ਸਾਮਰਾਜੀ ਮੁਲਕਾਂ ਨਾਲ ਟਕਰਾਅ ਸਾਹਮਣੇ ਆਇਆ।ਦੁਨੀਆ ਅੰਦਰ ਧੁਖਦੇ ਗੁੱਸੇ ਨੂੰ ਮੂੰਹਾਂ ਮਿਲਿਆ।ਇਹ ਸਭ ਥੋਡੇ ਖੜਨ ਕਰਕੇ ਹੋਇਆ। ਦੁਨੀਆ ਦੇ ਸਾਰੇ ਮਹਾਂਦੀਪਾਂ ਵਿੱਚ ਰੋਸ ਪ੍ਰਦਰਸ਼ਨ ਹੋਏ।ਸਾਰੀ ਦੁਨੀਆ ਨੇ ਦੇਖਿਆ, ਅਮਰੀਕਾ ਤੇ ਇਜ਼ਰਾਈਲ ਦਾ ਜਲੂਸ ਨਿਕਲਦਾ।

ਥੋਡੀ ਦ੍ਰਿੜ੍ਹ ਸੁਣਾਉਣੀ ਸਪੱਸ਼ਟ ਐ। ਕਤਾਰਬੱਧ ਹੋਇਆ ਕੌਮੀ ਜਜ਼ਬਾ ਜਦ ਸਿਰ ਉਠਾਉਂਦੈ।ਹੱਕੀ ਭੇੜੂ ਲਹਿਰ ਬਣ ਹਕੂਮਤਾਂ ਅਤੇ ਹਮਲਾਵਰਾਂ ਨੂੰ ਵੰਗਾਰਦੈ। ਖ਼ੂੰਖ਼ਾਰ ਦੈਂਤ ਜਾਪਦੇ ਸਾਮਰਾਜੀ ਕਾਗਜ਼ੀ ਸ਼ੇਰਾਂ ਦੀ ਫੂਕ ਕੱਢ ਦਿੰਦੈ।ਦੁੰਮ ਦਬਾ ਕੇ ਖੁੱਡਿਆਂ ਵਿੱਚ ਵੜਨ ਵੱਲ ਧੱਕ ਸੁੱਟਦੈ। ਇਉਂ ਪਹਿਲਾਂ ਵੀ ਅਨੇਕਾਂ ਜ਼ਾਲਮ ਇਤਿਹਾਸ ਦੇ ਕੂੜੇਦਾਨ ਵਿੱਚ ਗਲ-ਸੜ ਰਹੇ ਨੇ। ਅਮਰੀਕਾ ਆਪਦੇ ਆੜੀ ਬਰਤਾਨਵੀ ਸਾਮਰਾਜ ਨੂੰ ਪੁੱਛ ਲਵੇ। ਬਸਤੀਆਂ ਛੱਡ-ਛੱਡ ਭੱਜਿਆ ਸੀ ਉਹ।

ਇੱਥੇ ਭਾਰਤ ਦੇ ਲੋਕਾਂ ਨੂੰ ਵੀ ਬਹੁਤ ਹੌਸਲਾ ਮਿਲਿਐ। ਮੁਲਕ ਦੇ ਵੱਡੇ ਸ਼ਹਿਰੀ ਕੇਂਦਰਾਂ ਵਿਚ ਜੰਗਬਾਜ਼ਾਂ ਦੇ ਪੁਤਲਿਆਂ ਦਾ ਧੂੰਆਂ ਉਡਿਆ। ਥੋਡੇ ਐਥੇ ਹਕੂਮਤ ਨਾਲ ਐ, ਪਰ ਸਾਡੇ ਇੱਥੇ ਹਕੂਮਤ ਢਿੱਡੋਂ ਚਿੱਤੋਂ ਜੰਗਬਾਜ਼ਾਂ ਦੀ ਸੇਵਾ ਵਿਚ ਹੈ।ਐਥੇ ਟਰੰਪ ਤੇ ਨੇਤਨਯਾਹੂ ਬੰਬ ਸਿੱਟਦੈ।ਇੱਥੇ ਬੰਬਾਂ ਵਰਗੇ ਹੁਕਮ ਚਾੜ੍ਹਦੈ। ਹਕੂਮਤ ਉਹਨਾਂ ਮੂਹਰੇ ਭੋਰਾ ਨੀਂ ਕੁਸਕਦੀ। ਸਤਬਚਨ ਕਹਿ ਲੋਕਾਂ ਸਿਰ ਥੋਪ ਧਰਦੀ ਐ। ਐਥੇ ਥੋਡੇ, ਅਮਰੀਕਾ ਪਹਿਲਾਂ ਪਾਬੰਦੀਆਂ, ਸ਼ਰਤਾਂ ਮੜ੍ਹਦਾ ਰਿਹੈ।ਤੰਗ ਕਰਕੇ ਲੁੱਟ ਲਈ ਦਰਵਾਜ਼ੇ ਖੁਲ੍ਹਵਾਉਣ ਦੀ ਨੀਤ ਪਾਲਦਾ ਰਿਹਾ, ਪਰ ਇੱਥੇ ਸਾਡੇ, ਪੂਰੀਆਂ ਖੁੱਲ੍ਹਾਂ ਮਾਣਦੈ। ਹਕੂਮਤ ਜਮਾਂ ਨੀਂ ਰੋਕਦੀ।ਆਹ ਨਵੀਂ ਡੀਲ ਰਾਹੀਂ ਭਾਰਤ ਦੀਆਂ ਸਭ ਮੰਡੀਆਂ ਖੁਲ੍ਹਵਾ ਲਈਆਂ, ਪਰ ਇੱਥੇ ਲੋਕ ਲਗਾਤਾਰ ਜੱਦੋਜਹਿਦ ਵਿੱਚ ਹਨ। ਸਾਮਰਾਜ, ਉਹਦੇ ਦੇਸੀ ਏਜੰਟ ਤੇ ਹਕੂਮਤਾਂ ਲੋਕਾਂ ਦੇ ਗੁੱਸੇ ਦਾ ਨਿਸ਼ਾਨਾ ਬਣਦੇ ਰਹਿੰਦੇ ਹਨ। ਕਈ ਹੁਕਮਾਂ ਨੂੰ ਲਾਗੂ ਹੋਣ ਤੋਂ ਰੋਕ ਵੀ ਦਿੰਦੇ ਹਨ।

ਇੱਕ ਵਾਰ ਫੇਰ ਸ਼ਾਬਾਸ਼। ਸ਼ੁੱਭ ਇਛਾਵਾਂ, ਸ਼ਾਲਾ, ਤੁਸੀਂ ਜੰਗਬਾਜ਼ਾਂ ਨੂੰ ਉਹਨਾਂ ਦੀ ਸਹੀ ਥਾਂ ਦਿਖਾਉਣ ਵਿੱਚ ਅਤੇ ਡਾਕੂਆਂ ਤੋਂ ਆਪਣੇ ਵਤਨ ਦੀ ਰਾਖੀ ਕਰਨ ਵਿੱਚ ਕਾਮਯਾਬ ਹੋਵੋ।


- ਜਗਮੇਲ ਸਿੰਘ
ਮੋਬਾ. 94172-24822

# ਪਰਵਾਸ ਤੋਂ ਆਪਣੀ ਧਰਤੀ 'ਤੇ ਪੁਨਰਵਾਸ ਦੀ ਬਿਰਤਾਂਤਕਾਰੀ






ਫੋਕਸ

## ਚਰਚਾ ਇਕ ਪੁਸਤਕ ਦੀ

**ਡਾ. ਅਨੁਰਾਗ ਸ਼ਰਮਾ**

### ਪੁਲਾਂ ਹੇਠੋਂ ਮੁੜਦਾ ਪਾਣੀ

(ਨਾਵਲ)
**ਬਲਦੇਵ ਸਿੰਘ (ਸੜਕਨਾਮਾ)**
**ਸਫੇ-243, ਮੁੱਲ-350 ਰੁਪਏ**
**ਲੋਕ ਗੀਤ ਪ੍ਰਕਾਸ਼ਨ, ਮੁਹਾਲੀ**

ਬਲਦੇਵ ਸਿੰਘ ਸੜਕਨਾਮਾ ਪੰਜਾਬੀ ਦਾ ਪ੍ਰਸਿੱਧ ਸਾਹਿਤਕਾਰ ਹੈ। ਨਾਵਲ ਦੇ ਖੇਤਰ ਵਿੱਚ ਉਸ ਨੇ ਤਕਰੀਬਨ 17 ਕੁ ਨਾਵਲ ਪੰਜਾਬੀ ਸਾਹਿਤ ਨੂੰ ਦਿੱਤੇ ਹਨ। ਹਥਲਾ ਨਾਵਲ 'ਪੁਲਾਂ ਹੇਠੋਂ ਮੁੜਦਾ ਪਾਣੀ' ਪ੍ਰਵਾਸੀ ਸਮੱਸਿਆ ਨਾਲ ਸੰਬੰਧਤ ਹੈ। ਇਹ ਸਮੱਸਿਆ ਦੋ ਰੂਪਾਂ ਵਿੱਚ ਫੈਲਦੀ ਹੈ। ਇੱਕ ਪਾਸੇ ਪੁਰਾਣੀ ਪੀੜ੍ਹੀ ਅਤੇ ਦੂਸਰੇ ਪਾਸੇ ਨਵੀਂ ਪੀੜ੍ਹੀ ਹੈ। ਪੁਰਾਣੀ ਪੀੜ੍ਹੀ ਦੀ ਸਮੱਸਿਆ ਕੈਨੇਡਾ ਪਹੁੰਚ ਕੇ ਸ਼ੁਰੂ ਹੁੰਦੀ ਹੈ ਤੇ ਨਵੀਂ ਪੀੜ੍ਹੀ ਦੀ ਸੰਘਰਸ਼ ਕਰਕੇ ਜਰਮਨੀ ਪਹੁੰਚਣ 'ਤੇ ਨਕਾਮੀ ਦੀ ਹਾਲਤ ਦਾ ਸਾਹਮਣਾ ਕਰਨ ਅਤੇ ਫਿਰ ਦੋਵਾਂ ਦੇ ਵਾਪਸ ਮੁੜਨ 'ਤੇ ਪੁਨਰ ਵਸੇਬੇ ਨਾਲ ਸੰਬੰਧਤ ਹੈ। ਪ੍ਰਵਾਸੀ ਪੰਜਾਬੀ ਸਾਹਿਤ ਤਕਰੀਬਨ 20ਵੀਂ ਸਦੀ ਦੇ ਅੰਤ ਤੱਕ ਬਰਤਾਨੀਆਂ ਖਾਸ ਕਰ ਤੇ ਹੋਰਨਾਂ ਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਆਉਂਦੀਆਂ ਸਮੱਸਿਆਵਾਂ ਜਿਵੇਂ ਭੂ-ਹੇਰਵਾ, ਨਸਲਵਾਦ, ਸੱਭਿਆਚਾਰਕ ਤਣਾਓ, ਪੀੜ੍ਹੀ ਪਾੜਾ, ਜਿਨਸੀ ਸੰਬੰਧ ਅਤੇ ਇੱਕ ਦੋ ਹੋਰ ਸਮਾਜਿਕ ਸਮੱਸਿਆਵਾਂ ਨਾਲ ਜੁੜਿਆ ਰਿਹਾ ਹੈ। 20ਵੀਂ ਸਦੀ ਦੇ ਅੰਤਲੇ ਦੋ-ਤਿੰਨ ਦਹਾਕਿਆਂ ਵਿੱਚ ਇੰਗਲੈਂਡ ਦੀ ਸਰਕਾਰ ਵੱਲੋਂ ਪ੍ਰਵਾਸੀਆਂ ਲਈ ਬਣਾਏ ਗਏ ਸਖ਼ਤ ਨਿਯਮਾਂ ਕਾਰਨ ਪ੍ਰਵਾਸ ਦਾ ਰੁਝਾਨ ਬਰਤਾਨੀਆ ਤੋਂ ਬਦਲ ਕੇ ਕੈਨੇਡਾ ਨੂੰ ਹੋ ਗਿਆ।ਕੈਨੇਡਾ ਵਿੱਚ ਇਮੀਗਰੇਸ਼ਨ ਦੇ ਸੁਖਾਲੇ ਨਿਯਮਾਂ ਨੇ ਪੰਜਾਬੀਆਂ ਦੇ ਮੂੰਹ ਇਧਰ ਮੋੜ ਦਿੱਤੇ।ਉੱਚੇ ਤੇ ਕਿੱਤਾ-ਮੁਖੀ ਪੜ੍ਹਾਈ ਅਤੇ ਰਾਜਨੀਤਿਕ ਸ਼ਰਨ ਦੀ ਆੜ ਹੇਠਾਂ ਖੁੱਲ੍ਹੇ ਬੂਹੇ ਨੇ ਨੌਜਵਾਨਾਂ ਦੇ ਸੁਪਨੇ ਦੇ ਨਵੇਂ ਰਾਹ ਮੋਕਲੇ ਕਰ ਦਿੱਤੇ। 21ਵੀਂ ਸਦੀ ਦੇ ਸ਼ੁਰੂ ਦੇ ਤਕਰੀਬਨ ਵੀਹ ਕੁ ਸਾਲ ਜਾਂ ਕਹਿ ਲਓ ਕਿ ਕੋਰੋਨਾ ਤੋਂ ਪਹਿਲਾਂ ਕੈਨੇਡਾ ਸੁਫਨਿਆਂ ਦਾ ਦੇਸ਼ ਬਣਿਆ ਰਿਹਾ, ਜਿੱਥੇ ਜਾਣ ਦੇ ਲਈ ਹਰ ਹੀਲਾ-ਵਸੀਲਾ ਪੰਜਾਬੀਆਂ ਵੱਲੋਂ ਕੀਤਾ ਜਾਂਦਾ ਸੀ।ਆਰਥਿਕ ਤੌਰ 'ਤੇ ਸੁਖਾਲੇ ਹੋ ਜਾਣ ਦੇ ਬਾਵਜੂਦ ਜਿਹੜੀ ਸਭ ਤੋਂ ਪਹਿਲੀ ਸਮੱਸਿਆ ਦਾ ਕੈਨੇਡਾ ਵਿੱਚ ਪੰਜਾਬੀਆਂ ਨੂੰ ਸਾਹਮਣਾ ਕਰਨਾ ਪਿਆ, ਉਹ ਉਥੋਂ ਦੇ ਵਾਤਾਵਰਨ ਕਾਰਨ ਪੈਦਾ ਹੋਈ ਉਦਾਸੀਨਤਾ ਸੀ। ਇਸ ਸਭ ਦਾ ਕਾਰਨ ਉੱਥੇ ਦਾ ਵਾਤਾਵਰਨ ਤੇ ਸੱਭਿਆਚਾਰਕ ਵਖਰੇਵਾਂ ਸੀ। ਉਦਾਸੀਨਤਾ ਦਾ ਸ਼ਿਕਾਰ ਜ਼ਿਆਦਾਤਰ ਉਹ ਪੁਰਾਣੀ ਪੀੜ੍ਹੀ ਹੋਈ, ਜਿਹੜੀ ਆਪਣੇ ਬੱਚਿਆਂ ਕੋਲ ਰਹਿਣ ਲਈ ਉਥੇ ਪਹੁੰਚੀ। ਵਿਹਲਾਪਨ, ਕੰਮ ਦੇ ਬੋਝ ਕਾਰਨ ਬੱਚਿਆਂ ਵੱਲੋਂ ਅਣਦੇਖੀ ਤੇ ਵੱਖਰਾ ਸੱਭਿਆਚਾਰ ਕਰਕੇ ਇਸ ਪੀੜ੍ਹੀ ਅੰਦਰ ਇਕ ਅਜੀਬ ਕਿਸਮ ਦੀ ਬੇਗਾਨਗੀ ਨੇ ਜਨਮ ਲਿਆ। ਪੰਜਾਬੀਆਂ ਲਈ ਹੋਰ ਕੋਈ ਬਹੁਤੀਆਂ ਸਮੱਸਿਆਵਾਂ ਨਹੀਂ ਸਨ। ਕਿਉਂਕਿ ਕੈਨੇਡਾ ਵਿਚ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਆਜ਼ਾਦੀ ਉਹਨਾਂ ਦਾ ਸੰਵਿਧਾਨ ਦਿੰਦਾ ਹੈ, ਪਰ ਘਰ ਛੱਡਣ ਦਾ ਵਿਗੋਚਾ ਹਮੇਸ਼ਾ ਹੀ ਇਕ ਸਮੱਸਿਆ ਬਣਿਆ ਰਿਹਾ।

ਡਾਕਟਰ ਜਸਵਿੰਦਰ ਸਿੰਘ ਕਹਿੰਦਾ ਹੈ, "ਆਰਥਿਕ ਪ੍ਰਾਪਤੀਆਂ ਵੀ ਪ੍ਰਵਾਸੀ ਬੰਦੇ ਲਈ ਵੱਡੀ ਮਾਨਸਿਕ ਸੰਤੁਸ਼ਟੀ ਅਤੇ ਆਤਮਿਕ ਸ਼ਾਂਤੀ ਦਾ ਸੋਮਾ ਨਹੀਂ ਬਣ ਸਕਦੇ, ਸਗੋਂ ਇਸ ਸਥਿਤੀ ਨੇ ਉਸ ਦੀ ਮਾਨਸਿਕ ਤੜਫ, ਵਿਗੋਚੇ ਨੂੰ ਵਧਾ ਕੇ ਇਕੱਲਤਾ, ਉਦਾਸੀ ਅਤੇ ਬੇਗਾਨਗੀ ਨੂੰ ਵਧਾਇਆ ਹੀ ਹੈ। ਡੂੰਘੀਆਂ ਮਨੋ ਅਵਚੇਤਨੀ ਗੁੰਝਲਾਂ ਨੇ ਪ੍ਰਵਾਸੀ ਜੀਵਨ ਦੇ ਨਵੇਂ ਪ੍ਰਸੰਗਾਂ ਵਿੱਚ ਉਸ ਲਈ ਨਵੇਂ ਸੰਕਟ ਉਤਪੰਨ ਕੀਤੇ।" ਪ੍ਰਵਾਸੀ ਸਾਹਿਤ ਦਾ ਸੱਭਿਆਚਾਰਕ ਪ੍ਰਸੰਗ (ਸਫਾ 40) ਇਹਨਾਂ ਸੰਕਟਾਂ ਨੇ ਹੀ ਪ੍ਰਵਾਸੀਆਂ ਨੂੰ ਵਾਪਸ ਜਾਣ ਲਈ ਸੋਚਣ 'ਤੇ ਮਜਬੂਰ ਕੀਤਾ। ਕੈਨੇਡਾ ਵਿੱਚ ਘਰ ਵਾਪਸ ਮੁੜਨ ਦੀ ਸਮੱਸਿਆ ਉਹਨਾ ਬਜ਼ੁਰਗਾਂ ਦੀ ਹੈ, ਜਿਹੜਾ ਆਪਣਾ ਸਭ ਕੁਝ ਇੱਥੋਂ ਵੇਚ-ਵੱਟ ਕੇ ਨਿਆਣਿਆਂ ਕੋਲ ਰਹਿਣ ਚਲੇ ਗਏ, ਪਰ ਹੁਣ ਉਥੇ ਉਹਨਾਂ ਨੂੰ ਅਜਿਹੇ ਜੀਵਨ ਵਿੱਚ ਜਿੱਥੇ ਬਾਜ਼ਾਰੂ ਕਦਰਾਂ-ਕੀਮਤਾਂ ਭਾਰੀਆਂ ਹਨ, ਰਹਿਣਾ ਬੜਾ ਔਖਾ ਮਹਿਸੂਸ ਹੁੰਦਾ ਹੈ। ਇਕੱਲਤਾ, ਵਿਹਲਾਪਨ ਅਤੇ ਬੇਕਦਰੀ ਨੇ ਉਹਨਾਂ ਨੂੰ ਮੁੜ ਪੰਜਾਬ ਵੱਲ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਇਹ ਨਾਵਲ 'ਪੁਲਾਂ ਹੇਠੋਂ ਮੁੜਦਾ ਪਾਣੀ' ਹਿਜਰਤ ਕਰਕੇ ਕੈਨੇਡਾ ਵਿੱਚ ਗਏ ਭਾਰਤੀ ਪਰਵਾਰ ਦੇ ਇੱਕ ਮੈਂਬਰ ਇੰਦਰ ਸਿੰਘ ਦੀ ਵਿਥਿਆ ਅਤੇ ਉਸ ਦੇ ਦੂਸਰੇ ਮੁੰਡੇ ਦੇ ਡੌਂਕੀ ਲਾ ਕੇ ਵਿਦੇਸ਼ਾਂ ਵਿੱਚ ਧੱਕੇ ਖਾਣ ਤੋਂ ਬਾਅਦ ਉਹਨਾਂ ਦੋਹਾਂ ਬਾਪ ਇੰਦਰ ਸਿੰਘ ਤੇ ਉਸ ਦੇ ਮੁੰਡੇ ਰਤਨ ਸਿੰਘ ਦੇ ਪੰਜਾਬ ਮੁੜ ਆਉਣ ਦੀ ਕਹਾਣੀ ਹੈ। ਇੰਦਰ ਸਿੰਘ ਦੇ ਮੁੜਨ ਦਾ ਕਾਰਨ ਉੱਥੋਂ ਦੇ ਬਾਜ਼ਾਰੂ, ਵਿਕਸਿਤ ਨਿੱਜਮੁਲਕ ਅਤੇ ਦੋਗਮੁਲਕ ਸੱਭਿਆਚਾਰਕ ਕਾਰਨ ਪੈਦਾ ਹੋਇਆ ਅਕੇਵਾਂ ਹੈ ਅਤੇ ਦੂਸਰੇ ਪਾਸੇ ਉਸ ਦੇ ਮੁੰਡੇ ਰਤਨ ਸਿੰਘ ਦੇ ਵਾਪਸ ਮੁੜ ਆਉਣ ਦਾ ਕਾਰਨ ਥਕੇਵਾਂ ਹੈ। ਉਹ ਥਕੇਵਾਂ ਜਿਹੜਾ ਉਸ ਨੂੰ ਬੇਗਾਨੀ ਧਰਤੀ 'ਤੇ ਧੱਕੇ ਖਾਣ ਤੋਂ ਬਾਅਦ ਮਿਲਿਆ ਹੈ। ਨਾਵਲ ਦਾ ਸਿਰਲੇਖ 'ਪੁਲਾਂ ਹੇਠੋਂ ਮੁੜਦਾ ਪਾਣੀ' ਪ੍ਰਵਾਸੀ ਜੀਵਨ ਦੀਆਂ ਦੁਸ਼ਵਾਰੀਆਂ ਤੋਂ ਅੱਕ ਕੇ ਵਾਪਸ ਵਤਨ ਮੁੜ ਆਉਣ ਦਾ ਇਕ ਹਾਈਪਰ ਸਾਈਨ ਹੈ।

ਪਰਵਾਸ ਦੇ ਭਾਵੇਂ ਅਨੇਕਾਂ ਕਾਰਨ ਰਹੇ ਹੋਣ, ਪਰ ਇਸ ਨਾਵਲ ਵਿੱਚ ਇੰਦਰ ਸਿੰਘ ਦੇ ਮੁੰਡੇ ਭਾਗ ਸਿੰਘ ਅਤੇ ਰਤਨ ਸਿੰਘ ਦੇ ਪ੍ਰਵਾਸ ਕਰਨ ਦਾ ਕਾਰਨ 1980 ਦੇ ਵਿੱਚ ਪੰਜਾਬ ਦੀ ਅਸਥਿਰ ਰਾਜਨੀਤਕ ਸਥਿਤੀ ਹੈ, ਜਿਸ ਵਿੱਚ ਸਰਕਾਰ ਦੇ ਵਿਰੁੱਧ ਇੱਕ ਵਿਸ਼ੇਸ਼ ਸੰਪਰਦਾਇ ਦੇ ਮਖ਼ਸੂਸ ਬੰਦਿਆਂ ਦੀ ਹਥਿਆਰਬੰਦ ਵੱਖਵਾਦੀ ਵਿਚਾਰਧਾਰਾ ਰਹੀ ਹੈ। ਇਸ ਵਿਚਾਰਧਾਰਾ ਨੂੰ ਅਪਣਾਉਣ ਵਾਲੇ ਬਹੁਤੇ ਲੋਕਾਂ ਦਾ ਮੰਤਵ ਤਾਂ ਲੇਖਕ ਮੁਤਾਬਕ ਆਪਣਾ ਉੱਲੂ ਸਿੱਧਾ ਕਰਨਾ ਹੀ ਸੀ। ਨਾਵਲ ਦਾ ਕੇਂਦਰੀ ਪਾਤਰ ਇੰਦਰ ਸਿੰਘ ਕਹਿੰਦਾ ਹੈ, "ਮੈਨੂੰ ਤਾਂ ਇਹਨਾਂ ਦੀ ਸਮਝ ਨਹੀਂ ਆਉਂਦੀ, ਕੋਈ ਇਕ ਪਾਸੇ ਗੱਲਾਂ ਕਰੀ ਜਾਂਦੇ ਐ ਸੰਘਰਸ਼ ਕਰਨ, ਸਰਕਾਰ ਦੀਆਂ ਨਾਸਾਂ 'ਚੋਂ ਧੂੰਆਂ ਕੱਢ ਦੇਣਾ, ਦੂਜੇ ਪਾਸੇ ਸੋਚੀ ਜਾਂਦੇ ਆ ਜਦੋਂ ਦਾਅ ਲੱਗੇ, ਵਿਦੇਸ਼ ਭੱਜਣਾ ਤੇ ਉੱਥੇ ਆਪਣਾ ਘਰ ਬਣਾਉਣਾ।ਰਹਿੰਦਾ-ਖੂੰਹਦਾ ਬੇੜਾ ਟਰੈਵਲ ਏਜੰਟਾਂ ਨੇ ਬਣਾਇਆ, ਹਰ ਇਕ ਨੂੰ ਡਾਲਰਾਂ, ਪੌਂਡਾਂ ਦੇ ਸੁਪਨੇ ਵੇਚਦੇ।" (ਸਫਾ 14) ਅਜਿਹੇ ਹਾਲਾਤ ਵਿੱਚ ਇੰਦਰ ਸਿੰਘ ਦੇ ਦੋ ਮੁੰਡੇ (ਭਾਗ ਸਿੰਘ ਤੇ ਰਤਨ ਸਿੰਘ) ਇੱਕ ਜਾਇਜ਼ ਰੂਪ ਵਿੱਚ ਅਤੇ ਦੂਸਰਾ ਡੌਂਕੀ ਭਾਵ ਨਜਾਇਜ਼ ਰੂਪ ਵਿੱਚ ਪ੍ਰਵਾਸ ਕਰਦੇ ਹਨ। ਰਤਨ ਸਿੰਘ ਦਾ ਨਜਾਇਜ਼ ਪ੍ਰਵਾਸ ਕਾਰਨ ਕੋਈ ਅਤਾ-ਪਤਾ ਨਹੀਂ ਮਿਲਦਾ ਤੇ ਇੰਦਰ ਸਿੰਘ ਆਪਣੇ ਮੁੰਡੇ ਭਾਗ ਸਿੰਘ ਨੂੰ ਜਾਇਜ਼ ਰੂਪ ਵਿੱਚ ਕੈਨੇਡਾ ਭੇਜਦਾ ਹੈ ਤੇ ਆਪ ਵੀ ਸਾਰਾ ਕੁਝ ਵੇਚ-ਵੱਟ ਕੇ ਉੱਥੇ ਰਹਿਣ ਚਲੇ ਜਾਂਦਾ ਹੈ। ਪਰਵਾਸ ਦਾ ਕਾਰਨ ਆਰਥਿਕਤਾ ਨਾ ਹੋ ਕੇ ਸਗੋਂ ਪੰਜਾਬ ਦੀ ਰਾਜਨੀਤਕ ਸਥਿਤੀ ਹੈ। ਇਹ ਗੱਲ ਪੰਜਾਬੀ ਸਾਹਿਤ ਵਿੱਚ ਬਹੁਤ ਘੱਟ ਵੇਖਣ ਵਿੱਚ ਆਈ ਹੈ। ਇਸ ਪੱਖ ਤੋਂ ਨਾਵਲ ਵਿਲੱਖਣਤਾ ਦਾ ਧਾਰਨੀ ਹੈ। ਕੈਨੇਡਾ ਪਹੁੰਚ ਕੇ ਉਸ ਦਾ ਇਕ ਮੁੰਡਾ ਭਾਗ ਸਿੰਘ ਬੜੀ ਹੁਸ਼ਿਆਰੀ ਨਾਲ ਆਪਣੇ ਬਾਪੂ ਨੂੰ ਸਭ ਕੁਝ ਵੇਚ-ਵੱਟ ਕੇ ਉਥੇ ਆਉਣ ਲਈ ਮਜਬੂਰ ਕਰ ਦਿੰਦਾ ਹੈ। ਕੈਨੇਡਾ ਦੇ ਚਾਅ ਵਿੱਚ ਉਸ ਦਾ ਬਾਪ ਇੰਦਰ ਸਿੰਘ ਵੀ ਉੱਥੇ ਰਹਿਣ ਲਈ ਚਲਿਆ ਜਾਂਦਾ ਹੈ। ਇੰਦਰ ਸਿੰਘ ਦੇ ਪ੍ਰਵਾਸ ਦਾ ਕਾਰਨ ਕੁਝ ਤਾਂ ਕੈਨੇਡਾ ਦੀ ਆਕਰਸ਼ਕ ਤੇ ਸੁਖਾਲੀ ਜ਼ਿੰਦਗੀ ਦਾ ਭਰਮ ਹੈ ਅਤੇ ਕੁਝ ਉਸ ਦਾ ਆਪਣੇ ਬੱਚੇ ਕੋਲ ਰਹਿਣ ਦਾ ਚਾਅ ਵੀ ਹੈ।

ਇੱਥੇ ਇੰਦਰ ਸਿੰਘ ਦਾ ਦੁਖਾਂਤ ਸ਼ੁਰੂ ਹੁੰਦਾ ਹੈ। ਇੰਦਰ ਸਿੰਘ ਦਾ ਦੁਖਾਂਤ ਦੁਵੱਲਾ ਹੈ। ਉਸ ਨੂੰ ਆਪਣਾ ਆਪ ਇੰਝ ਲੱਗਦਾ ਹੈ, ਜਿਵੇਂ ਉਹ ਚੱਕੀ ਦੇ ਦੋ ਪੁੜਾਂ ਵਿਚ ਫਸਿਆ ਪਿਸ ਰਿਹਾ ਹੋਵੇ।ਇੱਕ ਪਾਸੇ ਅਤੀਤ ਦੇ ਬਸਤੀਵਾਦੀ ਨਿਜ਼ਾਮ/ਅਰਧ ਸਾਮੰਤੀ/ਅਰਧ ਵਿਕਸਿਤ ਪੂੰਜੀਵਾਦੀ ਸਮਾਜਿਕ ਪ੍ਰਬੰਧ ਦੀਆਂ ਕਦਰਾਂ-ਕੀਮਤਾਂ ਅਤੇ ਦੂਸਰੇ ਪਾਸੇ ਵਰਤਮਾਨ ਦੀ ਉਦਯੋਗਵਾਦੀ-ਪੂੰਜੀਵਾਦੀ ਬਾਜ਼ਾਰੂ ਕਦਰਾਂ-ਕੀਮਤਾਂ ਵਾਲੀ ਜ਼ਿੰਦਗੀ ਇਸ ਦੁਖਾਂਤ ਦਾ ਕਾਰਨ ਹਨ।ਨਾਵਲਕਾਰ ਇੰਦਰ ਸਿੰਘ ਨੂੰ ਇਕ ਦੁਖਾਂਤਕ ਪਾਤਰ ਦੇ ਰੂਪ ਵਿੱਚ ਚਿਤਰਦਾ ਉਸ ਦੇ ਦੁਖਾਂਤ ਦਾ ਕਾਰਨ ਉਦਾਸੀਨਤਾ ਨੂੰ ਦੱਸਦਿਆਂ ਉਸ ਦੇ ਮੁੱਖ ਘਟਕ ਭੂਹੇਰਵਾ, ਸੱਭਿਆਚਾਰਕ ਤਨਾਓ, ਪੀੜ੍ਹੀ ਪਾੜਾ ਅਤੇ ਮੌਜੂਦਾ ਵਾਤਾਵਰਨ ਵਿਚ ਮੰਡੀਕਰਨ ਦੀ ਰੁਚੀ ਨੂੰ ਮੰਨਦਾ ਹੈ। ਇਹੋ ਉਦਾਸੀਨਤਾ ਕੇਂਦਰੀ ਥੀਮ ਦੇ ਰੂਪ/ਉਪ ਰੂਪਾਂ ਵਿੱਚ ਵਟ ਕੇ ਸਾਰੇ ਨਾਵਲ ਵਿੱਚ ਫੈਲੀ ਹੋਈ ਹੈ।ਨਾਵਲਕਾਰ ਤੁਲਨਾਤਮਕ ਵਿਧੀ ਰਾਹੀਂ ਇਸ ਦੁਖਾਂਤ ਅਤੇ ਹੇਰਵੇ ਨੂੰ ਚਿਤਰਦਾ ਹੈ। ਜਿਵੇਂ ਭਾਈਚਾਰਕ ਸਾਂਝ ਨੂੰ ਯਾਦ ਕਰਦਾ ਇੰਦਰ ਸਿੰਘ ਸੋਚਦਾ ਹੈ, "ਕਿੰਨਾ ਭਾਈਚਾਰਾ ਸੀ ਪਿੰਡ ਵਿੱਚ, ਹਰ ਵੱਡਾ ਬਾਬਾ, ਤਾਇਆ ਜਾਂ ਚਾਚਾ ਹੁੰਦਾ, ਹਰ ਵੱਡੀ ਔਰਤ ਅੰਮਾਂ ਤਾਈ ਜਾਂ ਚਾਚੀ ਹੁੰਦੀ !" ਸਫਾ (7) ਦੂਸਰੇ ਪਾਸੇ, "ਦੇਖ ਲਈ ਤੇਰੀ ਕਨੇਡਾ, ਨਾ ਕੋਈ ਸਾਂਝ, ਨਾ ਭਾਈਚਾਰਾ, ਨਾ ਆਂਢ-ਗਵਾਂਢ, ਨਾ ਕਿਸੇ ਕੋਲ ਸੁੱਖ-ਦੁੱਖ ਕਰਨ ਦੀ ਵਿਹਲ। ਘਰਾਂ ਅੰਦਰ ਵੀ ਇਉਂ ਚੁੱਪ ਬੈਠੀਦਾ, ਜਿਵੇਂ ਮਕਾਨ 'ਤੇ ਬੈਠੇ ਹੋਈਏ।" ਸਫਾ (16) ਇੰਦਰ ਸਿੰਘ ਦਾ ਇੱਕ ਦੁਖਾਂਤ ਸੱਭਿਆਚਾਰਕ ਤਨਾਓ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਉਸ ਨੂੰ ਪਿੰਡ ਵਿੱਚ ਲੱਗਣ ਵਾਲੇ ਮੇਲੇ ਚੇਤੇ ਆਉਂਦੇ ਹਨ। ਉਹ ਕਹਿੰਦਾ ਹੈ, "ਕਾਹਦੇ ਮੇਲੇ ਇੱਥੇ, ਮੇਲੇ ਤੇ ਭਾਗ ਆਪਣੇ ਲੱਗਦੇ ਹੁੰਦੇ ਸੀ। ਪਹਿਲਾਂ ਵਿਸਾਖੀ ਦਾ ਮੇਲਾ 'ਮੋਢੇ ਨਾਲ ਮੋਢਾ ਭਿੜਦਾ ਹੁੰਦਾ ਸੀ .. ਫੇਰ ਅਸੀਂ ਜ਼ੋਰ ਕਰਕੇ ਮੇਲੇ ਵਿੱਚ ਵੜ ਗਏ, ਹਰ ਪਾਸੇ ਧੱਕਾ ਪੈਂਦਾ ਸੀ! ਕਈ ਤਾਂ ਪੱਗਾਂ ਕੱਛਾਂ 'ਚ ਲਈ ਫਿਰਦੇ ਸਨ।" (ਸਫਾ 41) ਇੰਜ ਉਹ ਮੇਲੇ ਦਾ ਜ਼ਿਕਰ ਬੜੇ ਵੇਰਵੇ ਨਾਲ ਕਰਦਾ ਇਕ ਪੂਰਾ ਨਕਸ਼ਾ ਖਿੱਚਦਾ ਹੈ! ਇਸੇ ਤਰ੍ਹਾਂ ਇੰਦਰ ਸਿੰਘ ਨੂੰ ਖਾਣ-ਪੀਣ ਦੇ ਮਾਮਲੇ ਵਿੱਚ ਤੰਗੀ ਆਉਂਦੀ ਹੈ ।ਉਸ ਕੋਲੋਂ ਕੈਨੇਡਾ ਦਾ ਖਾਣਾ ਜਿਹੜਾ ਆਮ ਕਰਕੇ ਡੱਬਾ ਬੰਦ ਤੇ ਠੰਢਾ ਹੁੰਦਾ ਹੈ, ਪਸੰਦ ਨਹੀਂ ਆਉਂਦਾ। ਉਹ ਕਹਿੰਦਾ ਹੈ, "ਫਰਿਜ ਵਿੱਚ ਮੇਰੇ ਖਾਣ ਵਾਲਾ ਤਾਂ ਕੁਝ ਨਹੀਂ ਹੋਣਾ, ਖੇਹ-ਸੁਆਹ ਪਿਆ ਹੋਊ। ਤੈਨੂੰ ਲਿਆ ਦਿੰਨਾ।" ਸਫਾ (42) ਇੰਦਰ ਸਿੰਘ ਦੀਆਂ ਖਾਣ ਦੀਆਂ ਆਦਤਾਂ ਉੱਪਰ ਟਿੱਪਣੀ ਕਰਦੀ ਉਸ ਦੀ ਨੂੰਹ ਕਹਿੰਦੀ ਹੈ, "ਤੇਰਾ ਡੈਡ ਏਨਾ ਹੰਗਰੀ ਹੈ, ਦਿਨ 'ਚ ਛੇ-ਸੱਤ ਵਾਰ ਫਰਿਜ ਖੋਲ੍ਹਦਾ ਐ। ਇੱਕ ਇਹਦੀ ਹੋਰ ਹੈਬਿਟ ਮਾੜੀ ਐ, ਇਹ ਟੋਕਾ-ਟਾਕੀ ਬਹੁਤ ਕਰਦਾ, ਕਦੇ ਕਹੂ ਮਾਰਕੀਟ 'ਚੋਂ ਜਿਹੜਾ ਕੁਝ ਖਾਣ ਨੂੰ ਆਉਂਦਾ, ਇਹਦੇ 'ਚ ਸਾਲਟ ਬਹੁਤ ਹੁੰਦਾ।" ਸਫਾ (44) ਪੀੜ੍ਹੀ ਪਾੜੇ ਦੀ ਗੱਲ ਰ ਸਿੰਘ ਕਹਿੰਦਾ ਹੈ, "ਬੱਚਿਆਂ ਨੇ ਕਦੇ ਦਾਦਾ ਜਾਂ ਬਾਪੂ ਆਖ ਕੇ ਤਾਂ ਕੀ ਬੁਲਾਉਣਾ ਸੀ, ਓਲਡ ਮੈਨ ਆਖਦੇ ਨੇ।" (ਸਫਾ 26)। ਕਨੇਡੀਅਨ ਸੱਭਿਆਚਾਰ ਵਿੱਚ ਬੱਚਿਆਂ ਉੱਤੇ ਬਹੁਤੀ ਪਾਬੰਦੀ ਨਹੀਂ ਹੈ ।ਉਹ ਛੇਤੀ ਹੀ ਉਡਾਰ ਹੋ ਜਾਂਦੇ ਹਨ। ਉਹ ਆਪਣੀ ਨਿੱਜੀ ਜ਼ਿੰਦਗੀ ਵਿੱਚ ਕਿਸੇ ਤਰ੍ਹਾਂ ਦਾ ਦਖਲ ਪਸੰਦ ਨਹੀਂ ਕਰਦੇ। ਵੱਡੇ ਹੋ ਕੇ ਮਰਜ਼ੀ ਨਾਲ ਜੀਵਨ ਜਿਉਂਦੇ ਹਨ। ਇਸ ਸਭ ਦਾ ਇੰਦਰ ਸਿੰਘ ਨੂੰ ਬੜਾ ਹੇਰਵਾ ਲੱਗਦਾ ਹੈ। ਪ੍ਰੇਮ ਵਿਆਹ ਤੇ ਮੁੰਡੇ-ਕੁੜੀਆਂ ਦੇ ਖੁੱਲ੍ਹੇ ਆਚਰਨ ਉੱਪਰ ਟਿੱਪਣੀ ਕਰਦਾ ਉਹ ਕਹਿੰਦਾ ਹੈ, "ਉਧਰੋਂ ਭਾਗ ਸਿੰਘ ਆਖ ਦਿੰਦਾ, ਇਹ ਕੈਨੇਡਾ ਦੇ ਬੱਚੇ ਨੇ, ਡੈਡ ਇਹ ਪੰਜਾਬ ਨੀ ਹੈ। ਕੈਨੇਡਾ 'ਚ ਤਾਂ ਬਿਨਾਂ ਵਿਆਹ ਕਰਵਾਏ ਤੋਂ ਵੀ ਇਕੱਠੇ ਰਹੀ ਜਾਂਦੇ ਆ। ਕੋਈ ਮਾਇੰਡ ਨਹੀਂ ਕਰਦਾ। ਨਾਲੇ ਆਪਣਾ ਇਥੇ ਨੌਜਵਾਨ ਮੁੰਡੇ-ਕੁੜੀਆਂ 'ਤੇ ਬਹੁਤਾ ਹੁਕਮ ਨਹੀਂ ਚਲਦਾ। ਕਿੱਥੇ ਕਿੱਥੇ ਰੋਕਾਂਗੇ ਉਹਨਾਂ ਨੂੰ ਆਪਾਂ"। (ਸਫਾ 54) ਇੰਦਰ ਸਿੰਘ ਮੁੰਡੇ ਕੁੜੀਆਂ ਦੇ ਬਿਨਾਂ ਵਿਆਹ ਦੇ ਇਕੱਠੇ ਰਹਿਣ ਦੇ ਵਰਤਾਓ ਨੂੰ ਵੀ ਬੜੀ ਅਜੀਬ ਗੱਲ ਸਮਝਦਾ ਤਨਾਓ ਭੋਗਦਾ ਹੈ। ਦਿਨ ਚੜ੍ਹਦਿਆਂ ਹੀ ਬੇਸਮੈਂਟ ਵਾਲੇ ਇੱਕ ਮੁੰਡੇ ਨੇ ਇੰਦਰ ਸਿੰਘ ਨੂੰ ਦੱਸ ਦਿੱਤਾ ਸੀ। ਜੀਨੂੰ ਕਿਹੜੇ ਇਲਾਕੇ ਦੀ ਬੇਸਮੈਂਟ ਵਿੱਚ ਕਿਸ ਨਾਲ ਰਹਿ ਰਹੀ ਹੈ। ਇੰਦਰ ਸਿੰਘ ਉਦੋਂ ਦਾ ਹੀ ਅਵਾਜਾਰ ਸੀ।" (ਸਫਾ 115) ਅਜਿਹੇ ਤਨਾਓ ਵਿੱਚ ਇੰਦਰ ਸਿੰਘ ਆਪਣੇ ਭੂਤ ਭਾਵ ਪਿੰਡ ਦੀ ਜ਼ਿੰਦਗੀ ਵੱਲ ਝਾਕਦਾ ਹੈ। ਨਾਵਲਕਾਰ ਇੰਦਰ ਸਿੰਘ ਦੇ ਮਾਧਿਅਮ ਰਾਹੀਂ ਪੁਰਾਤਨ ਪੰਜਾਬ ਦੀ ਤਸਵੀਰ ਖਿੱਚਦਾ ਹੈ, ਜਿਸ ਦੀ ਝਲਕ ਸਾਨੂੰ ਸਫਾ 117, 133 ਆਦਿ 'ਤੇ ਦੇਖਣ ਨੂੰ ਮਿਲਦੀ ਹੈ। ਇਹੀ ਉਸ ਦਾ ਭੂ-ਹੇਰਵਾ ਹੈ, ਜਿਹੜਾ ਉਦਾਸੀਨਤਾ ਨੂੰ ਜਨਮ ਦਿੰਦਾ ਹੈ।ਕਥਾ ਰਸ ਨੂੰ ਕਾਇਮ ਰੱਖਣ ਲਈ ਵਰਤੇ ਗਏ ਇਹ ਵੇਰਵੇ ਬਹੁਤੀ ਵਾਰ ਦੁਹਰਾਓ ਅਤੇ ਬੋਝਲਤਾ ਦਾ ਸ਼ਿਕਾਰ ਹੋ ਜਾਂਦੇ ਹਨ। ਪੀੜ੍ਹੀ ਪਾੜੇ, ਸੱਭਿਆਚਾਰਕ ਤਨਾਓ ਦੀ ਗੱਲ ਕਰਦਾ ਨਾਵਲ ਵਿਚਲਾ ਮੁੱਖ ਪਾਤਰ ਪ੍ਰਵਾਸ ਦੀ ਅਜਿਹੀ ਔਖੀ ਤੇ ਦੁਚਿੱਤੀ ਭਰੀ ਜ਼ਿੰਦਗੀ ਬਾਰੇ ਕਹਿੰਦਾ ਹੈ, "ਸਾਰਾ ਪੰਜਾਬ ਕੈਨੇਡਾ ਕੈਨੇਡਾ ਕਰੀ ਜਾਂਦਾ, ਸਮਝ ਨਹੀਂ ਆਉਂਦੀ ਮੈਨੂੰ। ਰੋਈ-ਪਿੱਟੀ ਅਜੇ ਵੀ ਜਾਂਦੇ ਆ, ਮਕਾਨ ਦੀਆਂ ਕਿਸ਼ਤਾਂ, ਬੱਚਿਆਂ ਦੀਆਂ ਫੀਸਾਂ, ਕਾਰਾਂ ਦੀਆਂ ਕਿਸ਼ਤਾਂ।" (ਸਫਾ 181) ਅਜਿਹੀ ਦੁਚਿੱਤੀ ਤੇ ਉਦਾਸੀਨਤਾ ਦਾ ਭਰਿਆ ਇੰਦਰ ਸਿੰਘ ਕਦੇ ਬਹੁਤ ਹੀ ਉਦਾਸ ਹੋ ਜਾਂਦਾ, "ਇੱਥੇ ਉਸ ਦਾ ਮਨ ਉਚਾਟ ਹੋ ਜਾਂਦਾ, ਕੀ ਕਰਾਂ, ਕਿਉਂ ਪਿੰਡ ਏਨਾ ਯਾਦ ਆਉਂਦਾ ਹੈ? ਕਿਉਂ ਪਿੰਡ ਮੇਰੇ ਨਾਲ ਅਲਹੇ ਵਾਂਗ ਚਿੰਬੜਿਆ ਹੋਇਆ ਹੈ।" (ਸਫਾ 90) ਇੰਦਰ ਸਿੰਘ ਨੂੰ ਪਿੰਡ ਚੇਤੇ ਆਉਣ ਦੇ ਵੇਰਵੇ ਤਕਰੀਬਨ-ਤਕਰੀਬਨ ਪਹਿਲੇ 10-15 ਕਾਂਡਾਂ ਦੇ ਵਿੱਚ ਦੇਖੇ ਜਾ ਸਕਦੇ ਹਨ। ਦੇਖਿਆ ਜਾਏ ਤਾਂ ਪ੍ਰਵਾਸੀ ਸਾਹਿਤ ਦੀ ਰੂੜੀ ਬਣ ਚੁੱਕੀਆਂ ਇਨ੍ਹਾਂ ਤਿੰਨ-ਚਾਰ ਸਮੱਸਿਆਵਾਂ ਦੇ ਦੁਆਲੇ ਹੀ ਬਹੁਤਾ ਇਹ ਨਾਵਲ ਘੁੰਮਦਾ ਹੈ।

ਉਪਰੋਕਤ ਵਰਨਿਤ ਸਮੱਸਿਆਵਾਂ ਦੇ ਦੁਹਰਾਓ ਇਕ ਹੋਰ ਉਪ ਕਥਾ ਵਿੱਚ ਹੈ, ਜਿਸ ਦਾ ਲੋਕੇਲ ਕੈਨੇਡਾ ਵਿਚਲੀ ਸੱਥ ਵਰਗੀ ਇਕ ਪਾਰਕ ਹੈ।ਏਥੇ ਸਮਾਂ ਕੱਟਣ ਲਈ ਸੀਨੀਅਰ ਸਿਟੀਜ਼ਨ ਜੁੜਦੇ ਹਨ। ਇਹ ਉਹ ਰਿਟਾਇਰਡ ਲੋਕ ਹਨ, ਜਿਹੜੇ ਇੰਦਰ ਸਿੰਘ ਵਾਂਗ ਆਪਣੇ ਬੱਚਿਆਂ ਨੂੰ ਕੋਲ ਰਹਿਣ ਲਈ ਆਏ ਹਨ, ਇਹਨਾਂ ਵਿੱਚ ਕੁਝ ਮਾਸਟਰ, ਪ੍ਰਿੰਸੀਪਲ, ਬੈਂਕ ਦੇ ਕਰਮਚਾਰੀ ਸ਼ਾਮਲ ਹਨ। ਇਹ ਤਾਸ਼ ਖੇਡਦੇ, ਦੁਨੀਆ ਭਰ ਦੀਆਂ ਸਮੱਸਿਆਵਾਂ ਉੱਪਰ ਵਿਚਾਰ ਕਰਦੇ ਹਨ। ਗੱਲਾਂ ਦਾ ਕੜਾਹ ਬਣਾਉਂਦੇ ਮਜਬੂਰੀਵੱਸ ਰਹੀ ਵੀ ਜਾਂਦੇ ਨੇ ਤੇ ਟਿੱਪਣੀਆਂ ਵੀ ਕਰਦੇ ਰਹਿੰਦੇ ਹਨ। ਬਿਰਤਾਂਤਕਾਰ ਟਿੱਪਣੀ ਕਰਦਾ ਕਹਿੰਦਾ ਹੈ, "ਓਦਰਿਆਂ ਦਾ, ਅੜੇ ਥੁੜਿਆਂ ਦਾ ਤੇ ਨਿਰਾਦਰਿਆਂ ਦਾ ਪਾਰਕ ਹੀ ਟਿਕਾਣਾ ਸੀ।" (ਸਫਾ 131) ਪਰ ਇਹ ਪਾਰਕ ਇਨ੍ਹਾਂ ਦਾ ਦਬਾਉ ਮੁਕਤ ਹੋਣ ਦਾ ਸਥਾਨ ਹੈ। ਤਕਰੀਬਨ 28 ਕਾਂਡਾਂ ਵਿੱਚੋਂ 14 ਕਾਂਡ ਇਹਨਾਂ ਪਾਰਕ ਵਿੱਚ ਆਉਂਦੇ ਪੰਜਾਬੀ ਪ੍ਰਵਾਸੀ ਲੋਕਾਂ ਦੀਆਂ ਉਪਰੋਕਤ ਦੱਸੀਆਂ ਸਮੱਸਿਆਵਾਂ ਨਾਲ ਸੰਬੰਧਤ ਗੱਲਾਂਬਾਤਾਂ ਨਾਲ ਹੀ ਭਰੇ ਹੋਏ ਹਨ। ਇਹ ਗੱਲਬਾਤ ਦੁਹਰਾਓ ਬਣਦੀ ਨਾਵਲ ਦੀ ਚਾਲ ਵਿੱਚ ਵਿਘਨ ਪਾਉਂਦੀ ਹੈ।ਇਹ ਗੱਲਬਾਤ ਗਤੀਹੀਣ ਮੋਟਿਫ ਸਿੱਧ ਹੁੰਦੀ ਹੈ। ਜਿਵੇਂ ਉਦਾਹਰਨ ਦੇ ਤੌਰ 'ਤੇ ਨਵੀਂ ਪੀੜ੍ਹੀ ਬਾਰੇ ਗਰੇਵਾਲ ਕਹਿੰਦਾ ਹੈ, ਬੱਚੇ ਅੱਜਕੱਲ੍ਹ ਦੇ ਮਾਂ-ਬਾਪ ਦੇ ਕਹਿਣ ਤੋਂ ਬਾਹਰੇ ਨੇ, ਲੜਕੇ ਨੇ ਆਪਣੇ ਮਰਜ਼ੀ ਨਾਲ ਮੈਰਿਜ ਕਰਵਾਈ ਹੈ। ਲੜਕੀ ਨੇ ਆਪਣੀ ਮਰਜ਼ੀ ਨਾਲ ਇੱਕ ਗੋਰੇ ਨਾਲ ਕਰਵਾਈ ਹੈ। ਉਸ ਦੀ ਕੰਪਨੀ 'ਚ ਹੀ ਜੌਬ ਕਰਦਾ ਸੀ, ਜਿੱਥੇ ਸਾਡੀ ਬੇਟੀ ਜੌਬ ਕਰਦੀ ਹੈ।(ਸਫਾ 113) ਇੰਜ ਕੁਝ ਪਾਤਰ ਸਿਰਜ ਕੇ ਗੱਪ-ਸ਼ਪ ਦੀ ਜੁਗਤ ਨਾਲ ਪੰਜਾਬ ਦੇ ਰਾਜਨੀਤਿਕ ਹਾਲਾਤ, ਪਿੰਡਾਂ ਵਿੱਚ ਆਪਸੀ ਈਰਖਾ, ਨਸ਼ਿਆਂ, ਸੱਭਿਆਚਾਰਕ ਤਨਾਓ ਅਤੇ ਕੈਨੇਡਾ ਵਿਚਲੇ ਪਰਵਾਰਕ ਮਸਲੇ, ਨਵੀਂ ਪੀੜ੍ਹੀ ਦਾ ਨੌਕਰੀਆਂ ਲਈ ਸੰਘਰਸ਼, ਆਇਲੈਟਸ ਵਿੱਚ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਰਿਸ਼ਤਿਆਂ ਦੇ ਟੁੱਟ-ਭੱਜ ਦੀ ਪੇਸ਼ਕਾਰੀ

### ਸਾਹਿਤ ਚਿੰਤਨ

**ਡਾ. ਭੁਪਿੰਦਰ ਕੌਰ**

### ਵਾਰਿਸ ਸਭ ਦੁਨੀਆ ਦਗੇਬਾਜ਼ ਹੈ ਜੀ

**(ਜੱਗ ਬੀਤੀ ਹੱਡ ਬੀਤੀ)**
**ਜਿੰਦਰ**
**ਕੁੱਲ ਪੰਨੇ : 151, ਕੀਮਤ : 300 ਰੁਪਏ**
**ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ**

ਜਿੰਦਰ ਪੰਜਾਬੀ ਸਾਹਿਤ ਵਿੱਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਉਹ ਲਗਾਤਾਰ 1990 ਤੋਂ ਸਾਹਿਤ ਰਚਨਾ ਕਰਦਾ ਆ ਰਿਹਾ ਹੈ। ਹੁਣ ਤੱਕ ਉਸ ਦੀਆਂ ਤਿੰਨ ਦਰਜਨ ਤੋਂ ਵਧੀਕ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਸ ਨੇ ਕਹਾਣੀਆਂ ਦੇ ਨਾਲ-ਨਾਲ ਰੇਖਾ ਚਿੱਤਰਾਂ ਤੇ ਸਫ਼ਰਨਾਮਿਆਂ 'ਤੇ ਵੀ ਕਲਮ ਅਜ਼ਮਾਈ ਕੀਤੀ ਹੈ, ਪਰ ਪ੍ਰਸਿੱਧੀ ਉਸ ਨੂੰ ਇਕ ਕਹਾਣੀਕਾਰ ਵਜੋਂ ਹੀ ਮਿਲੀ ਹੈ। ਉਸ ਦੀਆਂ ਕਈ ਕਹਾਣੀਆਂ ਦਾ ਹਿੰਦੀ, ਮਰਾਠੀ ਤੇ ਸ਼ਾਹਮੁਖੀ ਵਿੱਚ ਅਨੁਵਾਦ ਵੀ ਹੋ ਚੁੱਕਿਆ ਹੈ।ਕਹਾਣੀ ਖੇਤਰ ਵਿੱਚ ਉਸ ਦਾ ਆਪਣਾ ਇੱਕ ਨਾਂਅ ਹੈ। 'ਵਾਰਿਸ ਸਭ ਦੁਨੀਆ ਦਗੇਬਾਜ਼ ਹੈ ਜੀ' (ਜੱਗ ਬੀਤੀ ਹੱਡ ਬੀਤੀ) ਦਾ ਸੰਗ੍ਰਹਿ ਹੈ, ਜਿਸ ਵਿੱਚ ਉਸ ਨੇ ਆਪਣੇ ਪਰਵਾਰ ਤੇ ਆਪਣੇ ਆਲੇ-ਦੁਆਲੇ ਦੀਆਂ ਕਹਾਣੀਆਂ (ਜੋ ਉਸ ਦੇ ਅੰਦਰ ਵੱਸਦੀਆਂ ਹਨ) ਨੂੰ ਸਾਂਭਣ ਦਾ ਉਪਰਾਲਾ ਕੀਤਾ ਹੈ। ਪੁਸਤਕ ਸਮਰਪਿਤ ਹੈ ਉਸ ਦੇ ਆਪਣੇ ਪਰਵਾਰ ਦੇ ਭਵਿੱਖ ਪੋਤੇ ਸਮਰਕੰਡਾ ਦੇ ਨਾਂਅ। ਪੁਸਤਕ ਵਿੱਚ ਕੁੱਲ 26 ਕਹਾਣੀਆਂ ਵਰਗੇ ਪ੍ਰਸੰਗ ਹਨ, ਜਿਸ ਵਿੱਚ ਉਸ ਨੇ ਆਪਣੇ ਪਰਵਾਰ, ਆਪਣੇ ਪੋਤੇ ਤੇ ਆਪਣੇ ਦੋਸਤਾਂ-ਮਿੱਤਰਾਂ ਨਾਲ ਜੁੜੀਆਂ ਹੋਈਆਂ ਸੱਚੀਆਂ ਘਟਨਾਵਾਂ ਤੇ ਯਾਦਾਂ ਨੂੰ ਕਹਾਣੀ ਰੂਪ ਦਿੱਤਾ ਹੈ। ਸਿਰਲੇਖ ਦੀ ਇਹ ਪੰਗਤੀ (ਵਾਰਿਸ ਸਭ ਦੁਨੀਆ ਦਗੇਬਾਜ਼ ਹੈ ਜੀ) ਸ਼ਿਵ ਕੁਮਾਰ ਦੀ ਰਚਨਾ 'ਲੂਣਾ' ਵਿੱਚੋਂ ਲਈ ਗਈ ਹੈ, ਜਿਵੇਂ ਵਾਰਸ ਦੀ ਹੀਰ ਵਿੱਚ ਦੁਨੀਆ ਦੀ ਬੇਵਫਾਈ, ਧੋਖਾ ਤੇ ਪਖੰਡ ਉੱਤੇ ਤਿੱਖੇ ਵਿਅੰਗ ਦੀ ਗੱਲ ਕੀਤੀ ਗਈ, ਇਸੇ ਤਰ੍ਹਾਂ ਲੂਣਾ ਵੀ ਆਪਣੇ ਦੁੱਖ, ਧੋਖੇ ਅਤੇ ਸਮਾਜਿਕ ਕਠੋਰਤਾ ਨੂੰ ਬਿਆਨ ਕਰਦੀ ਹੈ। ਦੁਨੀਆ ਨੂੰ ਦਗੇਬਾਜ਼ ਕਹਿਣਾ ਇੱਕ ਵਿਅਕਤੀ ਲਈ ਨਹੀਂ, ਬਲਕਿ ਪੂਰੇ ਸਮਾਜਿਕ ਰਵੱਈਏ ਉੱਤੇ ਤਿੱਖਾ ਵਿਅੰਗ ਹੈ। ਜਿੰਦਰ ਵੀ ਆਪਣੇ ਇਸ ਸੰਗ੍ਰਹਿ ਵਿੱਚ 'ਰਿਸ਼ਤਿਆਂ ਦੀ ਟੁੱਟ-ਭੱਜ' ਨੂੰ ਪੇਸ਼ ਕਰਦਾ ਹੈ। ਰਿਸ਼ਤਿਆਂ ਵਿੱਚ ਆਇਆ ਹੋਇਆ ਧੋਖਾ, ਪਖੰਡ ਤੇ ਬੇਵਫਾਈ ਉੱਤੇ ਤਿੱਖਾ ਵਿਅੰਗ ਕਰਦਾ ਹੈ। ਉਸ ਦਾ ਇਹ ਸੰਗ੍ਰਹਿ ਹਰ ਕਿਸਮ ਦੇ ਰਿਸ਼ਤੇ ਦੀ ਬਾਤ ਪਾਉਂਦਾ ਹੈ। ਜ਼ਿਆਦਾਤਰ ਕਹਾਣੀਆਂ ਪਿਓ-ਪੁੱਤਰ ਦੇ ਰਿਸ਼ਤੇ ਤੇ ਪੁੱਤਰ ਵੱਲੋਂ ਪਿਓ ਨਾਲ ਕੀਤੀ ਬੇਵਫ਼ਾਈ ਦਾ ਜ਼ਿਕਰ ਕਰਦੀ ਹੈ। 'ਗੁੱਡਬਾਈ ਫਾਰ ਐਵਰ' ਇਕ ਐਸੇ ਬਾਪ ਦੀ ਕਹਾਣੀ ਹੈ, ਜਿਸ ਨੇ ਆਪਣੇ ਪੁੱਤਰ ਨੂੰ ਪੜ੍ਹਾਇਆ, ਲਿਖਾਇਆ, ਬਾਹਰ ਭੇਜਿਆ। ਆਪਣੀ ਨੂੰਹ ਨੂੰ ਵੀ ਆਪਣੇ ਖਰਚੇ 'ਤੇ ਬਾਹਰ ਭੇਜਿਆ, ਪਰ ਉਸ ਨੂੰ ਪੁੱਤਰ ਵੱਲੋਂ ਕੋਈ ਸੁੱਖ ਨਾ ਮਿਲਿਆ। ਲੋਨ ਲੈਣਾ ਪਿਆ, ਇਹ ਸੋਚ ਕੇ ਲੈ ਲਿਆ ਕਿ ਉਹ ਕਮਾਈ ਕਰਕੇ ਲੋਨ ਆਪਣੇ-ਆਪ ਲਾਹ ਦੇਵੇਗਾ, ਪਰ ਪੁੱਤਰ ਦੀ ਬੇਵਫ਼ਾਈ ਕਿ ਉਹ ਪਿਓ ਦਾ ਨੰਬਰ ਹੀ ਬਲੌਕ ਕਰ ਦਿੰਦਾ ਹੈ। ਬਾਪ ਨੂੰ ਕਰਜ਼ਾ ਲਾਹੁਣ ਲਈ ਦੁਬਾਰਾ ਨੌਕਰੀ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਜੇ ਪੁੱਤਰ ਪਿਓ ਨੂੰ ਫਾਰਐਵਰ ਗੁੱਡਬਾਈ ਕਰ ਦਿੰਦਾ ਹੈ ਤਾਂ ਪਿਓ ਵੀ ਦਿਲੋਂ ਉਸ ਨੂੰ ਕੱਢ ਦਿੰਦਾ ਹੈ। 'ਨਵੀਂ ਸ਼ੁਰੂਆਤ' ਵਿੱਚ ਵੀ ਇਸੇ ਤਰ੍ਹਾਂ ਦੇ ਵਿਸ਼ੇ ਨੂੰ ਲਿਆ ਗਿਆ ਹੈ। ਇਸ ਕਹਾਣੀ ਦਾ ਬਾਬਾ ਵੀ ਆਪਣੇ ਪੁੱਤਰਾਂ ਤੋਂ ਦੁਖੀ ਹੋ ਕੇ ਆਪਣੇ ਜੀਵਨ ਦੀ ਨਵੀਂ ਸ਼ੁਰੂਆਤ ਕਿਸੇ ਦੀ ਮਦਦ ਨਾਲ ਮੋਟਰਸਾਈਕਲ, ਰੇਹੜੀ ਰਾਹੀਂ ਕਰਦਾ ਹੈ। ਪਹਿਲਾਂ ਉਸ ਨੂੰ ਚਿੰਤਾ ਵਿੱਚ ਨੀਂਦ ਨਹੀਂ ਆਉਂਦੀ ਸੀ, ਉਸ ਦੀ ਸਾਰੀ ਰਾਤ ਪਾਸੇ ਮਾਰਦਿਆਂ ਹੀ ਗੁਜ਼ਾਰ ਦਿੰਦਾ ਸੀ, ਪਰ ਹੁਣ ਕੰਮ ਕਰਕੇ ਐਨਾ ਥੱਕ ਜਾਂਦਾ ਹੈ ਕਿ ਉਹ ਸਕੂਨ ਦੀ ਨੀਂਦ ਸੌਂਦਾ ਹੈ। 'ਹੰਝੂਆਂ ਦੀ ਭਾਸ਼ਾ' ਵਿੱਚ ਵੀ ਇੱਕ ਪਿਓ ਦੇ ਹੰਝੂਆਂ ਬਾਰੇ ਦੱਸਿਆ ਹੈ ਕਿ ਉਹਨਾਂ ਦੀ ਭਾਸ਼ਾ ਕੋਈ ਨਹੀਂ ਸਮਝ ਸਕਦਾ। ਸਾਡੇ ਸਮਾਜ ਵਿੱਚ ਭਰਾਵਾਂ ਦੇ ਨਾਲ-ਨਾਲ ਪੁੱਤਰ ਵੀ ਕਈ ਵਾਰ ਸ਼ਰੀਕ ਬਣ ਜਾਂਦੇ ਹਨ। ਹਿੱਕ ਦੇ ਜ਼ੋਰ 'ਤੇ ਉਹ ਆਪਣਾ ਹਿੱਸਾ ਲੈ ਜਾਂਦੇ ਹਨ। ਪੁੱਤਰਾਂ ਦੀ ਦਗ਼ਾਬਾਜ਼ੀ ਪਿਓ ਦੇ ਹੰਝੂਆਂ ਲਈ ਜ਼ਿੰਮੇਵਾਰ ਹੁੰਦੀ ਹੈ। ਕਹਾਣੀ ਦੱਸਦੀ ਹੈ ਕਿ ਉਹ ਇਹ ਨਹੀਂ ਜਾਣਦੇ ਕਿ ਹੰਝੂਆਂ ਦੀ ਭਾਸ਼ਾ ਦੀ ਚੁੱਪ ਕਿੰਨੀ ਖਤਰਨਾਕ ਹੁੰਦੀ ਹੈ, ਇਹ ਹੇਠਲੀ 'ਤੇ ਲਿਆ ਸਕਦੀ ਹੈ। ਇਸੇ ਤਰ੍ਹਾਂ ਅਗਲੀ ਕਹਾਣੀ 'ਪੁੱਤ ਦਾ ਘਰ' ਵਿੱਚ ਤਿੰਨ ਜੱਗ ਬੀਤੀਆਂ ਦੇ ਉਦਾਹਰਨ ਦੇ ਕੇ ਇਸ ਸਪੱਸ਼ਟ ਕਰਦਾ ਹੈ ਕਿ ਪਿਓ ਦਾ ਘਰ ਤਾਂ ਸਭ ਦਾ ਘਰ ਹੁੰਦਾ ਹੈ, ਪਰ ਪੁੱਤ ਦੇ ਘਰ ਨੂੰ ਉਹ ਆਪਣਾ ਕਹਿਣ ਦੀ ਜੁਰਅਤ ਨਹੀਂ ਕਰ ਸਕਦਾ। ਪ੍ਰਸੰਗ ਵਿੱਚ ਪੁੱਤਰ ਕਹਿੰਦਾ ਹੈ, ਡੈਡੀ ਜੀ ਇਹ ਮੇਰਾ ਘਰ ਹੈ, ਤੁਸੀਂ ਬੇਵਜ੍ਹਾ ਦਖਲਅੰਦਾਜ਼ੀ ਨਾ ਕਰੋ। ਇਸੇ ਤਰ੍ਹਾਂ ਸੰਗ੍ਰਹਿ ਦੀ ਇੱਕ ਕਹਾਣੀ 'ਦੇਸੀ ਘਿਉ ਦੇ ਆਟੇ ਦਾ ਦੀਵਾ' ਹੈ, ਜਿਸ ਵਿੱਚ ਵੀ ਮਾਪਿਆਂ ਦੀ ਹੋਣੀ ਨੂੰ ਬਿਆਨ ਕੀਤਾ ਗਿਆ ਹੈ। ਜਿਸ ਵਿੱਚ ਜਦੋਂ ਬਾਹਰ ਗਏ ਮਾਪਿਆਂ ਨੂੰ ਆਪਣੇ ਬੱਚਿਆਂ ਵੱਲੋਂ ਟੋਕਾ-ਟਾਕੀ ਮਿਲਦੀ ਹੈ ਤਾਂ ਉਹ ਦੁਖੀ ਹੋ ਕੇ ਵਾਪਸ ਆਪਣੀ ਧਰਤ 'ਤੇ ਪਰਤ ਆਉਣ ਦੀ ਸੋਚਦੇ ਹਨ, ਉਹਨਾਂ ਨੂੰ ਇਹ ਲੱਗਦਾ ਹੈ ਕਿ ਉਹਨਾਂ ਦੇ ਜਾਣ 'ਤੇ ਨੂੰਹਾਂ ਨੇ ਦੇਸੀ ਘਿਓ ਦਾ ਦੀਵਾ ਜਗਾਇਆ ਹੋਣਾ ਕਿ ਸ਼ੁਕਰ ਹੈ ਬੁੜ੍ਹਾ-ਬੁੜ੍ਹੀ ਦਫ਼ਾ ਹੋਏ। ਇਸੇ ਤਰ੍ਹਾਂ ਦੀ ਇੱਕ ਕਹਾਣੀ 'ਰੱਬ ਰਾਖਾ' ਜਿਸ ਵਿੱਚ ਮਾਸੀ ਦੇ ਦੋਵੇਂ ਪੁੱਤਰ ਬਾਹਰ ਹਨ।ਇੱਕ ਆਸਟਰੇਲੀਆ ਤੇ ਦੂਜਾ ਇਟਲੀ। ਬਿਰਤਾਂਤਕਾਰ ਦੀ ਮਾਸੀ ਦੇਖਣ ਨੂੰ ਤਾਂ ਸੁਖੀ ਲੱਗਦੀ ਹੈ, ਪਰ ਅੰਦਰੋਂ ਬਹੁਤ ਦੁਖੀ ਹੈ, ਉਹ ਸਭ ਕੁਝ ਪਰਮਾਤਮਾ 'ਤੇ ਹੀ ਛੱਡ ਦਿੰਦੀ ਹੈ ਕਿ ਉਸ ਦਾ ਤਾਂ ਰੱਬ ਹੀ ਰਾਖਾ ਹੈ। ਜਿੰਦਰ ਜਿੱਥੇ ਸਮਾਜ ਵਿੱਚ ਇਸ ਪ੍ਰਕਾਰ ਦੀ ਦਗਾਬਾਜ਼ੀ ਦੀ ਗੱਲ ਕਰਦਾ ਹੈ, ਉਥੇ ਕਹਾਣੀ 'ਫਾਰਮੂਲਾ' ਰਾਹੀਂ ਬਜ਼ੁਰਗਾਂ ਦੇ ਸੁਖੀ ਰਹਿਣ ਲਈ ਇੱਕ ਫਾਰਮੂਲਾ ਦਿੰਦਾ ਹੈ। ਉਹ ਕਹਿੰਦਾ ਹੈ ਕਿ ਦੇਸਾਂ ਵਿੱਚ ਜਾਂ ਪਰਦੇਸਾਂ ਵਿੱਚ ਬਜ਼ੁਰਗਾਂ ਲਈ ਫਾਰਮੂਲਾ ਸਿਰਫ਼ ਇਹੀ ਹੈ ਜੇ ਕੁਝ ਕਹਿਣਾ ਹੈ ਤਾਂ ਮੁੰਡੇ ਨੂੰ ਕਹਿ ਲਓ, ਨੂੰਹ ਨੂੰ ਨਹੀਂ, ਭਾਵੇਂ ਹਜ਼ਾਰਾਂ ਡਾਲਰਾਂ ਦਾ ਨੁਕਸਾਨ ਹੋ ਜਾਵੇ, ਕੁਝ ਨਹੀਂ ਬੋਲਣਾ। ਜਿਸ ਨੇ ਵੀ ਇਸ ਫਾਰਮੂਲੇ ਨੂੰ ਅਪਣਾ ਲਿਆ, ਉਸ ਦੀ ਜ਼ਿੰਦਗੀ ਸੁਖਾਲੀ ਹੋ ਜਾਵੇਗੀ। ਇਸ ਤਰ੍ਹਾਂ ਜਿੰਦਰ ਨੇ ਆਪਣੇ ਇਸ ਸੰਗ੍ਰਹਿ ਵਿੱਚ ਖ਼ੂਨ ਦੇ ਇਨ੍ਹਾਂ ਰਿਸ਼ਤਿਆਂ ਦੀ, ਬੇਵਫਾਈ ਦੀ ਤੇ ਦਗ਼ਾਬਾਜ਼ੀ ਦੀ ਗੱਲ ਕੀਤੀ ਹੈ, ਉਥੇ ਇਸ ਦੀਆਂ ਕੁਝ ਪ੍ਰਸੰਗ ਦਾਦੇ-ਪੋਤੇ ਦੇ ਸੰਬੰਧਾਂ ਦੀ ਗੱਲ ਕਰਦੀ ਹੈ ਕਿ ਜਿਵੇਂ ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ, ਇਸੇ ਤਰ੍ਹਾਂ ਦਾਦੇ ਨੂੰ ਆਪਣਾ ਪੋਤਾ ਪਿਆਰਾ ਹੁੰਦਾ ਹੈ। ਪਹਿਲੀ ਕਹਾਣੀ 'ਆਖਰੀ ਦੋਸਤ' ਵਿੱਚ ਜਿੰਦਰ ਨੂੰ ਆਪਣਾ ਪੋਤਾ ਸਮਰ ਬਹੁਤ ਪਿਆਰਾ ਲੱਗਦਾ ਹੈ, ਉਹ ਉਸ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ, ਨਿੱਕੇ-ਨਿੱਕੇ ਰੋਸਿਆਂ 'ਤੇ ਆਨੰਦਿਤ ਹੁੰਦਾ ਹੈ ਤੇ ਜਦੋਂ ਉਸ ਨੂੰ ਪੋਤੇ ਦਾ ਪਿਆਰ ਮਿਲਦਾ ਹੈ ਤਾਂ ਉਸ ਨੂੰ ਇੰਝ ਜਾਪਦਾ ਹੈ, ਜਿਵੇਂ ਕਿ ਉਹ ਜ਼ਮੀਨ ਤੋਂ ਦੋ ਫੁੱਟ ਹੋਰ ਉੱਚਾ ਹੋ ਗਿਆ ਹੋਵੇ। ਉਸ ਨੂੰ ਇਹ ਪੋਤਾ, ਪੋਤਾ ਨਹੀਂ ਲੱਗਦਾ, ਬਲਕਿ ਆਪਣਾ ਆਖ਼ਰੀ ਦੋਸਤ ਲੱਗਦਾ ਹੈ। ਇਸੇ ਤਰ੍ਹਾਂ ਦੇ ਕੁਝ ਪ੍ਰਸੰਗ 'ਗੌਰਵ ਉੱਠ ਓਏ', 'ਜਿਨ੍ਹਾਂ ਦਾ ਜਗ 'ਤੇ ਨਾ ਕੋਈ' ਬੱਚਿਆਂ ਦੇ ਮਾਪਿਆਂ ਤੋਂ ਵਿਛੜਨ ਦੀਆਂ ਕਹਾਣੀਆਂ ਹਨ।ਵਿਛੋੜੇ ਵਿੱਚੋਂ ਨਿਕਲੇ ਰੋਣ ਕਰਕੇ ਘਰ ਦੀਆਂ ਕੰਧਾਂ ਵੀ ਰੋ ਪੈਂਦੀਆਂ ਹਨ। ਜਿੰਦਰ ਨੇ 'ਭਰਾ' ਪ੍ਰਸੰਗ ਵਿੱਚ ਭੈਣ-ਭਰਾਵਾਂ ਦੇ ਰਿਸ਼ਤੇ ਦੀ ਗੱਲ ਕੀਤੀ ਹੈ ਕਿ ਭਰਾ ਸੱਜੀਆਂ ਬਾਹਾਂ ਹੁੰਦੇ ਹਨ। ਭਰਾਵਾਂ ਦੇ ਹੁੰਦਿਆਂ ਉਹਨਾਂ ਨੂੰ ਕਿਸੇ ਦਾ ਵੀ ਡਰ ਨਹੀਂ ਹੁੰਦਾ, ਪਰ ਉਹ ਦੁੱਖ ਪ੍ਰਗਟਾਉਂਦਾ ਹੈ ਕਿ ਵੱਡੇ ਹੋ ਕੇ ਉਹ ਪਿਆਰ ਪਤਾ ਨਹੀਂ ਕਿਉਂ ਖਤਮ ਹੋ ਜਾਂਦਾ ਹੈ ਤੇ ਭਰਾ ਵੀ ਬੇਗਾਨੇ ਹੋ ਜਾਂਦੇ ਹਨ। 'ਮਾਂ' ਕਹਾਣੀ ਵਿੱਚ ਮਾਂ ਦੀ ਤੜਪ ਤੇ ਮਾਂ ਦੇ ਪਿਆਰ ਨੂੰ ਦਰਸਾਇਆ ਗਿਆ ਹੈ। ਜਦੋਂ ਤੱਕ ਬੱਚਾ ਘਰ ਵਿੱਚ ਨਾ ਆਵੇ, ਮਾਂ ਬੇਚੈਨ ਰਹਿੰਦੀ ਹੈ। ਬੱਚੇ ਨੂੰ ਦੇਖਦਿਆਂ ਸਾਰ ਹੀ ਉਸ ਨੂੰ ਸਕੂਨ ਮਿਲ ਜਾਂਦਾ ਹੈ।ਕੁਝ ਪ੍ਰਸੰਗ ਔਰਤ ਦੀ ਅਣਖ ਤੇ ਇੱਜ਼ਤ ਨੂੰ ਵੀ ਪੇਸ਼ ਕਰਦੀਆਂ ਹਨ, ਜਿਵੇਂ 'ਇੱਜ਼ਤ' ਅਣਖ ਦੀ ਕਹਾਣੀ ਹੈ। ਪਿਆਰੋ ਸਿਰਫ਼ ਅਣਖ ਖਾਤਰ, ਇੱਜ਼ਤ ਖਾਤਰ ਕਿਸੇ ਦੇ ਕੰਮ ਕਰਨਾ ਛੱਡ ਦਿੰਦੀ ਹੈ। 'ਹਰਕੰਵਲ ਦੀ ਆਖਰੀ ਗੱਲ' ਕਹਾਣੀ ਵਿੱਚ ਹਰਕੰਵਲ ਇੱਕ ਐਸੀ ਅਣਖ ਵਾਲੀ ਪਾਤਰ ਹੈ, ਜੋ ਆਪਣੇ ਪਤੀ ਦੇ ਕਿਸੇ ਹੋਰ ਨਾਲ ਸੰਬੰਧਾਂ ਬਾਰੇ ਪਤਾ ਲੱਗਦਿਆਂ ਹੀ ਉਸ ਨੂੰ ਛੱਡਣ ਦਾ ਫੈਸਲਾ ਲੈਂਦੀ ਹੈ। ਬੇਸ਼ੱਕ ਘਰ ਦੇ ਤਲਾਕ ਦਿਵਾਉਣ ਦੀ ਸੋਚਦੇ ਹਨ, ਪਰ ਉਹ ਆਪਣਾ ਆਖਰੀ ਫੈਸਲਾ ਸੁਣਾਉਂਦੀ ਹੈ ਕਿ ਉਹ ਤਲਾਕ ਨਹੀਂ ਦੇਵੇਗੀ। ਉਹ ਨਾ ਆਪ ਵਿਆਹ ਕਰਾਵੇਗੀ ਤੇ ਨਾ ਉਸ ਨੂੰ ਕਰਵਾਉਣ ਦੇਵੇਗੀ। ਜਿੱਥੇ ਇਹਨਾਂ ਕਹਾਣੀਆਂ ਰਾਹੀਂ ਔਰਤ ਦੇ ਇਸ ਰੂਪ ਦੀ ਗੱਲ ਕੀਤੀ ਹੈ ਉਥੇ 'ਮੌਤ' ਪ੍ਰਸੰਗ ਰਾਹੀਂ ਜਿੰਦਰ ਇਹ ਵੀ ਦੱਸਦਾ ਹੈ ਕਿ ਕਈ ਵਾਰ ਇੱਕ ਔਰਤ ਮਾਂ ਦੀ ਮਮਤਾ ਦੀ ਖਾਤਰ ਕਿਸੇ ਦੀ ਮੌਤ ਲਈ ਦੁਆ ਵੀ ਕਰ ਸਕਦੀ ਹੈ, ਜਿਵੇਂ 'ਮੌਤ' ਪ੍ਰਸੰਗ ਵਿੱਚ ਕਾਂਤਾ ਆਪਣੀ ਸਕੀ ਭੈਣ ਰਜਨੀ ਤੇ ਉਸ ਦੇ ਘਰ ਵਾਲੇ ਦੀ ਮੌਤ ਲਈ ਦੁਆ ਕਰਦੀ ਹੈ ਸਿਰਫ਼ ਮਮਤਾ ਦੀ ਖਾਤਰ। ਉਸ ਨੇ ਆਪਣਾ ਹੀ ਬੱਚਾ ਜੋ ਰਜਨੀ ਨੂੰ ਗੋਦ ਦਿੱਤਾ ਸੀ, ਉਹ ਚਾਹੁੰਦੀ ਹੈ ਕਿ ਕਿਸੇ ਤਰੀਕੇ ਉਸ ਕੋਲ ਵਾਪਸ ਆ ਜਾਵੇ। ਜਿੱਥੇ ਜਿੰਦਰ ਨੇ ਆਪਣੇ ਇਸ ਸੰਗ੍ਰਹਿ ਵਿੱਚ ਖ਼ੂਨ ਦੇ ਇਹਨਾਂ ਰਿਸ਼ਤਿਆਂ ਦੀ ਗੱਲ ਕੀਤੀ ਹੈ, ਉਥੇ ਉਹ ਕੁਝ ਨੈਤਿਕ ਕਦਰਾਂ-ਕੀਮਤਾਂ ਦੀ ਵੀ ਗੱਲ ਕਰ ਜਾਂਦਾ ਹੈ। 'ਉਲਝੀ ਹੋਈ ਤਾਣੀ' ਪ੍ਰਸੰਗ ਉਹ ਦੱਸਦਾ ਹੈ ਕਿ ਇੱਕ-ਦੂਜੇ ਦੀ ਨਿੰਦਿਆ-ਚੁਗਲੀ ਛੱਡਣ ਤੇ ਇੱਕ-ਦੂਜੇ ਦੇ ਵਿਰੁੱਧ ਬੋਲਣਾ ਛੱਡ ਕੇ ਅਸੀਂ ਉਲਝੀਆਂ ਹੋਈਆਂ ਤਾਣੀਆਂ ਸੁਲਝਾ ਸਕਦੇ ਹਾਂ। 'ਸ਼ਾਇਦ', 'ਕੱਚੇ ਛੋਲੇ ਚੱਬਣ ਵਾਲਾ' ਤੇ 'ਜਗੀਰੋ ਨਾਂਅ ਦੀ ਕੁੜੀ' ਕਹਾਣੀ ਵਿੱਚ ਵੀ ਉਹ ਵੱਖਰੀ ਤਰ੍ਹਾਂ ਦੇ ਵਿਸ਼ਿਆਂ ਦੀ ਪੇਸ਼ਕਾਰੀ ਕਰਦਾ ਹੈ। ਜਿੰਦਰ ਦਾ ਸਮੁੱਚਾ ਕਹਾਣੀ ਸੰਗ੍ਰਹਿ ਉਸ ਦੇ ਆਪਣੇ ਆਲੇ-ਦੁਆਲੇ ਵਾਪਰੇ ਯਥਾਰਥ ਦੀ ਪੇਸ਼ਕਾਰੀ ਕਰਦਾ ਹੈ। ਜਿੱਥੇ ਉਹ ਰਿਸ਼ਤਿਆਂ ਦੀ ਬੇਵਫ਼ਾਈ ਦੀ ਗੱਲ ਕਰਦਾ ਹੈ, ਉਥੇ ਉਹ ਇਹਨਾਂ ਰਿਸ਼ਤਿਆਂ ਵਿਚ ਦੁਬਾਰਾ ਤੋਂ ਪੈਦਾ ਹੋਣ ਵਾਲੇ ਪਿਆਰ ਪ੍ਰਤੀ ਫਿਕਰਮੰਦ ਵੀ ਜਾਪਦਾ ਹੈ। ਸਾਰੀਆਂ ਰਚਨਾਵਾਂ 'ਚ ਇਕ ਐਸਾ ਯਥਾਰਥ ਹੈ, ਜੋ ਸਾਡੇ ਨਾਲ ਤੇ ਸਾਡੇ ਆਲੇ-ਦੁਆਲੇ ਵਾਪਰਦਾ ਹੈ। ਉਹ ਪਾਠਕਾਂ ਨੂੰ ਇਹਨਾਂ ਰਿਸ਼ਤਿਆਂ ਨੂੰ ਬਚਾਉਣ ਦਾ ਮੌਕਾ ਦਿੰਦਾ ਹੋਇਆ ਪ੍ਰਤੀਤ ਹੁੰਦਾ ਹੈ। ਆਸ ਹੈ ਪਾਠਕਾਂ ਵੱਲੋਂ ਇੱਕ ਭਰਵਾਂ ਹੁੰਗਾਰਾ ਮਿਲੇਗਾ।ਜਿੰਦਰ ਦੀ ਇਸ ਪੁਸਤਕ ਨੂੰ ਸਾਹਿਤ ਜਗਤ ਵਿੱਚ ਜੀ ਆਇਆਂ ਤੇ ਮੁਬਾਰਕਾਂ।




**ਸੰਪਰਕ : 98555-95818**

## ਕਿਤਾਬਾਂ ਦੇ ਨਵੇਂ ਸੰਸਕਰਨ

### ਖ਼ਾਲਸਾ ਰਾਜ ਦੇ ਉਸਰਈਏ (ਸਿੱਖ ਇਤਿਹਾਸ)




**ਬਾਬਾ ਪ੍ਰੇਮ ਸਿੰਘ ਜੀ ਹੋਤੀ ਮਰਦਾਨ**
**ਮੁੱਲ : 250, ਸਫ਼ੇ : 238**

ਬਾਬਾ ਪ੍ਰੇਮ ਸਿੰਘ ਮੁੱਢਲਾ ਸਿੱਖ ਇਤਿਹਾਸਕਾਰ ਹੈ। ਲੇਖਕ ਮੁਹੰਮਦ ਲਤੀਫ਼, ਕਨਿੰਘਮ, ਖੁਸ਼ਵਕਤ ਰਾਏ ਤੇ ਉਨ੍ਹਾਂ ਦੇ ਸਮਕਾਲੀ ਇਤਿਹਾਸਕਾਰ ਨੂੰ ਮਜ਼ਬੀ ਪੱਖਪਾਤ ਕਰਨ ਵਾਲੇ ਤੇ 'ਅਸਿੱਖ' ਕਹਿੰਦਾ ਹੈ। ਬਾਬਾ ਪ੍ਰੇਮ ਸਿੰਘ ਆਪਣੀ ਪੱਧਰ ਉੱਤੇ ਕੁਝ ਸਰੋਤ ਇਕੱਠਾ ਕਰਦਾ ਹੈ। ਉਨ੍ਹਾਂ ਸਰੋਤਾਂ ਦਾ ਅਧਿਐਨ ਕਰਕੇ ਆਪਣੀ ਦ੍ਰਿਸ਼ਟੀ ਬਣਾਉਂਦਾ ਹੈ। ਤੇ ਸਿੱਖ ਇਤਿਹਾਸ ਦੀ ਸਿਰਜਣਾ ਕਰਦਾ ਹੈ। ਹੱਥਲੀ ਪੁਸਤਕ ਵੀ ਇਸੇ ਮਕਸਦ ਨਾਲ 1842 ਵਿੱਚ ਲਿਖੀ ਗਈ ਸੀ। ਜੋ ਪੁਨਰ ਪ੍ਰਕਾਸ਼ਤ ਕੀਤੀ ਗਈ ਹੈ। ਕਿਤਾਬ ਭਾਵੇਂ ਮਹਾਰਾਜਾ ਰਣਜੀਤ ਸਿੰਘ ਦਾ ਬਿਰਤਾਂਤ ਦੱਸਦੀ ਹੈ ਪ੍ਰੰਤੂ ਇਹਦੇ ਨਾਲ ਨਾਲ ਸਿੱਖ ਮਿਸਲਾਂ ਦੇ ਨਾਇਕ, ਰਾਣੀ ਸਦਾ ਕੌਰ, ਦੀਵਾਨ ਮੋਹਕਮ ਚੰਦ, ਫਕੀਰ ਅਜ਼ੀਜ਼ੋਦੀਨ, ਬੁੱਧ ਸਿੰਘ ਸੰਧਾਵਾਲੀਆ, ਮਜੀਠੀਏ, ਅਟਾਰੀ ਵਾਲੇ ਸਰਦਾਰ, ਹਰੀ ਸਿੰਘ ਨਲੂਆ, ਫੂਲਾ ਸਿੰਘ ਹੋਰ ਬਹੁਤ ਸਾਰੇ ਬਹਾਦਰ ਸਰਦਾਰਾਂ ਦੀ ਕਹਾਣੀਆਂ ਦਾ ਬਿਰਤਾਂਤ ਕਿਤਾਬ ਵਿੱਚ ਪੜ੍ਹਨ ਨੂੰ ਮਿਲਦਾ ਹੈ। ਪੁਸਤਕ ਦੇ ਦੂਜੇ ਭਾਗ ਵਿੱਚ ਹੋਤੀ ਮਰਦਾਨਾ ਨੇ ਧੁੰਦਲੇ ਹੋ ਰਹੇ ਨਾਇਕਾਂ ਨੂੰ ਮੁੱਖ ਧਾਰਾ ਵਿੱਚ ਲੈ ਕੇ ਆਂਦਾ ਹੈ। ਜਿਸ ਵਿੱਚ ਫ਼ਤਹ ਸਿੰਘ ਮਾਨ, ਜੇ ਸਿੰਘ ਮਾਨ, ਫਤਹ ਸਿੰਘ ਕਾਲਿਆਂ ਵਾਲਾ, ਜਰਨੈਲ ਸਿੰਘ, ਧੰਨਾ ਸਿੰਘ ਮਲਵਈ, ਬਾਬਾ ਸਾਹਿਬ ਸਿੰਘ ਬੇਦੀ, ਜੋਧ ਸਿੰਘ ਰਾਮਗੜ੍ਹੀਆ ਤੇ ਹੋਰ ਅਨੇਕਾਂ ਸਿੰਘ ਜਰਨੈਲਾਂ ਦਾ ਬਿਰਤਾਂਤ ਹੈ ਜਿਨ੍ਹਾਂ ਨੇ ਖ਼ਾਲਸਾ ਰਾਜ ਨੂੰ ਉਸਾਰਨ ਵਿੱਚ ਬਹਾਦਰੀ ਦਾ ਸਬੂਤ ਦਿੱਤਾ। ਇਨ੍ਹਾਂ ਨੇ ਆਪਣੀ ਸੂਝ ਨਾਲ ਜੰਗਾਂ ਲੜੀਆਂ ਤੇ ਜਿੱਤਾਂ ਪ੍ਰਾਪਤ ਕੀਤੀਆਂ। ਕਿਤਾਬ ਸਿੱਖ ਇਤਿਹਾਸ ਦੀਆਂ ਬਹੁਤ ਸਾਰੀਆਂ ਭ੍ਰਾਂਤੀਆਂ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆਉਂਦੀ ਹੈ।

### ਜੀਵਨ ਬ੍ਰਿਤਾਂਤ ਅਕਾਲੀ ਫੂਲਾ ਸਿੰਘ (ਸਿੱਖ ਇਤਿਹਾਸ)




**ਬਾਬਾ ਪ੍ਰੇਮ ਸਿੰਘ ਜੀ ਹੋਤੀ ਮਰਦਾਨ**
**ਮੁੱਲ : 150, ਸਫ਼ੇ : 76**

1914 ਵਿੱਚ ਪਹਿਲੀ ਵਾਰ ਛਪੀ ਇਹ ਅਜਿਹੀ ਕਿਤਾਬ ਹੈ ਜਿਹੜੀ ਅਕਾਲੀ ਫੂਲਾ ਸਿੰਘ ਨੂੰ ਬਹਾਦਰ ਨਾਇਕ ਵਜੋਂ ਪੇਸ਼ ਕਰਦੀ ਹੈ। ਪ੍ਰੇਮ ਸਿੰਘ ਨੇ 'ਅਕਾਲੀ' ਸ਼ਬਦ ਤੇ ਇਸ ਨਾਲ ਜੁੜੇ ਬਾਣੇ ਨੂੰ ਅਧਾਰ ਬਣਾ ਕੇ ਅਕਾਲੀ ਫੂਲਾ ਸਿੰਘ ਦਾ ਜੀਵਨ ਬਿਰਤਾਂਤ ਪੇਸ਼ ਕੀਤਾ ਹੈ। ਲੇਖਕ ਨੂੰ ਇਸ ਗੱਲ ਦਾ ਵੀ ਦੁੱਖ ਹੈ ਕਿ ਬਹਾਦਰ ਸਿੰਘਾਂ ਨੇ ਸਿੱਖ ਇਤਿਹਾਸ ਨੂੰ ਸਾਂਭਣ ਤੇ ਲਿਖਣ ਦੀ ਕੋਸ਼ਿਸ਼ ਨਹੀਂ ਕੀਤੀ। ਜੋ ਵੀ ਲਿਖਿਆ ਗਿਆ ਉਹ ਗ਼ੈਰਾਂ ਵੱਲੋਂ ਲਿਖਿਆ ਗਿਆ। ਲੇਖਕ ਖੁਸ਼ਵਕਤ ਰਾਏ ਦੇ ਉਸ ਝੂਠ ਨੂੰ ਵੀ ਨੰਗਾ ਕਰਦਾ ਹੈ ਜਿਹੜਾ ਅੰਮ੍ਰਿਤ ਛਕਣ ਨੂੰ ਲੈ ਕੇ ਉਸ ਨੇ ਲਿਖਿਆ। ਮਿਟਕਾਫ਼ ਅਣਖੀ ਜੋਧੇ ਨੂੰ ਬਾਗ਼ੀ ਤੇ ਡਾਕੂ ਲਿਖਦਾ ਹੈ। ਇਨ੍ਹਾਂ ਬਿਰਤਾਂਤਾਂ ਤੇ ਕਾਟਾ ਫੇਰ ਪ੍ਰੇਮ ਸਿੰਘ ਨੇ ਅੰਗਰੇਜ਼ੀ, ਫਾਰਸੀ, ਪਸ਼ਤੋ ਦੀਆਂ ਤਵਾਰੀਖਾਂ, ਪ੍ਰਮਾਣਿਕ ਟ੍ਰੈਡੀਸ਼ਨ ਪਰੰਪਰਾ ਪ੍ਰਚੱਲਤ ਕਹਾਣੀਆਂ , ਪਸ਼ਤੋ ਦੇ ਗੀਤ, ਟੱਪੇ ਤੇ ਅਖਾਵਤਾਂ ਤੇ ਹੋਰ ਸਰੋਤਾਂ ਦੇ ਅਧਾਰ ਤੇ ਅਕਾਲੀ ਫੂਲਾ ਸਿੰਘ ਦਾ ਜੀਵਨ ਇਸ ਪੁਸਤਕ ਵਿੱਚ ਲਿਖਿਆ ਹੈ। ਬਹੁਤ ਸਾਰੇ ਸਰੋਤ ਲੇਖਕ ਨੇ ਤੁਰ ਫਿਰ ਕੇ ਆਪ ਇਕੱਠੇ ਕੀਤੇ ਹਨ। ਮੁਲਤਾਨ ਤੇ ਪਿਸ਼ਾਵਰ ਨੂੰ ਫ਼ਤਿਹ ਕਰਨਾ, ਕਸ਼ਮੀਰ ਦੀ ਚੜ੍ਹਾਈ ਤੇ ਜੰਗਾਂ ਦਾ ਪੁਸਤਕ ਵਿੱਚ ਜ਼ਿਕਰ ਹੈ। ਅਕਾਲੀ ਫੂਲਾ ਸਿੰਘ ਦੀ ਸਮੁੱਚੀ ਸ਼ਖ਼ਸ਼ੀਅਤ ਪੁਸਤਕ ਵਿੱਚ ਉਭਰ ਕੇ ਸਾਡੇ ਸਾਹਮਣੇ ਆ ਜਾਂਦੀ ਹੈ।

### ਜੀਵਨ ਬ੍ਰਿਤਾਂਤ ਮਹਾਰਾਜਾ ਕੰਵਰ ਨੌਨਿਹਾਲ ਸਿੰਘ (ਸਿੱਖ ਇਤਿਹਾਸ)




**ਬਾਬਾ ਪ੍ਰੇਮ ਸਿੰਘ ਜੀ ਹੋਤੀ ਮਰਦਾਨ**
**ਮੁੱਲ : 250, ਸਫ਼ੇ : 85**

ਇਹ ਪੁਸਤਕ ਪਹਿਲੀ ਵਾਰ 1927 ਵਿਚ ਛਪੀ। ਬਾਬਾ ਪ੍ਰੇਮ ਸਿੰਘ ਨੌਨਿਹਾਲ ਨੂੰ ਨਿਰਭੈ ਜੋਧਾ, ਅਥੱਕ ਬਹਾਦਰ ਤੇ ਖ਼ਜ਼ਾਨਿਆਂ ਦਾ ਮਾਲਕ ਪੇਸ਼ ਕਰਦਾ ਹੈ। ਨੌਨਿਹਾਲ ਦੇ ਅਛੂਤੇ ਪਸਾਰ ਬਾਬਾ ਪੁਸਤਕ ਵਿੱਚ ਪੇਸ਼ ਕਰਦਾ ਹੈ। ਕਿਵੇਂ ਉਹ ਧੋਖਿਆ ਦਾ ਸ਼ਿਕਾਰ ਹੋ ਜਾਂਦਾ ਹੈ। ਡੋਗਰੇ ਵਜ਼ੀਰ ਦੀਆਂ ਚਾਲਾਂ ਵਿੱਚ ਫਸ ਜਾਂਦਾ ਹੈ। ਤੇ ਮਾਰਿਆ ਜਾਂਦਾ ਹੈ। ਲੱਖਾਂ ਨੌਕਰਾਂ ਦਾ ਮਾਲਕ ਮਹਾਰਾਜਾ ਕਿਵੇਂ ਦੁਸ਼ਮਣਾ ਦੀ ਚੁੰਗਲ ਵਿੱਚ ਫਸ ਜਾਂਦਾ ਹੈ। ਸੱਤਾ ਪ੍ਰਾਪਤ ਕਰਨ ਲਈ ਹਰ ਕੋਈ ਜ਼ੁਲਮ ਦੀ ਅੱਤ ਕਰਨ ਵਿੱਚ ਦੇਰ ਨਹੀਂ ਲਾਉਂਦਾ। ਪੁਸਤਕ ਇਹ ਵੀ ਦੱਸਦੀ ਹੈ। ਪ੍ਰੇਮ ਸਿੰਘ ਨੇ ਇਤਿਹਾਸਕ ਵਾਕਿਆਤ ਨੂੰ ਡੂੰਘੀ ਖੋਜ ਨਾਲ ਲਿਖਿਆ ਹੈ। ਕਿਤਾਬ ਵਿੱਚ ਕੰਵਰ ਦਾ ਜੀਵਨ, ਜਿੱਤਾਂ, ਸ਼ਾਹੀ ਦਰਬਾਰ ਦਾ ਜਲੌ, ਉਸ ਦਾ ਦੋਸਤ ਮੁਹੰਮਦ ਖ਼ਾਨ ਜੋ ਰੁਪਿਆ ਇਕੱਠਾ ਕਰਨ ਲਈ ਅਯੋਗ ਤਰੀਕੇ ਵਰਤ ਲੈਂਦਾ ਸੀ ਲੇਖਕ ਨੇ ਉਸ ਦਾ ਜ਼ਿਕਰ ਵੀ ਕੀਤਾ ਹੈ। ਮੁਲਤਾਨ ਦਾ ਮਾਲੀਆ ਉਹ ਕਿਵੇਂ ਇਕੱਠਾ ਕਰਦਾ ਸੀ। ਕਾਬਲ ਉੱਤੇ ਚੜ੍ਹਾਈ ਤੇ ਫਤਿਹ, ਚੇਤ ਸਿੰਘ ਕਤਲ ਦਾ ਪ੍ਰਸੰਗ, ਨੌਨਿਹਾਲ ਦੀ ਮੌਤ ਦਾ ਬਿਰਤਾਂਤ ਵੀ ਵੇਦਨਾ ਭਰਪੂਰ ਹੈ। ਪੁਸਤਕ ਦੇ ਅੰਤ ਵਿੱਚ ਨੌਨਿਹਾਲ ਦੇ ਗੁਣ ਤੇ ਅਵਗੁਣਾਂ ਉੱਤੇ ਵੀ ਚਰਚਾ ਕੀਤੀ ਗਈ ਹੈ। ਇਹ ਬਿਰਤਾਂਤ ਬਾਬਾ ਪ੍ਰੇਮ ਸਿੰਘ ਅਨੇਕਾਂ ਇਤਿਹਾਸ ਲਿਖਣ ਵਾਲੇ ਇਤਿਹਾਸਕਾਰਾਂ ਦੇ ਹਵਾਲਿਆਂ ਨਾਲ ਪੇਸ਼ ਕਰਦਾ ਹੈ। ਕਮਜ਼ੋਰੀਆਂ ਦਾ ਜ਼ਿਕਰ ਕਰਦਾ ਲੇਖਕ ਲਿਖਦਾ ਹੈ ਉਹ ਬਿਨਾਂ ਪੜਤਾਲ ਕੀਤਿਆਂ ਹਰ ਕਿਸੇ ਤੇ ਵਿਸ਼ਵਾਸ ਕਰ ਲੈਂਦਾ ਸੀ ਤੇ ਤੁਰੰਤ ਉਸ ਦੇ ਖਿਲਾਫ਼ ਹੁਕਮ ਦੇ ਦਿੰਦਾ ਸੀ। ਜਿਸ ਨਾਲ ਉਹ ਕੁਝ ਸਵਾਰਥੀ ਲੋਕਾਂ ਦੀਆਂ ਗੱਲਾਂ ਵਿੱਚ ਆ ਗਿਆ ਤੇ ਉਸ ਨੇ ਅਨੇਕਾਂ ਗ਼ਲਤ ਫੈਸਲੇ ਕਰ ਲਏ। ਇਸ ਤਰ੍ਹਾਂ ਪੁਸਤਕ ਮਹਾਰਾਜਾ ਕੰਵਰ ਨੌਨਿਹਾਲ ਸਿੰਘ ਦੇ ਹਰ ਪੱਖ ਉੱਤੇ ਰੌਸ਼ਨੀ ਪਾਉਂਦੀ ਹੈ। ਸਿੱਖ ਇਤਿਹਾਸ ਨੂੰ ਮੁੜ ਤੋਂ ਪੜ੍ਹਨ ਤੇ ਜਾਨਣ ਲਈ ਬਾਬਾ ਪ੍ਰੇਮ ਸਿੰਘ ਦੀਆਂ ਇਹ ਤਿੰਨ ਪੁਸਤਕਾਂ ਬਹੁਤ ਮਹੱਤਵਪੂਰਨ ਹਨ। ਇਨ੍ਹਾਂ ਤਿੰਨ੍ਹਾਂ ਪੁਸਤਕਾਂ ਨੂੰ ਲੋਕ ਗੀਤ ਪ੍ਰਕਾਸ਼ਨ-ਯੂਨੀਸਟਾਰ ਬੁੱਕਸ ਪ੍ਰਾ. ਲਿਮ. ਮੁਹਾਲੀ ਨੇ ਪ੍ਰਕਾਸ਼ਤ ਕੀਤਾ ਹੈ।


**- ਭਗਵੰਤ ਰਸੂਲਪੁਰੀ** (94170-64350)

## ਪੁਸਤਕ ਰੀਵਿਊ

### ਸੁਰਖ-ਆਬ

**(ਕਾਵਿ ਸੰਗ੍ਰਹਿ)**
**ਗੁਲ ਆਬ**
**ਸਫ਼ੇ-108, ਮੁੱਲ-200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਪੰਜਾਬੀ ਕਵਿਤਾ ਦਾ ਘੇਰਾ ਬਹੁਤ ਵਿਸ਼ਾਲ ਹੈ। ਮੌਜੂਦਾ ਸਮੇਂ ਵਿੱਚ ਸਭ ਤੋਂ ਜ਼ਿਆਦਾ ਜੇ ਕੋਈ ਸਾਹਿਤ ਦੀ ਵਿਧਾ ਲਿਖੀ ਜਾ ਰਹੀ ਹੈ ਤਾਂ ਉਹ ਹੈ ਕਵਿਤਾ। ਸਮੇਂ ਦੇ ਨਾਲ ਕਵਿਤਾ ਦਾ ਰੂਪ ਬਦਲਦਾ ਰਿਹਾ ਹੈ। ਮੌਜੂਦਾ ਸਮੇਂ ਵਿੱਚ ਕਵਿਤਾ ਦਾ ਰੂਪ ਛੋਟਾ ਰਹਿ ਗਿਆ ਹੈ। ਛੋਟੀਆਂ ਕਵਿਤਾਵਾਂ ਦੇ ਸਿਰਜਕ ਨੇ ਸਾਡੇ ਅੱਜ ਦੇ ਲੇਖਕ ਗੁਲ ਆਬ। ਗੁਲ ਆਬ ਦਾ ਨਾਂਅ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਅਸਲੋਂ ਨਵਾਂ ਹੈ। ਹਥਲਾ ਕਾਵਿ ਸੰਗ੍ਰਹਿ 'ਸੁਰਖ਼ ਆਬ' ਉਸ ਦਾ ਪਲੇਠਾ ਕਾਵਿ ਸੰਗ੍ਰਹਿ ਹੈ। ਇਹ ਕਾਵਿ ਸੰਗ੍ਰਹਿ ਛੋਟੀਆਂ ਕਵਿਤਾਵਾਂ ਦੇ ਵੱਡੇ ਅਰਥਾਂ ਵਾਲਾ ਕਾਵਿ ਸੰਗ੍ਰਹਿ ਹੈ। ਇਸ ਵਿੱਚ ਅੱਸੀ ਕੁ ਛੋਟੀਆਂ ਕਵਿਤਾਵਾਂ ਦਰਜ ਹਨ। ਇਹਨਾਂ ਕਵਿਤਾਵਾਂ ਦੇ ਵਿਸ਼ੇ ਛੋਟੀਆਂ-ਛੋਟੀਆਂ ਭਾਵਨਾਵਾਂ ਵਿੱਚੋਂ ਉਪਜਦੇ ਹਨ। ਕਵੀ ਕੋਮਲ ਭਾਵੀ ਸੁਪਨਿਆਂ ਨੂੰ ਸ਼ਬਦਾਂ ਵਿੱਚ ਪਰੋਂਦਾ ਹੋਇਆ ਸਮਕਾਲ ਦੇ ਵੱਡੇ ਫਿਕਰਾਂ ਪ੍ਰਤੀ ਚਿੰਤਨਸ਼ੀਲ ਹੈ। ਉਸ ਦੀ ਚੇਤਨ ਜਾਗਰਤੀ ਵਿੱਚ ਬੀਤੇ ਦੀਆਂ ਸਦਾਚਾਰੀ ਕਦਰਾਂ ਪ੍ਰਤੀ ਹੂਕ ਹੈ। ਕਵੀ ਕੋਲ ਸੂਖਮ ਖਿਆਲਾਂ ਦੀ ਤਾਜ਼ਗੀ ਅਤੇ ਪਰਪੱਕਤਾ ਹੈ। ਇਹ ਪਰਪੱਕਤਾ ਉਸ ਦੀ ਜ਼ਿੰਦਗੀ ਦੇ ਯਥਾਰਥ ਵਿੱਚੋਂ ਜਨਮ ਲੈਂਦੀ ਹੈ ਅਤੇ ਕੈਨਵਸ 'ਤੇ ਕਵਿਤਾ ਰੂਪੀ ਉਜਾਗਰ ਹੁੰਦੀ ਹੈ। 'ਸੁਰਖ਼ ਆਬ' ਵਿਚਲੀਆਂ ਸਾਰੀਆਂ ਕਵਿਤਾਵਾਂ ਕਵੀ ਦੇ ਸੱਜਰੇਪਣ ਦੀ ਗਵਾਹੀ ਭਰਦੀਆਂ ਨੇ। 'ਗੁਲ ਆਬ' ਸਮਾਜ ਦੇ ਯਥਾਰਥ ਵਿੱਚੋਂ ਨਿਕਲਿਆ ਹੋਇਆ ਉਹ ਕਵੀ ਹੈ, ਜਿਸ ਨੇ ਆਪਣਾ ਬਚਪਨ ਮਿੱਟੀ ਨਾਲ ਮਿੱਟੀ ਹੁੰਦੇ ਹੰਡਾਇਆ ਹੈ। ਉਸ ਦੀ ਕਲਮ ਮਿੱਟੀ ਵਿੱਚੋਂ ਜਨਮ ਲੈਂਦੀ ਹੈ ਤੇ ਕਲਮ ਵਿੱਚੋਂ ਨਿਕਲਦੀ ਹੈ। ਗੁਲ ਆਬ ਕੋਲ ਆਪਣੀਆਂ ਕਵਿਤਾਵਾਂ ਨੂੰ ਸ਼ਿੰਗਾਰਨ ਲਈ ਬਿੰਬ, ਅਲੰਕਾਰ, ਰਸ, ਕਿੰਨਾ ਹੀ ਕੁਝ ਹੈ, ਜੋ ਅਸਲੋਂ ਨਵਾਂ ਅਤੇ ਸਮੇਂ ਦੇ ਹਾਣ ਦਾ ਹੈ। ਉਸ ਦੀਆਂ ਕਵਿਤਾਵਾਂ ਵਿੱਚ ਸੁਪਨੇ ਨੇ, ਉਮੰਗ ਹੈ, ਆਸ਼ਾਵਾਦੀ ਸੋਚ ਹੈ, ਜ਼ੁਲਮ ਅੱਗੇ ਡਟਣ ਦਾ ਜਿਗਰਾ ਹੈ, ਹੱਥੀਂ ਮੁਸ਼ੱਕਤ ਕਰਨ ਦਾ ਜੋਸ਼ ਹੈ। ਉਸ ਕੋਲ ਸਮੇਂ ਦੇ ਹਾਣ ਦੀ ਕਵਿਤਾ ਨੂੰ ਬਣਾਉਣ ਦਾ ਹੀਲਾ ਹੈ 'ਆਨਲਾਈਨ' ਕਵਿਤਾ ਇਸੇ ਦੀ ਗੱਲ ਕਰਦੀ ਹੈ। ਕਾਲ ਦੇ ਖ਼ੂਨ 'ਚੋਂ ਤਕਦੀਰਾਂ ਬਦਲਣ ਦਾ ਜਜ਼ਬਾ ਹੈ, ਗਿਆਨ ਦਾ ਦੀਵਾ ਸਮਾਜ ਵਿੱਚ ਫੈਲਾਉਣ ਦੀ ਚਾਹਤ ਹੈ, ਮੁਹੱਬਤ ਹੈ, ਮੁਹੱਬਤ ਭਰੇ ਗੀਤ ਨੇ, ਨਵੀਆਂ ਪਗਡੰਡੀਆਂ ਉਸਾਰਨ ਦੀ ਲੋਚਾ ਹੈ। ਕਵੀ ਨੇ ਕਵਿਤਾਵਾਂ ਵਿੱਚ ਭਾਸ਼ਾ ਦੀ ਸਰਲਤਾ ਸਧਾਰਨ ਪਾਠਕ ਦੇ ਮੇਚ ਦੀ ਰੱਖੀ ਹੈ। ਸਮੁੱਚਾ ਕਾਵਿ ਸੰਗ੍ਰਹਿ ਮੌਜੂਦਾ ਸਮਾਜ ਦੇ ਸਮਾਜਿਕ ਵਰਤਾਰਿਆਂ ਪ੍ਰਤੀ ਚਿੰਤਨਸ਼ੀਲ ਹੈ। ਇਸ ਕਾਵਿ ਸੰਗ੍ਰਹਿ ਵਿੱਚ ਕਵੀ ਦਾ ਸਮੁੰਦਰ ਹੋ ਜਾਣਾ ਉਸ ਦੀ ਬੌਧਿਕ ਵਿਸ਼ਾਲਤਾ ਵੱਲ ਇਸ਼ਾਰਾ ਕਰਦਾ ਹੈ। ਕਾਵਿ ਸੰਗ੍ਰਹਿ ਵਿਚਲੇ ਰੂਪਕ ਅਲੰਕਾਰ ਕਵਿਤਾਵਾਂ ਨੂੰ ਖੂਬਸੂਰਤੀ ਬਖ਼ਸ਼ਦੇ ਨੇ। ਕਵੀ ਨੇ ਕਵਿਤਾਵਾਂ ਦੇ ਨਾਂਅ ਵੀ ਸਮੇਂ ਦੇ ਹਾਣ ਦੇ ਰੱਖੇ ਨੇ ਬਲੈਕਮੇਲਰ-1,-2, ਆਫਟਰ ਬਰੇਕ, ਟਰਨ ਟਰਨ, ਚਾਰਜ, ਸਰਚ, ਫਰੇਮ, ਅਪਡੇਟ, ਫਿਲਟਰ, ਡਬਲ-ਫੇਸ, ਆਨਲਾਈਨ ਆਦਿ। 'ਤੋਤਾ ਰੈਂਚ' ਕਵਿਤਾ ਕੁਝ ਸ਼ਬਦਾਂ ਵਿੱਚ ਰਾਜਨੀਤੀ ਦੇ ਧੁਰ ਅੰਦਰ ਦੀ ਗੱਲ ਕਰਦੀ ਹੈ। 'ਆਨਲਾਈਨ' ਅਤੇ 'ਪੈਸੇ' ਕਵਿਤਾਵਾਂ ਸਮਾਜਿਕ ਅਤੇ ਆਰਥਿਕ ਵਰਤਾਰੇ ਦੀ ਗੱਲ ਕਰਦੀਆਂ ਹਨ। 'ਸੋਚ' ਕਵਿਤਾ ਮਾਨਸਿਕ ਨਿਮਰਤਾ ਤੇ ਆਸ਼ਾਵਾਦੀ ਸੋਚ ਦੀ ਗੱਲ ਕਰਦੀ ਹੈ। ਹਰ ਕਵਿਤਾ ਆਪਣੇ-ਆਪ ਵਿੱਚ ਸਮੁੰਦਰ ਹੋ ਜਾਣਾ ਲੋਚਦੀ ਹੈ।




ਇਸ ਕਾਵਿ ਸੰਗ੍ਰਹਿ ਦੀ ਇੱਕ ਹੋਰ ਖ਼ੂਬਸੂਰਤੀ ਹੈ ਕਿ ਛੋਟੀਆਂ ਕਵਿਤਾਵਾਂ ਸਿਧਾਂਤਵਾਦੀ ਕਵਿਤਾ ਦੀਆਂ ਬੰਦਸ਼ਾਂ ਤੋਂ ਮੁਕਤ ਹਨ। ਕਵਿਤਾਵਾਂ ਦੇ ਨਾਲ ਲਕੀਰੀਆਂ ਹੋਈਆਂ ਤਸਵੀਰਾਂ ਕਵਿਤਾ ਦੇ ਅਰਥਾਂ ਨੂੰ ਹੋਰ ਗਹਿਰਾ ਕਰਦੀਆਂ ਹਨ। ਕਵਿਤਾ ਨੂੰ ਇੱਕੋ ਸਿਰਲੇਖ ਦੇ ਨਾਂਅ ਹੇਠ ਦੋ-ਤਿੰਨ ਹਿੱਸਿਆਂ ਵਿੱਚ ਲਿਖਣਾ ਇਸ ਕਾਵਿ ਸੰਗ੍ਰਹਿ ਦੀ ਆਪਣੀ ਨਿਵੇਕਲੀ ਪਹਿਚਾਣ ਅਤੇ ਖ਼ੂਬਸੂਰਤੀ ਹੈ। ਛੋਟੀਆਂ ਕਵਿਤਾਵਾਂ ਦੀ ਵਲਗਣਾ ਪਾਠਕ ਦੇ ਹਾਣ ਦੀ ਹੈ। ਹਰ ਕਵਿਤਾ ਆਪਣੇ-ਆਪ ਵਿੱਚ ਇੱਕ ਸੁਨੇਹਾ ਦਿੰਦੀ ਹੈ। ਕਵੀ ਦੀ ਪ੍ਰਗਤੀਵਾਦੀ ਸੋਚ ਹਰ ਕਵਿਤਾ ਵਿੱਚੋਂ ਡੁੱਲ੍ਹ-ਡੁੱਲ੍ਹ ਪੈਂਦੀ ਹੈ। 'ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ' ਵੱਲੋਂ ਪ੍ਰਕਾਸ਼ਿਤ, 108 ਸਫ਼ਿਆਂ ਵਿੱਚ ਸਮੇਟਿਆ 200 ਰੁਪਏ ਦੇ ਮੁੱਲ ਦਾ ਇਹ ਕਾਵਿ ਸੰਗ੍ਰਹਿ ਕਵਿਤਾ ਦੇ ਖੇਤਰ ਵਿੱਚ ਆਪਣੀ ਨਵੀਂ ਪੈੜ ਉਲੀਕਦਾ ਹੈ। ਇਸ ਸੁਚੱਜੇ ਕਾਰਜ ਲਈ ਸਾਡਾ ਨੌਜਵਾਨ ਕਵੀ ਗੁਲ ਆਬ ਵਧਾਈ ਦਾ ਹੱਕਦਾਰ ਹੈ।

**— ਅੰਮ੍ਰਿਤਪਾਲ ਕਲੇਰ**

# ਉਸਤਾਦ ਸ਼ਾਇਰ ਦੀਪਕ ਜੈਤੋਈ ਦੀ ਯਾਦ 'ਚ ਸਾਹਿਤਕ ਸਮਾਗਮ



**ਬਠਿੰਡਾ**-ਪੰਜਾਬੀ ਦੇ ਪ੍ਰਸਿੱਧ ਸ਼ਾਇਰ ਤੇ ਗ਼ਜ਼ਲਗੋ ਉਸਤਾਦ ਦੀਪਕ ਜੈਤੋਈ ਦੇ ਜਨਮ ਦਿਹਾੜੇ ਸੰਬੰਧੀ ਬੀਤੇ ਦਿਨ ਦੀਪਕ ਜੈਤੋਈ ਮੰਚ ਰਜਿ: ਜੈਤੋ ਵੱਲੋਂ ਉਹਨਾਂ ਦੇ ਜੱਦੀ ਸ਼ਹਿਰ ਜੈਤੋ ਵਿਖੇ 'ਸਾਹਿਤਕ ਸਮਾਗਮ ਦੀਪਕ ਦੀ ਲੋਅ' ਨਾਂਅ ਹੇਠ ਸਮਾਗਮ ਤੇ ਕਵੀ ਦਰਬਾਰ ਕਰਵਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਤਰਸੇਮ ਨਰੂਲਾ, ਜਸਪਾਲ ਮਾਨਖੇੜਾ, ਰਣਬੀਰ ਰਾਣਾ ਅਤੇ ਜਸਵੀਰ ਸਿੰਘ ਢਿੱਲੋਂ ਸੁਸ਼ੋਭਿਤ ਸਨ। ਸਮਾਗਮ ਦੀ ਸ਼ੁਰੂਆਤ ਕਰਦਿਆਂ ਮੰਚ ਦੇ ਪ੍ਰਧਾਨ ਸੁਰਿੰਦਰਪਾਲ ਸਿੰਘ ਝੱਖੜਵਾਲਾ ਨੇ ਸਭਨਾਂ ਨੂੰ ਜੀ ਆਇਆਂ ਕਿਹਾ। ਇਸ ਮੌਕੇ ਗ਼ਜ਼ਲਗੋ ਸ੍ਰੀ ਰਣਬੀਰ ਰਾਣਾ ਦਾ 'ਉਸਤਾਦ ਗ਼ਜ਼ਲਗੋ, ਦੀਪਕ ਜੈਤੋਈ ਪੁਰਸਕਾਰ' ਨਾਲ ਸਨਮਾਨ ਕੀਤਾ ਗਿਆ। ਉਪਰੰਤ ਨਜ਼ਦੀਕੀ ਸ਼ਾਗਿਰਦਾਂ ਵਿੱਚ ਸ਼ਾਮਲ ਰਹੇ ਹੋਣ ਕਰਕੇ ਉਹਨਾਂ ਦੀਪਕ ਜੈਤੋਈ ਨਾਲ ਜੁੜੀਆਂ ਕਈ ਪੁਰਾਣੀਆਂ ਯਾਦਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

ਸ੍ਰੀ ਜਸਪਾਲ ਮਾਨਖੇੜਾ ਅਤੇ ਜਸਵੀਰ ਸਿੰਘ ਢਿੱਲੋਂ ਨੇ ਦੀਪਕ ਜੈਤੋਈ ਦੀ ਯਾਦ ਨੂੰ ਨਤਮਸਤਕ ਹੁੰਦਿਆਂ ਉਹਨਾਂ ਦੇ ਜੀਵਨ ਅਤੇ ਸ੍ਰੀ ਰਣਬੀਰ ਰਾਣਾ ਦੇ ਸਾਹਿਤਕ ਸਫ਼ਰ ਤੇ ਯਾਦਾਂ ਤਾਜ਼ਾ ਕੀਤੀਆਂ। ਤਰਸੇਮ ਨਰੂਲਾ ਨੇ ਪ੍ਰਧਾਨਗੀ ਭਾਸ਼ਣ 'ਚ ਕਿਹਾ ਕਿ ਰਣਬੀਰ ਰਾਣਾ ਦੀਆਂ ਰਚਨਾਵਾਂ ਲੋਕਾਂ ਦੇ ਜੀਵਨ ਦਾ ਸ਼ੀਸ਼ਾ ਹਨ। ਹਾਜ਼ਰ ਸ਼ਾਇਰਾਂ ਨੇ ਕਵਿਤਾਵਾਂ ਪੜ੍ਹੀਆਂ। ਸਟੇਜ ਸਕੱਤਰ ਦੀ ਭੂਮਿਕਾ ਸ੍ਰੀ ਹਰਮੇਲਪ੍ਰੀਤ ਸਿੰਘ ਤੇ ਰਾਜਿੰਦਰ ਲਖੋਤਰਾ ਨੇ ਬੜੀ ਖ਼ੂਬਸੂਰਤੀ ਨਾਲ ਨਿਭਾਈ।

# ਅਣੂ ਮੰਚ ਵੱਲੋਂ ਹੋਣਹਾਰ ਵਿਦਿਆਰਥੀ ਸਨਮਾਨਤ

**ਲੁਧਿਆਣਾ**-ਅਦਾਰਾ ਅਣੂ ਮੰਚ ਤੇ ਅਣੂ (ਪੱਤ੍ਰਿਕਾ) ਵੱਲੋਂ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਬੁਟਾਹਰੀ (ਲੁਧਿਆਣਾ) ਦੇ ਵਿਦਿਆਰਥੀਆਂ ਦੇ ਸਨਮਾਨ ਲਈ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 30 ਵਿਦਿਆਰਥੀਆਂ ਨੂੰ ਗਿਆਨ, ਵਿਗਿਆਨ ਤੇ ਸਾਹਿਤ ਦੀਆਂ ਬਾਲ ਪੁਸਤਕਾਂ ਦਿੱਤੀਆਂ ਗਈਆਂ। ਸਮਾਗਮ ਦੀ ਪ੍ਰਧਾਨਗੀ ਸਤੀਸ਼ ਧਵਨ ਸਰਕਾਰੀ ਕਾਲਜ ਲੁਧਿਆਣਾ ਦੇ ਪੁਰਾਣੇ ਵਿਦਿਆਰਥੀ ਜੱਥੇਬੰਦੀ ਦੇ ਸਕੱਤਰ ਸ੍ਰੀ ਬ੍ਰਿਜ ਭੂਸ਼ਨ ਗੋਇਲ, ਰਾਸ਼ਟਰੀ ਸਨਮਾਨ ਪ੍ਰਾਪਤ ਅਧਿਆਪਕ ਕਰਮਜੀਤ ਸਿੰਘ ਗਰੇਵਾਲ, ਕਾਰੋਬਾਰੀ ਅਪਿੰਦਰ ਸਿੰਘ ਕੈਲੇ, ਮੁੱਖ ਅਧਿਆਪਕ ਸਟੇਟ ਐਵਾਰਡੀ ਸ. ਜਸਵਿੰਦਰ ਸਿੰਘ ਤੇ ਸੁਰਿੰਦਰ ਕੈਲੇ ਨੇ ਕੀਤੀ। ਸਮੁੱਚੀ ਕਾਰਵਾਈ ਸ. ਦਵਿੰਦਰ ਸਿੰਘ ਨੇ ਬਾਖ਼ੂਬੀ ਨਿਭਾਈ।



# ਧਰਮ ਕੰਮੇਆਣਾ ਦੀ ਪੁਸਤਕ 'ਡੂੰਘੇ ਦਰਦ' ਲੋਕ ਅਰਪਣ



**ਪਟਿਆਲਾ**-ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਸੈਮੀਨਾਰ ਹਾਲ ਵਿੱਚ ਧਰਮ ਸਿੰਘ ਕੰਮੇਆਣਾ ਦੀ ਕਾਵਿ-ਕਹਾਣੀਆਂ ਦੀ ਪੁਸਤਕ 'ਡੂੰਘੇ ਦਰਦ' ਨੂੰ ਲੋਕ ਅਰਪਣ ਕੀਤਾ ਗਿਆ। ਮੰਚ ਦੇ ਪ੍ਰਧਾਨ ਡਾ. ਜੀ ਐੱਸ ਆਨੰਦ ਨੇ 'ਜੀ ਆਇਆਂ' ਕਿਹਾ। ਮੰਚ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਚੰਨ ਪਟਿਆਲਵੀ ਨੇ ਕੰਮੇਆਣਾ ਦੀ ਸਿਰਜਣ ਪ੍ਰਕਿਰਿਆ ਬਾਰੇ ਜਾਣਕਾਰੀ ਸਾਂਝੀ ਕੀਤੀ। ਪੇਪਰ 'ਚ ਡਾ. ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਸ਼ਾਇਰ ਨੇ ਪੁਸਤਕ ਵਿੱਚ ਕਹਾਣੀਆਂ ਨੂੰ ਆਪਣੀ ਕਵਿਤਾ ਰਾਹੀਂ ਪੇਸ਼ ਕਰਕੇ ਕਾਵਿ-ਰੂਪ ਦਿੱਤਾ ਹੈ, ਜੋ ਕਿ ਪਾਠਕਾਂ ਨੂੰ ਜੋੜ ਕੇ ਰੱਖਦਾ ਹੈ।ਮੁੱਖ ਮਹਿਮਾਨ ਡਾ. ਸੁਰਜੀਤ ਸਿੰਘ ਭੱਟੀ ਨੇ ਕਿਹਾ ਕਿ ਸ਼ਾਇਰ ਨੇ ਆਪਣੀ ਪੁਸਤਕ ਵਿੱਚ ਪਿਛਲੇ ਸੱਠ ਸਾਲ ਦੇ ਪੰਜਾਬ ਦਾ ਸੱਭਿਆਚਾਰ, ਸਮਾਜਿਕ ਜੀਵਨ, ਇਤਿਹਾਸ ਤੇ ਉਤਰਾਅ-ਚੜ੍ਹਾਅ ਨੂੰ ਕਲਾਤਮਿਕ ਕਾਵਿ ਸ਼ੈਲੀ ਵਿੱਚ ਕਲਮਬੱਧ ਕੀਤਾ ਹੈ।ਵਿਸ਼ੇਸ਼ ਮਹਿਮਾਨ ਡਾ. ਰਾਜਵੰਤ ਕੌਰ ਪੰਜਾਬੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੁਸਤਕ ਮਨੁੱਖੀ ਅਨੁਭਵਾਂ ਦੇ ਅੰਦਰੂਨੀ ਜਗਤ ਦਾ ਦਰਪਣ ਹੈ। ਦਰਸ਼ਨ ਬੁੱਟਰ ਨੇ ਕਿਹਾ ਕਿ ਸ਼ਾਇਰ ਨੇ ਪੁਸਤਕ ਆਪਣੇ ਪਿੰਡ ਕੰਮੇਆਣਾ ਦੀ ਲੋਕ-ਭਾਸ਼ਾ ਵਿੱਚ ਲਿਖੀ ਹੈ।ਭਾਸ਼ਾ ਬਹੁਤ ਸਰਲ ਅਤੇ ਮਿੱਠੀ ਹੈ।ਪੇਪਰ 'ਤੇ ਬਹਿਸ ਦਾ ਆਰੰਭ ਕਰਦਿਆਂ ਡਾ. ਅਮਰਜੀਤ ਕੌਂਕੇ, ਡਾ. ਲਕਸ਼ਮੀ ਨਰਾਇਣ ਭੀਖੀ, ਡਾ. ਸੰਤੋਖ ਸੁੱਖੀ, ਡਾ. ਦਰਸ਼ਨ ਸਿੰਘ ਆਸ਼ਟ ਅਤੇ ਨਰਿੰਦਰਪਾਲ ਕੌਰ ਦਾ ਤਰਕ ਸੀ ਕਿ ਇਹ ਪੰਜਾਬੀ ਕਾਵਿ ਦੀ ਵਿਲੱਖਣ, ਦਿਲਚਸਪ, ਮੁੱਲਵਾਨ ਤੇ ਸਦੀਵੀ ਸ਼ਾਹਕਾਰ ਪੁਸਤਕ ਹੈ।ਉਪਰੋਕਤ ਤੋਂ ਇਲਾਵਾ ਡਾ. ਸਤਿੰਦਰ ਨੰਦਾ, ਕੁਲਵੰਤ ਸਿੰਘ ਨਾਰੀਕੇ, ਬਲਵਿੰਦਰ ਸੰਧੂ, ਬਲਵਿੰਦਰ ਭੱਟੀ ਅਤੇ ਡਾ. ਸੁਰਜੀਤ ਖ਼ੁਰਮਾ ਨੇ ਵੀ ਵਿਚਾਰ ਚਰਚਾ ਵਿੱਚ ਹਿੱਸਾ ਲਿਆ।ਲੇਖਕ ਧਰਮ ਸਿੰਘ ਕੰਮੇਆਣਾ ਨੇ ਆਪਣੀ ਲਿਖਣ ਪ੍ਰਕਿਰਿਆ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਸਮਾਗਮ ਵਿੱਚ ਆਏ ਸਾਰੇ ਸਾਹਿਤਕਾਰਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ।

# 'ਪਰਵਾਸ' ਪੱਤ੍ਰਿਕਾ ਲੋਕ ਅਰਪਣ



**ਲੁਧਿਆਣਾ**-ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ 'ਪਰਵਾਸ' ਪੱਤ੍ਰਿਕਾ ਦਾ 47ਵਾਂ ਅੰਕ ਲੋਕ ਅਰਪਣ ਕੀਤਾ ਗਿਆ। ਇਸ ਸਮਾਗਮ ਵਿੱਚ ਕੈਨੇਡਾ ਵੱਸਦੇ ਉੱਘੇ ਕਹਾਣੀਕਾਰ ਜਰਨੈਲ ਸਿੰਘ (ਦੋ ਟਾਪੂ) ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦੇ ਆਰੰਭ ਵਿੱਚ ਡਾਕਟਰ ਸ.ਪ. ਸਿੰਘ ਨੇ ਰਸਮੀ ਤੌਰ 'ਤੇ ਸਭ ਨੂੰ ਜੀ ਆਇਆਂ ਕਿਹਾ। ਪ੍ਰੋਫੈਸਰ ਸ਼ਰਨਜੀਤ ਕੌਰ ਨੇ 'ਪਰਵਾਸ' ਮੈਗਜ਼ੀਨ ਦੇ 47ਵੇਂ ਅੰਕ ਵਿੱਚ ਪ੍ਰਕਾਸ਼ਿਤ ਰਚਨਾਵਾਂ ਬਾਰੇ ਸੰਖੇਪ ਵਿੱਚ ਜਾਣ-ਪਹਿਚਾਣ ਕਰਵਾਈ।ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਸ. ਜਰਨੈਲ ਸਿੰਘ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਪ੍ਰੋਗਰਾਮ ਦਾ ਸੰਚਾਲਨ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੇ ਕੋਆਰਡੀਨੇਟਰ ਡਾ. ਤੇਜਿੰਦਰ ਕੌਰ ਵੱਲੋਂ ਕੀਤਾ ਗਿਆ।

# ਡਾ. ਅਮਰ ਕੋਮਲ ਨੂੰ ਸ਼ਰਧਾਂਜਲੀਆਂ

**ਪਟਿਆਲਾ** : ਪੰਜਾਬੀ ਦੇ ਪ੍ਰਸਿੱਧ ਵਿਦਵਾਨ ਅਤੇ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਡਾ. ਅਮਰ ਕੋਮਲ ਨੂੰ ਪਟਿਆਲਾ ਦੇ ਮਾਡਲ ਟਾਊਨ ਵਿਖੇ ਸ਼੍ਰੀ ਰਾਧਾ ਕ੍ਰਿਸ਼ਨ ਮੰਦਰ ਦੇ ਸਾਹਮਣੇ ਕਮਿਊਨਿਟੀ ਸੈਂਟਰ ਵਿਖੇ ਸ਼ਰਧਾਂਜਲੀਆਂ ਅਰਪਿਤ ਕੀਤੀਆਂ ਗਈਆਂ। ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕਿਹਾ ਕਿ ਨਿਸ਼ਕਾਮ ਸੇਵਕ ਡਾ. ਅਮਰ ਕੋਮਲ ਦਾ ਪੰਜਾਬੀ ਮਾਤ-ਭਾਸ਼ਾ ਪ੍ਰਤੀ ਯੋਗਦਾਨ ਅਭੁੱਲ ਹੈ। ਡਾ. ਦਰਸ਼ਨ ਸਿੰਘ ਆਸ਼ਟ ਨੇ ਡਾ. ਕੋਮਲ ਦੀ ਸੁਨਹਿਰੀ ਯੁੱਗ ਨਾਲ ਤੁਲਨਾ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਲਿਖਿਆ ਗਿਆ ਸਾਹਿਤ ਬੱਚਿਆਂ ਵਿਚ ਨੈਤਿਕ ਕਦਰਾਂ ਦੇ ਪੈਦਾ ਕਰਨ ਲਈ ਹਮੇਸ਼ਾ ਪ੍ਰੇਰਣਾ ਦਿੰਦਾ ਰਹੇਗਾ। ਦਰਸ਼ਨ ਸਿੰਘ ਬੁੱਟਰ, ਕਵਿਤਾ ਬਾਲੀ (ਕੈਨੇਡਾ), ਤਰੁਣ ਦੇਵ ਸ਼ਰਮਾ ਤੇ ਜੀ.ਕੇ. ਬਾਲੀ, ਅਮੀਤਾ ਸ਼ਰਮਾ, ਸੁਮਨ ਸ਼ਰਮਾ, ਅਮੀਤਾ ਕਾਲੀਆ, ਡਾ. ਅੰਕਿਤ ਕਾਲੀਆ ਨੇ ਵੀ ਸ਼ੋਕ ਭਾਵਨਾਵਾਂ ਵਿਅਕਤ ਕੀਤੀਆਂ। ਅੰਤ ਵਿਚ ਡਾ. ਅਮਰ ਕੋਮਲ ਦੇ ਸਪੁੱਤਰ ਡਾ. ਸੰਜੀਵ ਕਾਲੀਆ ਨੇ ਸਭਨਾਂ ਦਾ ਧੰਨਵਾਦ ਕੀਤਾ।

# ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮੀਟਿੰਗ



**ਕੈਲਗਰੀ**-ਅਰਪਨ ਲਿਖਾਰੀ ਸਭਾ ਦੀ ਅਪ੍ਰੈਲ ਮਹੀਨੇ ਦੀ ਮਾਸਿਕ ਮੀਟਿੰਗ ਕੋਸੋ ਹਾਲ ਵਿਚ ਹੋਈ, ਜਿਸ ਦੀ ਪ੍ਰਧਾਨਗੀ ਜਸਵੰਤ ਸਿੰਘ ਸੇਖੋਂ, ਜਸਵੰਤ ਰਾਏ ਸ਼ਰਮਾ ਅਤੇ ਸੁਖਪਾਲਵੀਰ ਸਿੰਘ ਨੇ ਕੀਤੀ। ਸਕੱਤਰ ਬਲਜਿੰਦਰ ਕੌਰ ਉਰਫ਼ ਸੋਨੀ ਮਾਂਗਟ ਨੇ ਵਿਸਾਖੀ, ਖ਼ਾਲਸਾ ਸਾਜਨਾ ਦਿਵਸ, ਜਲ੍ਹਿਆਂਵਾਲਾ ਬਾਗ ਦਾ ਖ਼ੂਨੀ ਕਾਂਡ ਅਤੇ ਸਿੱਖ ਵਿਰਾਸਤ ਮਹੀਨੇ ਦੇ ਅਹਿਮ ਪੱਖਾਂ ਬਾਰੇ ਜਾਣਕਾਰੀ ਦਿੱਤੀ। ਪਰਮਜੀਤ ਭੰਗੂ, ਡਾ. ਮਨਮੋਹਨ ਬਾਠ, ਹਰਮਿੰਦਰਪਾਲ ਸਿੰਘ, ਗਿੱਲ ਸੁਖਮੰਦਰ, ਸੁਖਵਿੰਦਰ ਤੂਰ, ਸੋਹਣ ਸਿੰਘ ਭੁੱਚੋ, ਦਰਸ਼ਨ ਬਰਾੜ, ਜਸਵੰਤ ਸਿੰਘ ਸੇਖੋਂ, ਜਰਨੈਲ ਤੱਗੜ, ਪ੍ਰਕਾਸ਼ ਕੌਰ, ਬਲਵਿੰਦਰ ਸਿੰਘ ਮਾਨ, ਜਸਵੀਰ ਸਿਹੋਤਾ, ਗੁਰਚਰਨ ਕੌਰ ਥਿੰਦ, ਚਰਨਦੀਪ ਕੌਰ, ਜਗਦੇਵ ਸਿੱਧੂ, ਬਲਦੇਵ ਸਿੰਘ ਦੁੱਲਟ, ਜਸਵੰਤ ਰਾਏ ਸ਼ਰਮਾ, ਸਤਨਾਮ ਢਾਅ, ਤਰਲੋਕ ਚੁੱਘ, ਸਤਨਾਮ ਸ਼ੇਰਗਿੱਲ, ਜਸਵੰਤ ਸਿੰਘ ਸੇਖੋਂ ਆਦਿ ਨੇ ਆਪਣੀਆਂ-ਆਪਣੀਆਂ ਰਚਨਾਵਾਂ ਪੜ੍ਹ ਕੇ ਸੁਣਾਈਆਂ। ਤੇਲੂ ਰਾਮ ਕੋਹਾੜਾ ਦੀ ਲਿਖੀ ਪੁਸਤਕ 'ਭੁਲੱਕੜਨਾਮਾ' ਅਤੇ ਗਿੱਲ ਸੁਖਮੰਦਰ ਦੀ ਨਵੀਂ ਛਪੀ 'ਖ਼ਾਕ ਤੋਂ ਖ਼ਾਕ ਤੱਕ' ਪੁਸਤਕਾਂ ਜਸਵੰਤ ਰਾਏ ਸ਼ਰਮਾ ਅਤੇ ਅਰਪਨ ਲਿਖਾਰੀ ਸਭਾ ਨੂੰ ਸੋਨੀ ਮਾਂਗਟ ਰਾਹੀਂ ਭੇਟ ਕੀਤੀਆਂ ਗਈਆਂ। ਸੋਨੀ ਮਾਂਗਟ ਨੇ ਢੁਕਵੀਂਆਂ ਟਿੱਪਣੀਆਂ ਦੇ ਕੇ ਕਾਰਵਾਈ ਨੂੰ ਦਿਲਚਸਪ ਬਣਾਈ ਰੱਖਿਆ। ਪ੍ਰਧਾਨ ਜਸਵੰਤ ਸਿੰਘ ਸੇਖੋਂ ਨੇ ਭਰਵੀਂ ਸ਼ਮੂਲੀਅਤ ਲਈ ਹਾਜ਼ਰੀਨ ਦਾ ਧੰਨਵਾਦ ਕੀਤਾ।

# ਚੌਥਾ ਲੇਖਕ ਯਾਦਗਾਰੀ ਸਨਮਾਨ ਸਰੂਪ ਚੰਦ ਹਰੀਗੜ੍ਹ ਨੂੰ ਪ੍ਰਦਾਨ



**ਬਰਨਾਲਾ**-ਬੀਤੇ ਦਿਨੀਂ ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ ਬਰਨਾਲਾ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਰਾਮ ਸਰੂਪ ਸ਼ਰਮਾ, ਓਮ ਪ੍ਰਕਾਸ਼ ਗਾਸੋ ਤੇ ਰਜਨੀਸ਼ ਕੌਰ ਬਬਲੀ ਨੇ ਕੀਤੀ। ਇਸ ਮੌਕੇ ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਦੇ ਬਾਨੀ ਅਤੇ ਪ੍ਰਧਾਨ ਤੇਜਿੰਦਰ ਚੰਡਿਹੋਕ ਤੇ ਪਰਵਾਰ ਵੱਲੋਂ ਲੇਖਕ ਸਰੂਪ ਚੰਦ ਹਰੀਗੜ੍ਹ ਨੂੰ ਚੌਥਾ ਮਨਜੀਤ ਕੌਰ ਅਤੇ ਤ੍ਰਿਲੋਚਨ ਸਿੰਘ ਯਾਦਗਾਰੀ ਸਨਮਾਨ ਭੇਟ ਕੀਤਾ ਗਿਆ, ਜਿਸ ਵਿਚ ਯਾਦਗਾਰੀ ਚਿੰਨ੍ਹ, ਲੋਈ, ਨਗਦ ਰਾਸ਼ੀ ਅਤੇ ਪੁਸਤਕਾਂ ਦਾ ਸੈੱਟ ਸ਼ਾਮਲ ਹੈ। ਉਪਰੰਤ ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ, ਤੇਜਾ ਸਿੰਘ ਤਿਲਕ, ਓਮ ਪ੍ਰਕਾਸ਼ ਗਾਸੋ, ਕੰਵਰਜੀਤ ਭੱਠਲ ਅਤੇ ਰਜਨੀਸ਼ ਕੌਰ ਬਬਲੀ ਨੇ ਆਪਣੇ ਵਿਚਾਰ ਪ੍ਰਗਟ ਕੀਤੇ।

ਸਮਾਗਮ ਦੌਰਾਨ ਤੇਜਿੰਦਰ ਚੰਡਿਹੋਕ ਵੱਲੋਂ ਅਨੁਵਾਦ ਪੁਸਤਕ 'ਪਲਾਟ ਨੰਬਰ 203' ਲੋਕ ਅਰਪਣ ਕੀਤੀ ਗਈ। ਸ਼੍ਰੋਮਣੀ ਸਾਹਿਤਕਾਰ ਡਾ. ਅਮਰ ਕੋਮਲ ਅਤੇ ਗਾਇਕਾ ਆਸ਼ਾ ਭੋਸਲੇ ਦੇ ਫੌਤ ਹੋ ਜਾਣ 'ਤੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਵਿਸਾਖੀ ਨੂੰ ਸਮਰਪਿਤ ਕਰਵਾਏ ਕਵੀ ਦਰਬਾਰ ਵਿਚ ਹਾਜ਼ਰ ਕਵੀਆਂ ਨੇ ਕਵਿਤਾਵਾਂ ਪੜ੍ਹੀਆਂ। ਸਮਾਗਮ ਦਾ ਮੰਚ ਸੰਚਾਲਨ ਡਾ. ਅਮਨਦੀਪ ਸਿੰਘ ਟੱਲੇਵਾਲੀਆ ਜਨਰਲ ਸਕੱਤਰ ਨੇ ਬਾਖ਼ੂਬੀ ਕੀਤਾ ਅਤੇ ਨਾਵਲਕਾਰ ਦਰਸ਼ਨ ਸਿੰਘ ਗੁਰੂ ਨੇ ਸਭਨਾਂ ਦਾ ਧੰਨਵਾਦ ਕੀਤਾ।

# 'ਮਹਿਕ ਹਵਾ ਤੇ ਬੱਦਲ਼' 'ਤੇ ਵਿਚਾਰ-ਚਰਚਾ

**ਚੰਡੀਗੜ੍ਹ (ਸੁਰਜੀਤ ਸੁਮਨ)** ਸੁਖਵਿੰਦਰ ਕੰਬੋਜ ਦੀ ਕਾਵਿ ਪੁਸਤਕ 'ਮਹਿਕ ਹਵਾ ਤੇ ਬੱਦਲ਼' 'ਤੇ ਵਿਚਾਰ ਚਰਚਾ ਇੱਥੇ ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਹੜੇ ਕਰਵਾਈ ਗਈ।ਜਗਦੀਪ ਸਿੱਧੂ ਨੇ ਸੁਖਵਿੰਦਰ ਕੰਬੋਜ ਦੀਆਂ ਕਵਿਤਾਵਾਂ ਦਾ ਪਾਠ ਕੀਤਾ। ਮੁੱਖ ਪਰਚਾ ਡਾ. ਵੀਰਪਾਲ ਕੌਰ ਸਿੱਧੂ ਨੇ ਪੜ੍ਹਿਆ। ਉਹਨਾਂ ਕਿਹਾ ਕਿ ਸੁਖਵਿੰਦਰ ਕੰਬੋਜ ਸਾਡਾ ਸਮਰੱਥ ਸ਼ਾਇਰ ਹੈ। ਇਸ ਕਿਤਾਬ ਵਿਚ ਪ੍ਰਗੀਤ ਦੇ ਰੰਗ ਵੀ ਹਨ। ਭੂ-ਹੇਰਵੇਂ ਸੰਬੰਧਿਤ ਕਵਿਤਾ ਵੀ ਹੈ।ਡਾ. ਜਸਵੀਰ ਕੌਰ ਨੇ ਕਿਹਾ ਕਿ ਕਿਤਾਬ ਦਾ ਨਾਂ ਮਹਿਕ ਹਵਾ ਤੇ ਬੱਦਲ਼ ਖ਼ੂਬਸੂਰਤ ਹੈ ਤੇ ਸੱਚੀਓਂ ਕਿਤਾਬ ਪੜ੍ਹਦੇ ਸਮੇਂ ਇਸ ਵਿੱਚੋਂ ਵੱਖਰੇ-ਵੱਖਰੇ ਪੈਰਾਡਾਈਮ ਨਜ਼ਰ ਆਉਂਦੇ ਹਨ।ਪਾਲ ਅਜਨਬੀ ਨੇ ਕਿਹਾ ਕਿ ਸੁਖਵਿੰਦਰ ਕੰਬੋਜ ਦੀ ਕਵਿਤਾ ਦਾ ਸਰੋਦੀ ਸੁਰ ਬਿਰਹਾ ਤੇ ਉਦਾਸੀ ਹੈ।ਡਾ. ਮੋਹਨ ਤਿਆਗੀ ਨੇ ਕਿਹਾ ਕਿ ਕੰਬੋਜ ਪੰਜਾਬੀ ਕਵਿਤਾ ਦਾ ਮਾਣਮੱਤਾ ਸ਼ਾਇਰ ਹੈ।ਪ੍ਰਧਾਨਗੀ ਕਰ ਰਹੇ ਕਵੀ ਡਾ. ਗੁਰਨਾਇਬ ਸਿੰਘ ਨੇ ਵਿਚਾਰ ਚਰਚਾ ਨੂੰ ਸਫ਼ਲ ਦੱਸਿਆ। ਆਖ਼ਰ 'ਚ ਡਾ. ਭੀਮਇੰਦਰ ਸਿੰਘ ਨੇ ਕਿਹਾ ਕਿ ਜਦੋਂ ਏਥੇ ਵਾਰ ਵਾਰ ਜ਼ਿਕਰ ਹੋਇਆ ਕਿ ਕਵੀ ਨਕਸਲਾਈਟ ਧਾਰਾ ਨਾਲ ਸੰਬੰਧਿਤ ਹੈ ਤਾਂ ਕਿਹਾ ਜਾ ਸਕਦਾ ਹੈ ਉਚੇ ਕੱਦ ਦਾ ਸ਼ਾਇਰ ਹੈ।ਇਸ ਵਿਚਾਰ ਚਰਚਾ ਦੇ ਕਨਵੀਨਰ ਮੀਡੀਆ ਵਿਭਾਗ ਤੋਂ ਡਾ. ਕੁਲਪਿੰਦਰ ਸ਼ਰਮਾ ਸਨ। ਮੰਚ ਸੰਚਾਲਨ ਜਗਦੀਪ ਸਿੱਧੂ ਨੇ ਕੀਤਾ।




# ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ 'ਵਾਇਰਲ ਗਰਲ' ਲੋਕ ਅਰਪਣ



**ਕੈਲਗਰੀ**-ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਅਪ੍ਰੈਲ ਮਹੀਨੇ ਦੀ ਮਾਸਿਕ ਇਕੱਤਰਤਾ ਕੋਸੋ ਹਾਲ ਵਿਖੇ ਪ੍ਰਧਾਨ ਰਣਜੀਤ ਸਿੰਘ, ਜਗਤਾਰ ਜਗਰਾਓਂ ਤੇ ਡਾ. ਪਰਮਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦਾ ਆਗਾਜ਼ ਪਰਮਜੀਤ ਸਿੰਘ ਭੰਗੂ, ਬਲਵੀਰ ਗੋਰਾ, ਸੁਰਿੰਦਰ ਗੀਤ, ਮਨਮੋਹਣ ਸਿੰਘ ਬਾਠ, ਸੋਹਣ ਸਿੰਘ ਭੁੱਚੋ, ਤਿਰਲੋਚਨ ਸੈਹਿਬੀ, ਗੁਰਚਰਨ ਸਿੰਘ ਹੇਅਰ, ਸੁਖਵਿੰਦਰ ਸਿੰਘ ਤੂਰ ਅਤੇ ਗਿੱਲ ਸੁਖਮਿੰਦਰ ਸਿੰਘ ਨੇ ਆਪਣੀ-ਆਪਣੀ ਸ਼ਾਇਰੀ ਪੇਸ਼ ਕੀਤੀ। ਜਸਵੀਰ ਸਿੰਘ ਸਿਹੋਤਾ, ਸਰਬਜੀਤ ਕੌਰ ਉੱਪਲ, ਰਾਕੇਸ਼ ਗੌਤਮ, ਕਰਮ ਸਿੰਘ ਭੁੱਲਰ ਅਤੇ ਡਾ: ਪਰਮਜੀਤ ਕੌਰ ਨੇ ਆਪਣੇ ਵਿਚਾਰ ਪੇਸ਼ ਕੀਤੇ।ਇਸ ਮੌਕੇ ਕਹਾਣੀਕਾਰ ਜਤਿੰਦਰ ਸਿੰਘ ਹਾਂਸ ਦਾ ਕਹਾਣੀ ਸੰਗ੍ਰਹਿ 'ਵਾਇਰਲ ਗਰਲ' ਲੋਕ ਅਰਪਣ ਕੀਤਾ ਗਿਆ, ਜਿਸ ਵਿੱਚ ਦਵਿੰਦਰ ਮਲਹਾਂਸ ਨੇ ਜਤਿੰਦਰ ਸਿੰਘ ਹਾਂਸ ਬਾਰੇ ਤੇ ਉਸ ਦੇ ਸਾਹਿਤਕ ਸਫ਼ਰ ਬਾਰੇ ਜਾਣਕਾਰੀ ਸਾਂਝੀ ਕੀਤੀ।ਬਲਜਿੰਦਰ ਸੰਘਾ ਨੇ ਬਹੁਤ ਹੀ ਵਿਸਥਾਰ-ਪੂਰਵਕ ਆਲੋਚਨਾਤਮਕ ਪੇਪਰ ਪੜ੍ਹਿਆ। ਉਪਰੰਤ ਪੇਪਰ 'ਤੇ 'ਵਾਇਰਲ ਗਰਲ' 'ਤੇ ਉਸਾਰੂ ਬਹਿਸ ਹੋਈ।

# ਸੁਰਿੰਦਰ ਮਕਸੂਦਪੁਰੀ ਵੱਲੋਂ ਸੰਪਾਦਿਤ ਪੁਸਤਕ ਰਿਲੀਜ਼



**ਅੰਮ੍ਰਿਤਸਰ** : ਬੀਤੇ ਦਿਨੀਂ ਸੁਰਿੰਦਰ ਮਕਸੂਦਪੁਰੀ ਵੱਲੋਂ ਸੰਪਾਦਿਤ ਕੀਤੀ ਗਈ ਕੁਝ ਨਵੇਂ/ਪੁਰਾਣੇ 91 ਸਮਰੱਥ ਕਵੀਆਂ ਦੀਆਂ ਚੋਣਵੀਆਂ ਰਚਨਾਵਾਂ ਦੀ ਪੁਸਤਕ 'ਹਰਫ਼ਾਂ ਦੇ ਹਾਣੀ' ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਵਿਖੇ ਇਕ ਸਾਹਿਤਕ ਮਿਲਣੀ ਦੌਰਾਨ ਰਿਲੀਜ਼ ਕੀਤੀ ਗਈ। ਪੁਸਤਕ ਰਿਲੀਜ਼ ਕਰਨ ਦੀ ਰਸਮ ਵਿੱਚ ਸ਼ਾਮਲ ਹੋਏ ਡਾ? ਮਨਜਿੰਦਰ ਸਿੰਘ ਮੁਖੀ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਪਰਵੀਨ ਕੁਮਾਰ ਪੁਰੀ, ਡਾਇਰੈਕਟਰ ਲੋਕ ਸੰਪਰਕ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਡਾ. ਬਲਜੀਤ ਕੌਰ ਰਿਆੜ, ਡਾ. ਅਕਾਲ ਅਮ੍ਰਿਤ ਕੌਰ, ਡਾ. ਹਰਿੰਦਰ ਕੌਰ ਸੋਹਲ, ਡਾ. ਸਿਮਰਨਜੀਤ ਸਿੰਘ ਅਤੇ ਡਾ. ਕੰਵਲਦੀਪ ਕੌਰ। ਚਾਹ ਪਾਣੀ ਛਕਣ ਉਪਰੰਤ ਕਿਤਾਬ ਨਾਲ ਸਬੰਧਿਤ ਸੰਖੇਪ ਵਿਚਾਰ-ਵਟਾਂਦਰਾ ਹੋਇਆ। ਸਭਨਾਂ ਨੇ ਇਸ ਖ਼ੂਬਸੂਰਤ ਸੰਪਾਦਿਤ ਪੁਸਤਕ ਵਿਚ ਸ਼ਾਮਲ ਕੁਝ ਚੋਣਵੀਂ ਪੰਜਾਬੀ ਕਵਿਤਾ ਦੇ ਵੰਨ-ਸੁਵੰਨੇ ਸਾਹਿਤਕ ਰੰਗਾਂ ਨੂੰ ਵੇਖਦਿਆਂ, ਖ਼ੁਸ਼ੀ ਅਤੇ ਤਸੱਲੀ ਦਾ ਇਜ਼ਹਾਰ ਕਰਦਿਆਂ ਸਮਰੱਥ ਸ਼ਾਇਰ ਸੁਰਿੰਦਰ ਮਕਸੂਦਪੁਰੀ ਨੂੰ ਇਸ ਸੁਚੱਜੀ ਸੰਪਾਦਨਾ ਲਈ ਵਧਾਈਆਂ ਦਿੱਤੀਆਂ।

# ਕੰਵਲਜੀਤ ਸਿੰਘ ਸੂਰੀ ਦੀ ਅੰਤਿਮ ਅਰਦਾਸ ਤੇ ਭੋਗ ਅੱਜ

**ਚੰਡੀਗੜ੍ਹ (ਸੁਰਜੀਤ ਸੁਮਨ)**-ਉੱਘੇ ਨਾਵਲਕਾਰ ਨਾਨਕ ਸਿੰਘ ਦੇ ਸਪੁੱਤਰ,



ਲੇਖਕ ਤੇ ਗਾਇਕ ਕੰਵਲਜੀਤ ਸਿੰਘ ਸੂਰੀ ਪਿਛਲੇ ਦਿਨੀਂ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ। ਕੈਨੇਡਾ ਰਹਿੰਦੇ ਉਨ੍ਹਾਂ ਦੇ ਭਤੀਜੇ ਲੇਖਕ ਕਰਮਵੀਰ ਸਿੰਘ ਸੂਰੀ ਨੇ ਦੱਸਿਆ ਕਿ ਉਨ੍ਹਾਂ ਦੀ ਅੰਤਿਮ ਅਰਦਾਸ 26 ਅਪ੍ਰੈਲ, ਦਿਨ ਐਤਵਾਰ ਨੂੰ ਦੁਪਹਿਰ 12.30 ਤੋਂ 2.00 ਵਜੇ ਤੱਕ ਗੁਰਦੁਆਰਾ ਸਿੰਘ ਸਭਾ, ਅਰਬਨ ਅਸਟੇਟ, ਫੇਜ਼ 2, ਜਲੰਧਰ ਵਿਖੇ ਹੋਵੇਗੀ। ਜ਼ਿਕਰਯੋਗ ਹੈ ਕਿ ਉਹ ਜਲੰਧਰ ਦੇ ਜ਼ਿਲ੍ਹਾ ਸਿੱਖਿਆ ਅਫਸਰ ਰਹੇ।ਉਨ੍ਹਾਂ ਨੇ ਦਰਜਨ ਤੋਂ ਵੱਧ ਕਿਤਾਬਾਂ ਸਾਹਿਤ ਦੀ ਝੋਲ਼ੀ ਪਾਈਆਂ। ਉਹ ਇੱਕ ਵਧੀਆ ਗਾਇਕ ਵੀ ਸਨ।

# ਵਿਸ਼ਵ ਪੁਸਤਕ ਦਿਵਸ 'ਤੇ ਇਕਵਾਕ ਸਿੰਘ ਪੱਟੀ ਵੱਲੋਂ ਲਾਇਬ੍ਰੇਰੀ ਨੂੰ ਕਿਤਾਬਾਂ ਭੇਟ

**ਅੰਮ੍ਰਿਤਸਰ**-ਹਰ ਸਾਲ 23 ਅਪਰੈਲ ਨੂੰ ਵਿਸ਼ਵ ਭਰ ਵਿੱਚ ਮਨਾਏ ਜਾਂਦੇ ਵਿਸ਼ਵ ਪੁਸਤਕ ਦਿਵਸ ਮੌਕੇ ਇਕਵਾਕ ਸਿੰਘ ਪੱਟੀ ਵੱਲੋਂ ਆਪਣੀਆਂ ਕਿਤਾਬਾਂ ਦਾ ਇੱਕ ਸੈੱਟ ਟਾਊਨ ਹਾਲ ਸਥਿਤ ਪੰਡਿਤ ਮੋਤੀ ਲਾਲ ਨਹਿਰੂ ਮਿਊਂਸੀਪਲ ਲਾਇਬ੍ਰੇਰੀ ਨੂੰ ਭੇਟ ਕੀਤਾ ਗਿਆ। ਇਸ ਮੌਕੇ ਪੱਟੀ ਨੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਕਿਤਾਬਾਂ ਸਾਡੀਆਂ ਮਾਰਗ ਦਰਸ਼ਕ ਹੁੰਦੀਆਂ ਹਨ। ਇਸ ਮੌਕੇ ਲਾਇਬ੍ਰੇਰੀ ਇੰਚਾਰਜ ਇੰਦਰਜੀਤ ਕੌਰ ਨੇ ਦੱਸਿਆ ਕਿ ਇਹ ਲਾਇਬ੍ਰੇਰੀ 1920 ਵਿੱਚ ਸਥਾਪਤ ਕੀਤੀ ਗਈ ਸੀ। ਇਸ ਲਾਇਬ੍ਰੇਰੀ ਵਿੱਚ 19 ਹਜ਼ਾਰ ਤੋਂ ਵੱਧ ਦੁਰਲੱਭ ਅਤੇ ਪੁਰਾਣੀਆਂ ਕਿਤਾਬਾਂ ਮੌਜੂਦ ਹਨ।

# ਗੁਰਨਾਮ ਸਿੰਘ ਪ੍ਰਭਾਤ ਦੇ ਇਕਾਂਗੀ ਸੰਗ੍ਰਹਿ ਰਿਲੀਜ਼

**ਪਟਿਆਲਾ**-ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ, ਪਟਿਆਲਾ ਵਿਖੇ ਨਾਟ ਅਤੇ ਰੰਗਮੰਚ ਦੀ ਜਾਣੀ-ਪਛਾਣੀ ਸ਼ਖ਼ਸੀਅਤ ਪ੍ਰੋ. ਗੁਰਨਾਮ ਸਿੰਘ ਪ੍ਰਭਾਤ ਦੇ 4 ਇਕਾਂਗੀ ਸੰਗ੍ਰਹਿਆਂ 'ਕਰਤਾਪੁਰ ਦੇ ਰਾਹ 'ਤੇ', 'ਤੁਰੇ ਤੇਗ਼ ਦੀ ਧਾਰ 'ਤੇ', 'ਇਤਿਹਾਸ ਬੋਲਦਾ ਹੈ' ਅਤੇ 'ਬਲਦੀਆਂ ਨਜ਼ਰਾਂ 'ਤੇ..' ਦਾ ਲੋਕ ਅਰਪਣ ਕੀਤਾ ਗਿਆ। ਪੰਜਾਬੀ ਭਾਸ਼ਾ ਦੇ ਦਹਾਕਿਆਂਬੱਧੀ ਪ੍ਰੋਫ਼ੈਸਰ ਰਹੇ ਗੁਰਨਾਮ ਸਿੰਘ ਪ੍ਰਭਾਤ ਨੇ ਆਪਣੇ ਨਾਟਕਾਂ ਅਤੇ ਇਕਾਂਗੀਆਂ ਵਿਚ ਸਮਾਜ ਨਾਲ ਜੁੜੇ ਨਿਵੇਕਲੇ ਵਿਸ਼ਿਆਂ ਦੀ ਜੀਵੰਤ ਪੇਸ਼ਕਾਰੀ ਕੀਤੀ ਹੈ। ਡਾ. ਜਪਪ੍ਰੀਤ ਕੌਰ ਭੰਗੂ, ਪਰਮਿੰਦਰ ਸਿੰਘ ਅਤੇ ਰੰਗਕਰਮੀ ਜੋਗਾ ਸਿੰਘ ਖੀਵਾ ਨੇ ਪ੍ਰੋ. ਪ੍ਰਭਾਤ ਨੂੰ ਦੂਜੀ ਪੀੜ੍ਹੀ ਦੇ ਅਹਿਮ ਨਾਟਕਕਾਰਾਂ ਵਿਚ ਵਿਸ਼ੇਸ਼ ਸਥਾਨ ਨਿਸ਼ਚਿਤ ਕੀਤਾ। ਗੁਰਚਰਨ ਸਿੰਘ ਜੋਗੀ ਨੇ ਇਸ ਸਮਾਗਮ ਨੂੰ ਸਾਹਿਤਕ ਗੁਲਦਸਤੇ ਨਾਲ ਤੁਲਨਾ ਦਿੱਤੀ, ਜਦੋਂ ਕਿ ਪ੍ਰਿੰਸੀਪਲ ਚਰਨਜੀਤ ਕੌਰ ਅਤੇ ਗੁਰਵਿੰਦਰ ਕੌਰ ਵਿਸ਼ੇਸ਼ ਮਹਿਮਾਨਾਂ ਦਾ ਸਾਂਝਾ ਮੱਤ ਸੀ ਕਿ ਜਦੋਂ ਸਾਹਿਤਕਾਰ ਆਪਣੇ ਹੰਢਾਏ ਹੋਏ ਤਜਰਬਿਆਂ ਨੂੰ ਲੇਖਣੀ ਰਾਹੀਂ ਪੇਸ਼ ਕਰਦੇ ਹਨ ਤਾਂ ਉਸ ਦਾ ਪਾਠਕਾਂ ਅਤੇ ਸਰੋਤਿਆਂ ਉਪਰ ਡੂੰਘਾ ਪ੍ਰਭਾਵ ਪੈਂਦਾ ਹੈ।

# ਪਾਠਕਾਂ ਦੇ ਝਰੋਖੇ 'ਚੋਂ

## ਨਵੀਨ ਜੀਵਨ ਸ਼ੈਲੀ

19 ਅਪਰੈਲ ਦੇ 'ਐਤਵਾਰਤਾ' ਵਿਚ ਕਹਾਣੀਕਾਰ ਤਰਸੇਮ ਭੰਗੂ ਨੇ ਲੇਖ ਨਵੀਨ ਜੀਵਨ ਸ਼ੈਲੀ 'ਚ ਉਲਝੀਆਂ ਵਰਤਮਾਨ ਵਿਚ ਬਹੁਤ ਕੀਮਤੀ ਗੱਲਾਂ ਲਿਖੀਆਂ ਹਨ।ਖਾਸ ਕਰਕੇ ਆਪਣੀ ਮਾਤ ਭਾਸ਼ਾ ਪੰਜਾਬੀ ਨੂੰ ਛੱਡ ਕੇ ਨਿੱਜੀ ਪ੍ਰਾਈਵੇਟ ਸਕੂਲਾਂ ਵਿਚ ਬੱਚਿਆਂ ਨੂੰ ਸਿੱਖਿਆ ਦੇਣ ਦੀ ਚੱਲ ਰਹੀ ਭੇਡਚਾਲ 'ਤੇ ਤਿੱਖੇ ਵਿਚਾਰ ਪੇਸ਼ ਕੀਤੇ ਹਨ। ਮੱਖਣ ਕੁਹਾੜ ਨੇ ਕਿਊਬਾ ਦੀ ਫੇਰੀ ਲਵਾ ਦਿੱਤੀ।ਬਹੁਤ ਖ਼ੁਸ਼ੀ ਹੋਈ। ਕਿਊਬਾ ਦੀ ਸਿੱਖਿਆ, ਰਹਿਣ, ਸਹਿਣ ਤੇ ਯਾਤਰਾ ਵਿਸਥਾਰ ਦਿਲਚਸਪ ਲੱਗਾ। ਇਸ ਅੰਕ ਦੇ ਹੋਰ ਲੇਖ ਕਾਲਮ ਵਿਚ ਚਿੜੀ ਚੂਹਕਦੀ ਨਾਲ ਤੁਰੇ ਪਾਂਧੀ, ਦ੍ਰਿਸ਼ਟੀਕੋਣ ਵਿਚ ਔਰਤਾਂ ਦੇ ਰਾਖਵੇਂਕਰਨ ਦਾ ਬਿੱਲ ਡਿੱਗਣ ਦਾ ਕਾਰਨ ਤੇ ਹੋਰ ਗੱਲਾਂ ਸਾਡੀ ਸਿਆਸਤ ਦਾ ਚਿਹਰਾ ਹਨ। ਸਾਹਿਤਕ ਸਰਗਰਮੀਆਂ ਵਿਚ ਕੋਚਰ ਮੈਡਮ ਤੇ ਹਰਮੀਤ ਵਿਦਿਆਰਥੀ ਸਨਮਾਨ, ਕਿਤਾਬਾਂ, ਇਕ ਹੋਰ ਰੇਪ ਕੇਸ, ਗੋਸ਼ਟੀ, ਮੁੱਲ ਵਿਕਦਾ ਸਮਾਂ ਤੇ ਸਾਂਵਲੇ ਰੰਗ ਦੀ ਕੁੜੀ ਦੇ ਲੋਕ ਅਰਪਣ ਤੇ ਹੋਰ ਸਾਹਿਤਕਾਰਾਂ ਦੇ ਸਨਮਾਨ ਬਾਰੇ ਪੜ੍ਹ ਕੇ ਸਾਹਿਤਕ ਪੰਜਾਬ ਦੇ ਦੀਦਾਰ ਹੋਏ।

-ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਪਾਠਕਾਂ ਦੇ ਧਿਆਨ ਹਿੱਤ

19 ਅਪ੍ਰੈਲ ਦੇ ਐਤਵਾਰਤਾ ਅੰਕ 'ਚ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵੱਲੋਂ ਕਰਵਾਏ ਗਏ ਗ਼ਦਰੀ ਬਾਬਿਆਂ ਦੇ ਮੇਲੇ ਦੀ ਰਿਪੋਰਟ 'ਚ ਗਲਤੀ ਨਾਲ ਇਹ ਛੱਪ ਗਿਆ ਹੈ ਕਿ 'ਇਸ ਮੌਕੇ ਆਪਣੇ ਸੰਬੋਧਨ 'ਚ ਫੋਰਮ ਦੇ ਆਗੂ ਸੁਰਿੰਦਰ ਸਿੰਘ ਮੰਢਾਲੀ ਨੇ ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਨੂੰ ਲੈ ਕੇ ਰੋਲ ਘਚੋਲਾ ਖੜਾ ਕੀਤਾ।' ਇਨ੍ਹਾਂ ਸਤਰਾਂ ਦੀ ਥਾਂ ਇਸ ਨੂੰ ਇੰਝ ਪੜ੍ਹਿਆ ਜਾਵੇ;

ਇਸ ਮੌਕੇ ਆਪਣੇ ਸੰਬੋਧਨ 'ਚ ਫੋਰਮ ਦੇ ਆਗੂ ਸੁਰਿੰਦਰ ਸਿੰਘ ਮੰਢਾਲੀ ਨੇ ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਨੂੰ ਲੈ ਕੇ ਰੋਲ-ਘਚੋਲਾ ਖੜਾ ਕਰਨ ਦੀਆਂ ਚਾਲਾਂ ਨੂੰ ਨਿੰਦਦਿਆਂ ਕਿਹਾ ਕਿ ਸ਼ਹੀਦ ਸਰਾਭਾ ਤੇ ਸ਼ਹੀਦ ਭਗਤ ਸਿੰਘ ਦੀਆਂ ਸ਼ਖ਼ਸੀਅਤਾਂ ਵਿਚਾਲੇ ਮੁਕਾਬਲਾ ਕਰਨਾ ਸਿਰੇ ਦੀ ਮੂਰਖਤਾ ਤੇ ਬੇਇਮਾਨੀ ਹੈ।ਉਨ੍ਹਾ ਕਿਹਾ ਕਿ ਸ਼ਹੀਦ ਭਗਤ ਸਿੰਘ ਜਿਸ ਸ਼ਹੀਦ ਸਰਾਭਾ ਦੀ ਤਸਵੀਰ ਆਪਣੀ ਜੇਬ 'ਚ ਰੱਖਦਾ ਸੀ, ਉਸੇ ਨਾਲ ਉਸ ਦਾ ਮੁਕਾਬਲਾ ਕਰਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ।

**ਪਾਠਕਾਂ ਲਈ**

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।
atwartazamana@gmail.com
- ਸੰਪਾਦਕ

**ਆਉਂਦੇ ਐਤਵਾਰਤਾ 'ਚ ਵਿਸ਼ੇਸ਼**

ਵਿਸਰਿਆ ਸੁਤੰਤਰਤਾ ਸੰਗਰਾਮੀ ਗਿਆਨੀ ਕਾਹਲਾ ਸਿੰਘ : ਡਾ. ਹਰਪ੍ਰੀਤ ਸਿੰਘ
ਸਫ਼ਰਨਾਮਾ ਖੁਜਰਾਹੋਂ : ਭੁਪਿੰਦਰ ਸਿੰਘ ਮਾਨ
'ਪੱਥਰ 'ਚ ਵਗਦੀ ਨਦੀ' : ਪਾਲ ਕੌਰ (ਫੋਕਸ) ਮੱਖਣ ਮਾਨ
ਅਵਤਾਰਜੀਤ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਮੰਤਵ : ਅਕਾਦਮੀ ਐਵਾਰਡੀ ਜਿੰਦਰ ਤੇ ਵਿਸ਼ੇਸ਼ ਸਮੱਗਰੀ




'ਮੰਤਵ' ਮਈ-ਅਗਸਤ,2026 ਦਾ ਨਵਾਂ ਅੰਕ ਇਸ ਵਾਰ ਭਾਰਤੀ ਸਾਹਿਤ ਅਕਾਦਮੀ ਐਵਾਰਡੀ ਪ੍ਰਾਪਤ ਕਰਨ ਵਾਲੇ ਕਥਾਕਾਰ ਜਿੰਦਰ ਉੱਤੇ ਵਿਸ਼ੇਸ਼ ਸਮੱਗਰੀ ਨਾਲ ਹਾਜ਼ਰ ਹੋਇਆ ਹੈ। ਅੰਕ ਦੇ ਤਕਰੀਬਨ 50 ਪੰਨੇ ਜਿੰਦਰ ਉੱਤੇ ਕੇਂਦਰਤ ਹਨ। ਸਮਕਾਲ ਦੀ ਵੱਡੀ ਕਲਮਕਾਰ ਤੇ ਚਿੰਤਕ ਪਾਲ ਕੌਰ ਨੇ 'ਸੇਫ਼ਟੀ ਕਿੱਟ' ਦੇ ਹਵਾਲੇ ਨਾਲ ਜਿੰਦਰ ਦੀ ਗੰਭੀਰ ਸਵਾਲਾਂ ਨਾਲ ਮੁਲਾਕਾਤ ਕੀਤੀ ਹੈ। ਉਪਰੰਤ ਜਿੰਦਰ ਵੱਲੋਂ ਪੁਰਸਕਾਰ ਮਿਲਣ ਤੇ ਪੜ੍ਹਿਆ ਜਾਣ ਵਾਲਾ ਭਾਸ਼ਣ ਅਤੇ ਹਰਜੀਤ ਅਟਵਾਲ ਵੱਲੋਂ ਜਿੰਦਰ ਦਾ ਲਿਖਿਆ ਸ਼ਬਦ ਚਿੱਤਰ ਪ੍ਰਕਾਸ਼ਤ ਕੀਤਾ ਹੈ। ਨਾਲ ਇਕ ਜਿੰਦਰ ਦੀ ਨਵੀਂ ਕਹਾਣੀ 'ਕੁਦਰਤ' ਪ੍ਰਕਾਸ਼ਤ ਕੀਤੀ ਗਈ ਹੈ। ਸੰਪਾਦਕੀ ਵਿੱਚ ਵਿਸ਼ਾਲ ਨੇ ਸਾਹਿਤ ਦੇ ਹਨੇਰੇ ਨਾਲ ਭਰੀਆਂ ਨੁਕਰਾਂ 'ਤੇ ਸ਼ਬਦਾਂ ਦੀ ਰੌਸ਼ਨੀ ਪਾਈ ਹੈ। ਸ਼ਾਇਰੀ 'ਚ ਇਸ ਵਾਰ ਜਸਵਿੰਦਰ ਸੀਰਤ, ਦਰਸ਼ਨ ਬੁਲੰਦਵੀ, ਸਿਮਰਤ ਗਗਨ, ਬਲਵਿੰਦਰ ਸੰਧੂ, ਤਰਸੇਮ, ਕੇਸਰ ਕਰਮਜੀਤ, ਦੀਪ ਇੰਦਰ, ਹਰਜਿੰਦਰ, ਸ਼ਹਰਯਾਰ, ਜਿਤੇਂਦਰ ਕੁਮਾਰ, ਮੇਰੀ ਐਲਿਜ਼ਾਬਿਥ ਫਰਾਈ, ਸੌਨੇਟ ਮੰਡਲ, ਗਗਨ ਗਿੱਲ ਦੀ ਸ਼ਾਇਰੀ ਪੜ੍ਹਨ ਨੂੰ ਮਿਲ ਜਾਂਦੀ ਹੈ। ਨਾਲ ਜਿਤੇਂਦਰ ਕੁਮਾਨ ਨੇ ਉਦਯਨ ਵਾਜਪਾਈ ਨਾਲ ਮੁਲਾਕਾਤ ਕੀਤੀ ਹੈ। ਬੰਗਾਲੀ ਨਾਵਲ ਅੰਸ਼ 'ਕਾਲ ਮੀ ਲਾਇਕਾ' (ਮੁਜ਼ੱਫਰ ਹੁਸੈਨ) ਦਾ ਅਨੁਵਾਦ ਨੀਲਮ ਸ਼ਰਮਾ ਅੰਸ਼ੂ ਨੇ ਕੀਤੀ ਹੈ। ਜੰਗ ਬਹਾਦੁਰ ਗੋਇਲ ਵੱਲੋਂ ਅਨੁਵਾਦ 'ਇੱਕ ਘੰਟੇ ਦੀ ਕਹਾਣੀ' (ਕੇਟ ਸ਼ੋਪੇਨ) ਕਹਾਣੀ ਵੀ ਪੜ੍ਹਨ ਨੂੰ ਮਿਲ ਜਾਂਦੀ ਹੈ। ਕੁਝ ਵਿਦੇਸ਼ੀ ਨਾਰੀ ਕਾਵਿ ਨੂੰ ਸੁਰਜੀਤ ਨੇ ਅਨੁਵਾਦ ਕੀਤੀ ਹੈ। ਤਸਕੀਨ ਦਾ ਲੇਖ 'ਪੰਜਾਬੀ ਗਾਇਕੀ ਪੌਪ ਤੋਂ ਹਿਪ ਹੌਪ ਵੱਲ' ਵੀ ਚੰਗਾ ਹੈ। ਡਾ. ਆਸ਼ਾ ਸਿੰਘ ਘੁੰਮਣ, ਦਲਵੀਰ ਕੌਰ ਦੀਆਂ ਲਿਖਤਾਂ ਵੀ ਛਪੀਆਂ ਹਨ। ਬਲਬੀਰ ਪਰਵਾਨਾ ਨੇ 'ਰੌਲ਼ਿਆਂ ਵੇਲੇ' ਇਤਿਹਾਸ ਤੇ ਫੈਲਦੀਆਂ ਤੰਦਾਂ' ਨਾਵਲ ਨੂੰ ਸਮਝਣ ਲਈ ਅਹਿਮ ਹੈ। ਕਹਾਣੀ ਭਾਗ ਵਿੱਚ ਇਸ ਵਾਰ ਜੋਗੇ ਭੰਗਲ (ਸਦਾ ਨਾ ਰਹਿਣ ਸਿਕੰਦਰ), ਰੋਜ਼ੀ ਸਿੰਘ (ਗਰਮ ਦਸਤਾਨੇ), ਡਾ. ਮੋਹਨ ਬੇਗੋਵਾਲ (ਪ੍ਰਵਾਸੀ ਪਰਛਾਵੇਂ) ਨਵੀਆਂ ਕਹਾਣੀਆਂ ਨਾਲ ਹਾਜ਼ਰੀ ਲਗਵਾਈ ਹੈ। 'ਮੰਤਲ' ਆਪਣੇ 'ਮੰਤਵ' ਵਿੱਚ ਸਫ਼ਲ ਹੋ ਰਿਹਾ ਹੈ। 'ਮੰਤਵ' ਦੇ ਮੁੱਖ ਸੰਪਾਦਕ : ਵਿਸ਼ਾਲ (99884-23237), ਸਫ਼ੇ : 168 ਤੇ ਮੁੱਲ: 200 ਰੁਪਏ ਹੈ। ਰਚਨਾਵਾਂ ਭੇਜਣ ਲਈ e-mail: vishalnewseeditor@gmail.com

## The Inheritance of Longing: Jinder

2025 ਦਾ ਭਾਰਤੀ ਸਾਹਿਤ ਅਕੈਡਮੀ ਐਵਾਰਡ ਪ੍ਰਾਪਤ ਜਿੰਦਰ ਪ੍ਰਮੁੱਖ ਰੂਪ ਵਿੱਚ




ਕਥਾਕਾਰ ਹੈ। ਉਸ ਦਾ ਨਾਵਲ 'ਜ਼ਿੰਦਗੀ' ਇਸ ਸਾਲ ਦੇ ਸ਼ੁਰੂ 'ਚ ਪੰਜਾਬੀ ਵਿੱਚ ਪ੍ਰਕਾਸ਼ਤ ਹੋਇਆ ਸੀ। ਹੁਣ ਇਹ ਅੰਗਰੇਜ਼ੀ ਵਿੱਚ ਅਨੁਵਾਦ ਹੋ ਗਿਆ ਹੈ। ਇਸ ਨਾਵਲ ਨੂੰ ਕੁਰੂਕਸ਼ੇਤਰ ਯੂਨੀਵਰਸਿਟੀ, ਹਰਿਆਣਾ ਦੇ ਪੰਜਾਬੀ ਵਿਭਾਗ ਦੇ ਚੇਅਰਪਰਸਨ ਅਤੇ ਗੁਰੂ ਗੋਬਿੰਦ ਸਿੰਘ ਤੇ ਬਾਬਾ ਬੰਦਾ ਸਿੰਘ ਬਹਾਦਰ ਚੇਅਰ ਦੇ ਕੋਆਰਡੀਨੇਟਰ ਡਾ. ਕੁਲਦੀਪ ਸਿੰਘ ਨੇ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਹੈ। ਡਾ. ਕੁਲਦੀਪ ਸਿੰਘ ਪ੍ਰਮੁੱਖ ਤੌਰ ਤੇ ਚਿੰਤਕ ਅਤੇ ਆਲੋਚਕ ਹੈ। ਆਲੋਚਨਾ ਵਿੱਚ ਉਸ ਨੇ ਗੰਭੀਰ ਕਿਸਮ ਦਾ ਕੰਮ ਕੀਤਾ ਹੈ। ਨਾਵਲ 'ਜ਼ਿੰਦਗੀ' ਦਾ ਅੰਗਰੇਜ਼ੀ ਵਿੱਚ ਸਿਰਲੇਖ ਰੱਖਿਆ ਹੈ The Inheritance of Longing ਇਸ ਨਾਵਲ ਨੂੰ Twentyfirst Century Publication, Patiala (Contact:92167-53888) ਨੇ ਪ੍ਰਕਾਸ਼ਤ ਕੀਤਾ ਹੈ। ਨਾਵਲ ਦੇ ਸਫ਼ੇ 160 ਅਤੇ ਕੀਮਤ 300 ਰੁਪਏ ਹੈ। ਨਾਵਲਕਾਰ ਨੇ ਇਹ ਨਾਵਲ ਚੇਤਨਾ ਪ੍ਰਵਾਹ ਸ਼ੈਲੀ ਵਿੱਚ ਲਿਖਿਆ ਹੈ ਅਤੇ ਆਧੁਨਿਕ ਮਨੁੱਖ ਦੀ ਮਾਨਸਿਕਤਾ ਬਣਤਰ ਨੂੰ ਪੇਸ਼ ਕੀਤਾ ਹੈ। ਨਾਲ ਨਾਲ ਪੀੜ੍ਹੀਆਂ ਦੀ ਸੋਚ ਨੂੰ ਵੀ ਗਲਪੀ ਬਿਰਤਾਂਤ ਵਿੱਚ ਢਾਲ਼ਿਆ ਹੈ। ਬੰਦਾ ਪੈਸੇ ਪਿੱਛੇ ਕਿਵੇਂ ਭੱਜਾ ਫਿਰਦਾ ਹੈ। ਜਿੰਦਰ ਨੇ ਇਕ ਪਿਓ ਦੀ ਮਨੋਦਸ਼ਾ ਵੀ ਬਿਆਨ ਕੀਤੀ ਹੈ ਅਤੇ ਉਸ ਦੇ ਦੋ ਬੇਟਿਆ ਦੀ ਜ਼ਿੰਦਗੀ ਵੀ ਬਿਆਨ ਕੀਤੀ ਗਈ ਹੈ। ਇਸ ਅੰਗਰੇਜ਼ੀ ਪੜ੍ਹਨ ਵਾਲੇ ਪਾਠਕ ਦਾ ਕਹਿਣਾ ਹੈ ਕਿ ਇਹ ਨਾਵਲ ਬਹੁਤ ਮਿਹਨਤ ਨਾਲ ਅਨੁਵਾਦ ਕੀਤਾ ਗਿਆ ਹੈ।

## ਸੰਵਾਦ : ਵਿਸ਼ੇਸ਼ ਅੰਕ ਸ੍ਰੀ ਗੁਰੂ ਨਾਨਕ ਦੇਵ ਜੀ

ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ ਦਾ ਰੈਫ਼ਰੀਡ ਜਰਨਲ 'ਸੰਵਾਦ' ਵੱਲੋਂ ਛਪ ਰਿਹਾ ਹੈ। ਹੱਥਲਾ ਅੰਕ ਸ੍ਰੀ ਗੁਰੂ ਨਾਨਕ ਦੇਵ ਜੀ ਉੱਤੇ ਕੇਂਦਰਤ ਹੈ। ਜਿਸ ਵਿੱਚ ਡਾ. ਹਰਜੀਤ ਸਿੰਘ ਗਿੱਲ, ਡਾ. ਮਹਿਲ ਸਿੰਘ, ਅਮਰਜੀਤ ਗਰੇਵਾਲ, ਡਾ. ਆਤਮ ਸਿੰਘ ਰੰਧਾਵਾ, ਡਾ. ਈਸ਼ਵਰ ਦਿਆਲ ਗੌੜ, ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਬਲਕਾਰ ਸਿੰਘ, ਡਾ. ਜਗਰੂਪ ਸਿੰਘ ਸੇਖੋਂ, ਪ੍ਰੋ. ਅਮਰਜੀਤ ਸਿੰਘ, ਡਾ. ਜਸਬੀਰ ਸਿੰਘ ਸਰਨਾ, ਡਾ. ਮਨਜਿੰਦਰ ਸਿੰਘ, ਡਾ. ਯਾਦਵਿੰਦਰ ਸਿੰਘ, ਡਾ. ਮੁਹੱਬਤ ਸਿੰਘ, ਡਾ. ਬਲਜੀਤ ਸਿੰਘ ਵਿਰਕ-ਡਾ. ਭਾਰਤਬੀਰ ਕੌਰ ਸੰਧੂ, ਡਾ. ਕੰਵਲਜੀਤ ਸਿੰਘ, ਡਾ. ਕੰਵਲਦੀਪ ਕੌਰ, ਡਾ.




ਜਸਵੰਤ ਸਿੰਘ, ਡਾ. ਸੁਮਨ ਕਪੂਰ, ਡਾ. ਗੁਰਪ੍ਰੀਤ ਸਿੰਘ ਤੇ ਹਰਪ੍ਰੀਤ ਕੁਮਾਰ ਦੇ ਗੁਰੂ ਨਾਨਕ ਬਾਣੀ ਤੇ ਉਨ੍ਹਾਂ ਦੇ ਫਲਸਫ਼ੇ ਨੂੰ ਸਮਝਣ ਵਾਲੀਆਂ ਮਹੱਤਵਪੂਰਨ ਲਿਖਤਾਂ ਪ੍ਰਕਾਸ਼ਤ ਕੀਤੀਆਂ ਹਨ। ਸੰਪਾਦਕੀ ਵਿੱਚ ਗੁਰੂ ਨਾਨਕ ਬਾਣੀ ਦਾ ਨਿਚੋੜ ਕੱਢਿਆ ਗਿਆ ਹੈ। ਸੰਵਾਦ ਦੇ ਮੁੱਖ ਸੰਪਾਦਕ : ਡਾ. ਆਤਮ ਸਿੰਘ ਰੰਧਾਵਾ (98722-17273), 164 ਸਫ਼ਿਆਂ 'ਚ ਫੈਲੇ ਇਸ ਅੰਕ ਦੀ ਕੀਮਤ 200 ਰੁਪਏ। ਰਚਨਾਵਾਂ ਭੇਜਣ ਲਈ : e-mail: sanvadpunjabi@@gmail.com


## ਏਕਮ : ਅਪ੍ਰੈਲ-ਜੂਨ, 2026

ਸਾਹਿਤਕ ਪਰਚੇ ਸਾਹਿਤਕ ਮੁੱਦੇ ਛੱਡ ਕੇ ਸਿਆਸੀ ਮੁੱਦੇ ਤੇ ਕਿਉਂ ਸੰਪਾਦਕੀ




ਲਿਖਦੇ ਹਨ? ਇਹ ਕੰਮ ਅਖ਼ਬਾਰਾਂ ਦਾ ਹੈ। ਹੱਥਲੇ ਅੰਕ ਵਿੱਚ ਮੁਖਤਾਰ ਗਿੱਲ (ਸੁਪਨਿਆਂ ਦਾ ਦਫ਼ਨ ਹੋਣਾ), ਨੀਲਮ ਸ਼ਰਮਾ ਅੰਸ਼ੂ (ਸ਼ਿਕਾਇਤੇਂ ਭੀ ਵਹੀਂ ਹੈਂ ਜਹਾਂ ਮੁਹੱਬਤ ਹੈ!) ਮੁਨਸ਼ੀ ਪ੍ਰੇਮ ਚੰਦ (ਮੁਫ਼ਤ ਦੀ ਵਡਿਆਈ), ਨਰੇਸ਼ ਕੌਸ਼ਿਕ (ਢਾਈ ਫੇਰੇ, ਅਨੁ. ਕੁਲਦੀਪ ਸਿੰਘ ਬੇਦੀ), ਡਾ. ਤਬੱਸੁਮ ਜਹਾਂ (ਹਾਜਰਾ ਦਾ ਢਿੱਲਾ ਬੁਰਕਾ), ਸ਼ਰਨਜੀਤ ਕੌਰ (ਸਰੋਗੇਟ ਮਦਰ), ਮਹਿੰਦਰ ਰਿਸ਼ਮ (ਚਲੋ ਕੋਈ ਨਾ) ਦੀਆਂ ਪੜ੍ਹਨਯੋਗ ਕਹਾਣੀਆਂ ਛਪੀਆਂ ਹਨ। ਜਗਜੀਤ ਬਰਾੜ ਦੀ ਸਵੈ ਜੀਵਨੀ ਅੰਸ਼, ਸੁਖਪਾਲ ਥਿੰਦ ਦਾ ਯਾਤਰਾ ਪ੍ਰਸੰਗ, ਜਸਵਿੰਦਰ ਕੌਰ ਬਿੰਦਰਾ ਵੱਲੋਂ ਚੰਦਨ ਨੇਗੀ ਦੀਆਂ ਯਾਦਾਂ ਅਤੇ ਕੁਝ ਹੋਰ ਲਿਖਤਾਂ ਹਨ। ਕਵਿਤਾ ਭਾਗ ਵਿੱਚ ਜਸਵਿੰਦਰ ਰੁਪਾਲ, ਤ੍ਰੈਲੋਚਨ ਲੋਚੀ, ਜਗਤਾਰ ਪੱਖੋ, ਲਾਭ ਸਿੰਘ ਖੀਵਾ, ਦੇਵਿੰਦਰ ਬਿਮਰਾ, ਸੁਖਮਿੰਦਰ ਸੇਖੋਂ, ਲਕਸ਼ਮੀ ਕੇਰਲਾ, ਅਮਰਜੀਤ ਸਨ੍ਹੇਰਵੀ, ਜਸਵੰਤ ਗਿੱਲ ਸਮਾਲਸਰ, ਪਾਲ ਗੁਰਦਾਸਪੁਰੀ, ਪਰਗਟ ਸਿੰਘ ਜਠੌਲ ਸ਼ਾਇਰ ਹਾਜ਼ਰ ਹਨ। ਪਰਚੇ ਦੇ ਅੰਤ ਵਿੱਚ ਕੁਝ ਪੁਸਤਕਾਂ ਦੀ ਚਰਚਾ ਕੀਤੀ ਗਈ ਹੈ। ਏਕਮ ਦੇ ਸੰਪਾਦਕ ਅਰਤਿੰਦਰ ਸੰਧੂ (98153-02081) ਹਨ। ਮੁੱਲ: 100 ਰੁਪਏ ਤੇ ਸਫ਼ੇ : 80 ਹਨ। ਰਚਨਾਵਾਂ ਭੇਜਣ ਲਈ : e-mail: sandhuartinder89@gmail.com

## ਅੱਖਰ : ਅਪ੍ਰੈਲ-ਜੂਨ, 2026




'ਅੱਖਰ' ਨੇ ਨਵੇਂ ਅੰਕ ਦੇ ਸਰਵਰਕ 'ਤੇ ਅੰਮ੍ਰਿਤਾ ਦਾ ਸਕੈਚ-ਕਾਵਿ ਟੋਟਾ ਛਾਪ ਕੇ ਉਸ ਨੂੰ ਚੇਤੇ ਕੀਤਾ ਗਿਆ ਹੈ। 'ਪੰਜਾਬੀ ਫੌਂਟਾਂ ਦੀਆਂ ਸਮੱਸਿਆਵਾਂ ਤੇ ਚਨੌਤੀਆਂ' ਮਸਲੇ ਨੂੰ ਸੰਪਾਦਕੀ ਵਿੱਚ ਚਰਚਾ ਕੀਤੀ ਗਈ ਹੈ। ਇਸ ਵਾਰ ਡਾ. ਬਲਜੀਤ ਸਿੰਘ ਢਿੱਲੋਂ (ਕਸ਼ਮਕਸ਼), ਰੋਜ਼ੀ ਸਿੰਘ (ਭਾਰ), ਜੋਗੇ ਭੰਗਲ (ਇਹ ਰਾਹ ਕੋਈ ਰਾਹ ਨਹੀਂ), ਡਾ. ਸਤੀਸ਼ ਠੁਕਰਾਲ ਸੋਨੀ (ਪਾਗਲ ਜਿਹਾ), ਡਾ. ਰੰਜਨਾ ਜਾਇਸਵਾਲ (ਅੰਤਿਮ ਇੱਛਾ, ਅਨੁ. ਅਮਰਜੀਤ ਕੌਂਕੇ) ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਇਸ ਅੰਕ ਵਿੱਚ ਅਵਤਾਰਜੀਤ, ਗੁਰਚਰਨ ਧਾਲੀਵਾਲ,ਹੈਪੀ ਚੌਧਰੀ, ਗੁਰਦੀਪ ਖਿੰਡਾ, ਸੁਖਿੰਦਰ, ਨਿਧੀ ਪਾਠਕ, ਹਰਕਵੰਲਜੀਤ ਸਾਹਿਲ, ਡਾ. ਵਿਕਰਮਜੀਤ ਸ਼ੇਰਗਿੱਲ, ਜਸਵੀਰ ਸਿੰਘ ਸ਼ਾਇਰ, ਤੇਜਿੰਦਰ ਮਾਰਕੰਡਾ ਤੇ ਅਸ਼ਵਨੀ ਕੁਮਾਰ ਦੀ ਸ਼ਾਇਰੀ ਪੜ੍ਹਨ ਨੂੰ ਮਿਲੇਗੀ। ਅੰਤਲੇ ਸਫ਼ਿਆਂ ਉੱਤੇ ਕਰਨੈਲ ਸ਼ੇਰਗਿੱਲ ਦਾ ਲੇਖ 'ਖ਼ਤਾਂ ਦੇ ਚਿਹਰੇ' ਤੋਂ ਇਲਾਵਾ ਕੁਝ ਹੋਰ ਲੇਖ ਵੀ ਪੜ੍ਹਨ ਨੂੰ ਮਿਲ ਜਾਂਦੇ ਹਨ। ਅੱਖਰ ਦੇ ਮੁੱਖ ਸੰਪਾਦਕ : ਡਾ. ਕਰਨੈਲ ਸ਼ੇਰਗਿੱਲ (0044-07803 142642), ਮੁੱਲ :100 ਰੁਪਏ ਤੇ ਸਫ਼ੇ :72 ਹਨ। ਰਚਨਾਵਾਂ ਭੇਜਣ ਲਈ : e-mail: shergillkarnail@gmail.com



*ਗੁਰਪਿਆਰ ਹਰੀ ਨੌ ਸੂਖ਼ਮ ਅਹਿਸਾਸਾਂ ਦਾ ਸ਼ਾਇਰ ਹੈ। ਆਪਣੇ ਪਲੇਠੇ ਕਾਵਿ ਸੰਗ੍ਰਹਿ 'ਖਲਾਅ ਹੁਣ ਵੀ ਹੈ' ਨਾਲ ਉਹ ਕਵਿਤਾ ਦੇ ਪਿੜ 'ਚ ਦਸਤਕ ਦਿੰਦਾ ਹੈ। ਕਵਿਤਾ ਦੇ ਅਹਿਸਾਸ ਉਹ ਆਪਣੀ ਜ਼ਿੰਦਗੀ ਦੇ ਸੰਘਰਸ਼ ਵਿੱਚੋਂ ਲੈਂਦਾ ਹੈ। ਨਿਮਨ ਅਤੇ ਕਿਰਤੀ ਧਿਰ ਨੂੰ ਆਪਣੀ ਕਵਿਤਾ ਦਾ ਅਧਾਰ ਬਣਾਉਂਦਾ ਹੈ। ਉਹ ਆਪਣੀ ਕਵਿਤਾ 'ਚ ਸੰਵੇਦਨਸ਼ੀਲ ਮਨੁੱਖ ਦੀ ਤਲਾਸ਼ ਵੀ ਕਰਦਾ ਹੈ। ਮਸ਼ੀਨੀਕਰਨ ਦੇ ਯੁੱਗ 'ਚ ਮਨੁੱਖੀ ਯਥਾਰਥ ਨੂੰ ਵੀ ਗੁਰਪਿਆਰ ਨੇ ਬਾਰੀਕੀ ਨਾਲ ਪ੍ਰਗਟ ਕੀਤਾ ਹੈ। ਉਹ ਤਰਕ ਨਾਲ ਗੱਲ ਕਰਦਾ ਹੋਇਆ ਬੰਦੇ ਦੇ ਮੱਥੇ 'ਤੇ ਲਿਖੀ ਤਕਦੀਰ 'ਤੇ ਸਵਾਲ ਵੀ ਕਰਦਾ ਹੈ।*

# ਗੁਰਪਿਆਰ ਹਰੀ ਨੌ ਦੀਆਂ ਕਵਿਤਾਵਾਂ

## ਨਵਾਂ ਜ਼ਮਾਨਾ

ਲੋਕ ਆਖਦੇ ਹਨ ਕਿ
ਮੱਥੇ 'ਚ
ਬੰਦੇ ਦੀ ਤਕਦੀਰ ਲਿਖੀ ਹੁੰਦੀ ਹੈ।
ਇਸੇ ਲਈ ਮੈਂ
ਹਰ ਰੋਜ਼ ਮਿਹਨਤ ਕਰਦਾ ਹਾਂ,
ਤਾਂ ਕਿ ਤਕਦੀਰ ਮੁੜ੍ਹਕੇ ਨਾਲ
ਬਾਹਰ ਆ ਜਾਵੇ।
ਤੇ
ਤੇ ਮੈਨੂੰ ਯਕੀਨ ਹੈ ਕਿ
ਇਕ ਦਿਨ
ਇਹ ਮੇਰੀ ਮੁੱਠੀ 'ਚ ਹੋਵੇਗੀ।

## ਵਿਕਾਸ ਨੇ

ਸਾਡੀਆਂ ਬਾਂਹਾਂ ਵੱਢ
ਸਾਡੀ ਤਾਕਤ
ਮਸ਼ੀਨਾਂ ਨੂੰ
ਦੇ ਦਿੱਤੀ ਹੈ।

ਤੇ ਸਾਡੇ ਡੌਲੇ
ਜਿੰਮ ਰੂਪੀ ਬਾਜ਼ਾਰ
ਦੀ ਡੰਮੀ ਬਣਾ
ਪ੍ਰਦਰਸ਼ਿਤ ਕੀਤੇ ਜਾ ਰਹੇ ਨੇ।

## ਕਈਆਂ ਨੂੰ ਇਤਰਾਜ਼ ਹੈ ਕਿ

ਮੈਂ ਹਮੇਸ਼ਾ ਬਾਹਾਂ ਚੜ੍ਹਾ ਕੇ
ਰੱਖਦਾ ਹਾਂ।

ਸ਼ਾਇਦ ਉਹ ਇਹ ਨਹੀਂ ਜਾਣਦੇ ਕਿ
ਮੈਂ ਮਜ਼ਦੂਰ ਦਾ ਪੁੱਤ ਹਾਂ
ਜੋ ਹਮੇਸ਼ਾ ਮਿਹਨਤ ਲਈ ਵੀ
ਤਿਆਰ ਰਹਿੰਦਾ ਹੈ
ਤੇ
ਆਪਣੇ ਹੱਕ ਲਈ ਲੜਨ ਲਈ ਵੀ।

## ਸਮਾਂ ਬਦਲ ਗਿਆ ਹੈ

ਘਰੋਂ ਨਿਕਲਿਆ ਧੀਦੋ
ਵੰਝਲੀ ਚੁੱਕੇ,
ਚਾਹੇ ਨਾ ਚੁੱਕੇ!
ਪਰ
ਮੁੰਦਰਾਂ ਤੇ ਖੜਾਵਾਂ
ਜ਼ਰੂਰ ਲੈ ਕੇ ਤੁਰਦਾ ਹੈ।

ਕਿਉਂਕਿ ਉਹ ਜਾਣਦਾ ਹੈ ਕਿ
ਰਾਹ ਵਿੱਚ ਝੰਗ-ਸਿਆਲ ਜਾਂ
ਖੇੜੇ ਆਵਣ ਜਾਂ ਨਾ ਆਵਣ!

ਦਿੱਲੀ ਜ਼ਰੂਰ ਆਵੇਗੀ
ਜਿੱਥੇ ਹਜ਼ਾਰਾਂ ਹੀਰਾਂ
ਪਦਵੀ ਸਮੇਤ ਮਿਲਣਗੀਆਂ

ਜਿਥੇ ਵੱਗ ਹੇ ਹੇ ਹਾ ਹਾ
ਕਰਕੇ ਚਾਰਨ ਲਈ ਨਹੀਂ
ਸਿਰਫ਼ ਕੁਰਸੀ ਬਚਾਉਣ
ਲਈ ਹੋਣਗੇ!

ਜਿਥੇ ਸੈਦੇ ਦੋਵੇਂ ਅੱਖਾਂ ਅਤੇ
ਜ਼ੁਬਾਨ ਹੁੰਦਿਆਂ ਵੀ
'ਸਕੂਲ ਫਾਰ ਸੈਫਥੀ'
ਦੇ ਵਿਦਿਆਰਥੀ ਬਣ
ਅੰਨ੍ਹੇ-ਗੂੰਗੇ ਬਣੇ ਰਹਿੰਦੇ ਨੇ।

## ਉਹਨਾਂ ਨੂੰ

ਵਹਿਮ ਹੈ ਕਿ
ਹਵਾ....
ਉਨ੍ਹਾਂ ਕੈਦ ਕਰ
ਲਈ ਹੈ,

ਸੂਰਜ
ਉਨ੍ਹਾਂ ਦੇ
ਕਹਿਣ 'ਤੇ ਹੀ
ਅਗਾਂਹ ਪਿਛਾਂਹ
ਹੁੰਦਾ ਹੈ।

ਤੇ
ਧਰਤੀ ਦੀ
ਕੀ ਮਜ਼ਾਲ ਕਿ

ਉਨ੍ਹਾਂ ਦੇ
ਕਹੇ ਬਿਨਾਂ
ਟੱਸ ਤੋਂ
ਮੱਸ ਵੀ
ਹੋ ਜਾਵੇ।

ਮੂਰਖਾਂ
ਦੇ ਰਾਜ ਵਿੱਚ
ਏਦਾਂ ਹੀ...
ਹੁੰਦਾ ਹੈ।

## ਸਾਨੂੰ ਚੰਗਾ ਲਗਦਾ ਹੈ,

ਕੁਰੱਖਤ ਮੌਸਮਾਂ ਨੂੰ ਵੰਗਾਰਨਾ,
ਸੁੱਕੇ ਪੱਤਿਆਂ ਨੂੰ ਨਿਹਾਰਨਾ।

ਸਾਨੂੰ ਚੰਗਾ ਲਗਦਾ ਹੈ
ਰੁੱਤਾਂ ਦੇ ਐਨ ਵਿਪਰੀਤ ਚੱਲਣਾ,
ਜੂਨ ਦੀਆਂ ਧੁੱਪਾਂ 'ਚ ਹੋ ਸੀਤ ਚਲਨਾ।

ਸਾਨੂੰ ਚੰਗਾ ਲਗਦਾ ਹੈ
ਸੱਤਾ 'ਤੇ ਖਿੜ ਖਿੜਾ ਹੱਸਣਾ,
ਸੱਚ ਦੇ ਕੱਚ 'ਤੇ ਨੱਚਣਾ।

ਸਾਨੂੰ ਚੰਗਾ ਲਗਦਾ ਹੈ
ਮਹਿਲਾਂ ਦੀ ਉਚਾਣ ਨੂੰ ਟਿੱਚ ਕਰ ਜਾਣਨਾ
ਕੁੱਲੀਆਂ ਦੀ ਐਸ਼ ਨੂੰ ਮਾਣਨਾ।

ਸਾਨੂੰ ਚੰਗਾ ਲਗਦਾ ਹੈ
ਸਾਨੂੰ ਨਾਪਸੰਦ ਕਰਨ ਵਾਲਿਆਂ
ਦੀਆਂ ਅੱਖਾਂ ਵਿੱਚ ਰੜਕਣਾ।

ਅਸੀਂ ਜੱਗ ਦੀ ਚੰਗੀ ਬੁਰੀ
ਹੱਸ ਕੇ ਸਹਿਣ ਵਾਲੇ,
ਰੱਬ ਦੇ ਸ਼ਰੀਕ ਬਣ ਜੰਮੇ
ਆ।
ਦੁਨੀਆ ਸਾਡਾ ਕੀ

## ਸ਼ਹਿਰ ਦੀ

ਭੀੜ ਭਰੀ ਸੜਕ 'ਤੇ
ਇੱਕ ਕੱਟੀ ਹੋਈ
ਪਤੰਗ
ਤੇਜ਼ ਰਫਤਾਰ ਗੱਡੀਆਂ ਦੀ
ਛੂ-ਛੂ ਨਾਲ
ਏਧਰ ਓਧਰ ਭੜਕ ਰਹੀ ਸੀ!

ਕਾਗਜ਼ ਚੁਗਦਾ
ਇੱਕ ਬੱਚਾ ਆਇਆ

ਉਹ ਪਤੰਗ ਨੂੰ
ਡੋਰ ਤੋਂ ਫੜ
ਹਵਾ 'ਚ ਉਛਾਲ਼ਦਾ ਦੌੜਿਆ।
ਪਤੰਗ ਨੂੰ ਉਡਾਣ ਮਿਲੀ
ਤੇ ਬੱਚੇ ਨੂੰ ਮੁਸਕਾਨ।

## ਪਿੰਡ

ਉੱਜੜ ਕੇ
ਸ਼ਹਿਰ
ਮਜ਼ਦੂਰੀ
ਕਰਨ ਜਾਂਦਾ ਹੈ!

ਤੇ ਸ਼ਹਿਰ
ਬਚੇ-ਖੁਚੇ
ਪਿੰਡ ਨੂੰ
ਸਮੇਟਣ ਲਈ
ਪਿੰਡ ਵਿੱਚ
ਦੁਕਾਨਦਾਰੀ
ਕਰਦਾ ਹੈ।

*ਸੰਪਰਕ-95924-31999*

# ਫਰਜ਼ਾਂ ਤੋਂ ਭੱਜਿਆ ਮਨੁੱਖ

**ਪ੍ਰਤਾਪ 'ਪਾਰਸ' ਗੁਰਦਾਸਪੁਰੀ**

ਪ੍ਰਸਥਿਤੀਆਂ ਨਾਲ ਦੋ-ਚਾਰ ਹੁੰਦਾ ਹੋਇਆ ਏਥੋਂ ਤੱਕ ਪਹੁੰਚਿਆ ਹੈ। ਆਪਣੀਆਂ ਲੋੜਾਂ ਦੀ ਪੂਰਤੀ ਲਈ ਉਸ ਨੂੰ ਮਾੜੇ ਹਾਲਾਤ ਨਾਲ ਜੂਝਣਾ ਤਾਂ ਪਿਆ, ਪਰ ਮਨੁੱਖ ਨੇ ਕਦੇ ਗੋਡੇ ਨਹੀਂ ਟੇਕੇ, ਸਗੋਂ ਮਿਹਨਤ ਕਰਕੇ ਮਾੜੇ ਹਾਲਾਤ ਵਿਚੋਂ ਜੇਤੂ ਹੋ ਕੇ ਨਿਕਲਦਾ ਰਿਹਾ। ਉਹ ਮਨੁੱਖ ਜੋ ਆਪਣੇ-ਆਪ ਨੂੰ ਕਿਸੇ ਕਾਇਦੇ-ਕਾਨੂੰਨ ਵਿੱਚ ਬੰਨ੍ਹ ਕੇ ਰੱਖਦੇ ਸਨ, ਉਹ ਜ਼ਿਆਦਾ ਸਫਲ ਹੋਏ। ਅਸੀਂ ਕੁਦਰਤੀ ਸੋਮਿਆਂ ਵੱਲ ਝਾਤੀ ਮਾਰੀਏ ਤਾਂ ਇਹ ਨਦੀਆਂ, ਨਾਲ਼ੇ, ਦਰਿਆ ਵੀ ਕਿਸੇ ਦਾਇਰੇ ਵਿੱਚ ਹੀ ਵਹਿੰਦੇ ਸੋਭਦੇ ਹਨ। ਆਪ-ਹੁਦਰੇ ਹੋਏ ਪਾਣੀ ਵੀ ਨੁਕਸਾਨਦੇਹ ਹੀ ਸਾਬਤ ਹੁੰਦੇ ਹਨ। ਪਸ਼ੂ, ਪੰਛੀ, ਜੀਵ, ਜਨੌਰ ਨੂੰ ਵੀ ਜੇਕਰ ਨੀਝ ਲਾ ਕੇ ਵੇਖੀਏ ਤਾਂ ਉਹ ਵੀ ਕਿਸੇ ਕਾਇਦੇ, ਦਾਇਰੇ ਵਿੱਚ ਹੀ ਬੱਝੇ ਜਾਪਦੇ ਹਨ। ਮਨੁੱਖ ਜਿਉਂ-ਜਿਉਂ ਤਰੱਕੀ ਕਰਦਾ ਗਿਆ, ਇਸ ਦੇ ਦਿਲ-ਦਿਮਾਗ ਵਿੱਚ ਖੁੱਲ੍ਹਾਂ ਮਾਨਣ ਦੀ ਪ੍ਰਵਿਰਤੀ ਉਤਪੰਨ ਹੋਣ ਲੱਗ ਪਈ, ਜੋ ਵਕਤ ਦੇ ਵਹਾਅ ਨਾਲ ਪ੍ਰਬਲ ਹੋ ਗਈ। ਅਜੋਕੇ ਸਮੇਂ ਵਿੱਚ ਮਨੁੱਖ ਦੇ ਜੀਵਨ 'ਤੇ ਝਾਤ ਮਾਰੀਏ ਤਾਂ ਅੱਜ ਦਾ ਹਰ ਮਨੁੱਖ ਹਵਾ ਬਣਿਆ ਏਧਰ-ਓਧਰ ਹਰ ਪਾਸੇ ਖੁੱਲ੍ਹ ਖੇਡ ਮਾਨਣ ਦਾ ਧਾਰਨੀ ਬਣ ਗਿਆ ਹੈ। ਮਨੁੱਖ ਨੂੰ ਬੰਦਿਸ਼ਾਂ ਵਿੱਚ ਰਹਿਣਾ ਗਵਾਰਾ ਨਹੀਂ, ਉਹ ਹਰ ਖੇਤਰ ਵਿੱਚ ਅੱਗੇ ਤੋਂ ਅੱਗੇ ਜਾ ਕੇ ਦੇਖਣਾ ਚਾਹੁੰਦਾ ਹੈ। ਮਨ ਵਿੱਚ ਟਿਕਾਓ ਨਾਂਅ ਦੀ ਚੀਜ਼ ਦਿਖਾਈ ਨਹੀਂ ਦੇ ਰਹੀ। ਜੇਕਰ ਪੜ੍ਹਿਆ-ਲਿਖਿਆ ਮਨੁੱਖ ਤਰੱਕੀ ਦੀ ਰਾਹ 'ਤੇ ਤੁਰਦਾ ਵਿਗਿਆਨ ਵਿੱਚ ਖੋਜ-ਦਰ-ਖੋਜ ਕਰਦਾ ਅਗਾਂਹ ਤੁਰਦਾ ਹੈ ਤਾਂ ਉਸ ਨਾਲ ਸਮਾਜ, ਦੇਸ਼ ਜਨਤਾ ਦੀ ਤਰੱਕੀ ਹੁੰਦੀ ਹੈ।ਜੇਕਰ ਸਮਾਜ ਵਿਚਲਾ ਅਗਿਆਨੀ ਮਨੁੱਖ ਬਿਨਾਂ ਕਿਸੇ ਮੰਜ਼ਲ, ਟੀਚੇ ਦੇ ਫੋਕੀ ਸ਼ੋਹਰਤ ਨੂੰ ਲੈ ਕੇ ਛਾਲਾਂ ਮਾਰਦਾ ਅੱਗੇ ਤੋਂ ਅੱਗੇ ਦੌੜਦਾ ਹੈ ਤਾਂ ਅਜਿਹਾ ਮਨੁੱਖ ਸਮਾਜ ਵਿੱਚ ਵਿਗਾੜ ਪੈਦਾ ਕਰਦਾ ਹੈ। ਅਕਸਰ ਸਮਾਜ ਵਿੱਚ ਆਮ ਇਨਸਾਨ ਔਖੇ ਕੰਮ ਦੀ ਨਕਲ ਨਹੀਂ ਕਰ ਸਕਦਾ ਪਰ ਸੌਖੇ ਕੰਮ ਦੀ ਨਕਲ ਬਹੁਤ ਜਲਦੀ ਕਰਨੀ ਸਿੱਖ ਲੈਂਦਾ ਹੈ। ਅੱਜ ਦਾ ਮਨੁੱਖ ਆਪਣੀ ਜੀਵਨਸ਼ੈਲੀ ਹੀ ਬਦਲ ਬੈਠਾ ਹੈ। ਜੇਕਰ ਇੱਕ ਸਧਾਰਨ ਮਨੁੱਖ ਆਪਣੇ ਦਿਨ ਦੀ ਸ਼ੁਰੂਆਤ ਤੋਂ ਲੈ ਕੇ ਰਾਤ ਤੱਕ ਕੀਤੇ ਕਾਰਜਾਂ 'ਤੇ ਝਾਤੀ ਮਾਰੇ ਤਾਂ ਉਹ ਸਹਿਜੇ ਹੀ ਆਪਣੇ ਵਿਚ ਸੁਧਾਰ ਲਿਆਉਣ ਬਾਰੇ ਸੋਚ ਸਕਦਾ ਹੈ। ਅੱਜ ਦਾ ਆਮ ਮਨੁੱਖ ਵੀ ਰਾਤ ਲੇਟ ਸੌਣ ਅਤੇ ਸਵੇਰੇ ਲੇਟ ਉੱਠਣ ਦਾ ਆਦੀ ਹੋ ਚੁੱਕਾ ਹੈ। ਇਸ ਤੋਂ ਅੱਗੇ ਅੱਜ ਦੇ ਮਨੁੱਖ ਨੂੰ ਦੇਰ ਰਾਤ ਤੱਕ ਮੋਬਾਈਲ ਚਲਾਉਣ ਦੀ ਭੈੜੀ ਲਤ ਵੀ ਨਹੀਂ ਸੌਣ ਦਿੰਦੀ। ਲੇਟ ਘਰ ਆਉਣਾ, ਲੇਟ ਜਾਗਣਾ ਵੀ ਅੱਜ-ਕੱਲ੍ਹ ਜਿਵੇਂ ਸਟੇਟਸ ਸਿੰਬਲ ਹੀ ਬਣਿਆ ਹੋਇਆ ਹੈ। ਕੰਮ-ਕਾਜ, ਡਿਊਟੀ ਨੌਕਰੀ 'ਤੇ ਜਾਣ ਵੇਲੇ ਘਰ ਤੋਂ ਲੇਟ ਤੁਰਿਆ ਮਨੁੱਖ ਰਸਤੇ ਵਿੱਚ ਜਾਂਦਿਆਂ ਟਰੈਫਿਕ ਲਾਈਟਾਂ ਨੂੰ ਕਰਾਸ ਕਰਦਾ ਆਪਣੀ ਅਤੇ ਬਾਕੀਆਂ ਦੀ ਜਾਨ ਜੋਖਮ ਵਿਚ ਪਾਉਂਦਾ ਕੰਮ, ਦਫ਼ਤਰ 'ਤੇ ਲੇਟ ਪਹੁੰਚਣ ਕਰਕੇ ਬੌਸ ਨਾਲ ਤਲਖੀ ਭਰਿਆ ਮਹੌਲ ਆਪ ਸਿਰਜ ਲੈਂਦਾ ਹੈ।ਇਸ ਕਰਕੇ ਮਨ ਵਿੱਚ ਟਿਕਾਅ ਨਾ ਆਉਣਾ ਸੁਭਾਵਿਕ ਹੀ ਹੈ। ਇਸ ਤੋਂ ਕੁਝ ਸਬਕ ਸਿੱਖ ਕੇ ਆਪਣੇ-ਆਪ ਵਿੱਚ ਆਈਆਂ ਕਮੀਆਂ ਨੂੰ ਦੂਰ ਕੀਤਾ ਜਾ ਸਕਦਾ ਹੈ।

ਮਨੁੱਖ ਦੇ ਜੀਵਨ ਵਿੱਚ ਆਪਸੀ ਪ੍ਰੇਮ-ਮੁਹੱਬਤ ਨਫਰਤਾਂ ਵਿੱਚ ਬਦਲ ਚੁੱਕਾ ਹੈ ਇਨਸਾਨ, ਇਨਸਾਨ ਦੀ ਧੌਣ 'ਤੇ ਪੈਰ ਧਰ ਕੇ ਅਗਲੀ ਮੰਜ਼ਲ 'ਤੇ ਪਹੁੰਚਣਾ ਚਾਹ ਰਿਹਾ ਹੈ।ਮਨੁੱਖ ਵਿੱਚ ਸਵਾਰਥਵਾਦ ਭਾਰੂ ਹੋ ਚੁੱਕਾ ਹੈ, ਇਸ ਨੂੰ ਆਪਣੇ-ਆਪ ਤੋਂ ਇਲਾਵਾ ਜਾਂ ਆਪਣੇ ਬੱਚਿਆਂ, ਪਰਵਾਰ ਤੋਂ ਅੱਗੇ ਕੁਝ ਦਿਖਾਈ ਨਹੀਂ ਦਿੰਦਾ। ਜੇਕਰ ਕੋਈ ਨੇੜਲਾ ਵਿਅਕਤੀ ਤਰੱਕੀ ਕਰ ਰਿਹਾ ਹੋਵੇ ਤਾਂ ਉਹ ਮਨੁੱਖ ਤੋਂ ਜਰਿਆ ਨਹੀਂ ਜਾਂਦਾ। ਉਸ ਦੇ ਰਾਹਾਂ ਵਿੱਚ ਕੰਡੇ ਸੁੱਟਣ ਤੋਂ ਵੀ ਕਦੇ ਗੁਰੇਜ਼ ਨਹੀਂ ਕਰਦਾ। ਹਰ ਵੇਲੇ ਉਸ ਦਾ ਰਾਹ ਰੋਕਣ ਲਈ ਤੱਤਪਰ ਰਹਿੰਦਾ ਹੈ। ਮਨੁੱਖ, ਮਨੁੱਖ ਦਾ ਵੈਰੀ ਬਣਿਆ ਬੈਠਾ ਹੈ। ਇਸ ਦੇ ਉਲਟ ਪਸ਼ੂ, ਪੰਛੀ ਆਪਸ ਵਿੱਚ ਪਿਆਰ ਨਾਲ ਜੀਵਨ ਬਤੀਤ ਕਰ ਰਹੇ ਹਨ। ਮਨੁੱਖ ਨਫਰਤ ਦੀ ਅੱਗ ਵਿੱਚ ਸੜ ਰਿਹਾ ਹੈ।

ਜਿਨ੍ਹਾਂ ਆਗੂਆਂ ਸਿਰ ਇਹਨਾਂ ਕੁਰੀਤੀਆਂ ਨੂੰ ਦੂਰ ਕਰਨ ਦੀ ਜ਼ਿੰਮੇਵਾਰੀ ਲਗਾ ਕੇ ਅਸੀਂ ਤਖਤਾਂ 'ਤੇ ਬਿਠਾਉਂਦੇ ਹਾਂ, ਉਹ ਲੋਕ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੂੰਹ ਘੁਮਾਈ ਬੈਠੇ ਹਨ। ਉਹ ਸਿਰਫ ਤੇ ਸਿਰਫ ਪੈਸਾ ਕਮਾਉਣ ਜਾਂ ਆਪਣੀਆਂ ਤਾਕਤਾਂ ਨੂੰ ਸਥਿਰ ਰੱਖਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾਉਣ ਤੋਂ ਬਿਨਾਂ ਕੋਈ ਕਾਰਜ ਕਰਦੇ ਨਹੀਂ ਦਿਸਦੇ। ਸਿਆਸਤ ਦਾ ਮਿਆਰ ਬਹੁਤ ਡਿੱਗ ਚੁੱਕਾ ਹੈ। ਅਸੀਂ ਬਜ਼ੁਰਗਾਂ ਤੋਂ ਸੁਣਿਆ ਕਰਦੇ ਸੀ ਕਿ ਪਹਿਲੇ ਵੇਲੇ ਸਿਆਸੀ ਲੋਕ ਇੱਕ-ਦੂਜੇ ਦੇ ਵਿਰੁੱਧ ਚੋਣ ਲੜਦੇ ਸਮੇਂ ਇੱਕ ਗੱਡੀ ਵਿੱਚ ਹੀ ਜਾਇਆ ਕਰਦੇ ਸਨ। ਉਹ ਹਲਕੇ ਵਿੱਚ ਜਾ ਕੇ ਆਪਣੀਆਂ ਅਤੇ ਆਪਣੀ ਪਾਰਟੀ ਦੀਆਂ ਨੀਤੀਆਂ ਦੇ ਨਾਲ-ਨਾਲ ਕੀਤੇ ਕਾਰਜ ਦੱਸਿਆ ਕਰਦੇ ਸਨ। ਮਨੁੱਖ ਵਿੱਚ ਕਿਤੇ ਨਾ ਕਿਤੇ ਠਹਿਰਾਓ, ਸਿਦਕ, ਜ਼ਮੀਰ, ਕਿਰਦਾਰ, ਅਪਣੱਤ, ਸੰਸਕਾਰ, ਅੱਖਾਂ ਦੀ ਸ਼ਰਮ, ਮੋਹ-ਲਿਹਾਜ਼ ਹੋਇਆ ਕਰਦਾ ਸੀ। ਇਸ ਦੇ ਉਲਟ ਅੱਜ ਦੇ ਸਿਆਸੀ ਲੋਕ ਇੱਕ-ਦੂਸਰੇ ਦੇ ਪੋਤੜੇ ਤੱਕ ਫਰੋਲਣ ਤੋਂ ਗੁਰੇਜ਼ ਨਹੀਂ ਕਰਦੇ। ਉਹ ਕਿਹੜਾ ਇਲਜ਼ਾਮ ਹੈ, ਜੋ ਅੱਜ ਦਾ ਸਿਆਸੀ ਨੇਤਾ ਦੂਸਰੇ ਨੇਤਾ 'ਤੇ ਨਹੀਂ ਲਗਾ ਰਿਹਾ। ਸੋਚਣ ਵਾਲੀ ਗੱਲ ਇਹ ਹੈ ਕਿ ਜਿਹੜੇ ਨੇਤਾ ਸਾਡੇ ਰੋਲ ਮਾਡਲ ਹਨ, ਉਹ ਸਾਨੂੰ ਕੀ ਸੇਧ ਦੇ ਰਹੇ ਹਨ। ਇਹ ਬਹੁਤ ਗੰਭੀਰ ਮੁੱਦਾ ਹੈ, ਜੋ ਵਿਚਾਰਨਾ ਬਣਦਾ ਹੈ।

ਓਧਰ ਬੰਦਿਸ਼ਾਂ ਵਿੱਚ ਰਹਿਣਾ ਕਿਸੇ ਮਨੁੱਖ ਨੂੰ ਚੰਗਾ ਨਹੀਂ ਲੱਗਦਾ। ਪਰਵਾਰਾਂ ਵਿੱਚ ਵੀ ਇਸ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ, ਇਸੇ ਕਰਕੇ ਸਾਂਝੇ ਪਰਵਾਰ ਟੁੱਟ ਰਹੇ ਹਨ। ਸਾਂਝੇ ਪਰਵਾਰ ਨਾਲੋਂ ਟੁੱਟਿਆ ਮਨੁੱਖ ਮਾਨਸਿਕ ਤੌਰ 'ਤੇ ਬਿਮਾਰ ਹੈ, ਕਿਉਂਕਿ ਉਸ ਦੇ ਬੱਚੇ ਉਸ ਦੇ ਕਹਿਣੇ ਤੋਂ ਬਾਹਰ ਹੁੰਦੇ ਜਾ ਰਹੇ ਹਨ। ਮਨੁੱਖੀ ਅਧਿਕਾਰਾਂ ਦੀ ਦੁਰਵਰਤੋਂ ਹੋ ਰਹੀ ਹੈ। ਮਾਂ-ਬਾਪ ਵੀ ਬੇਵੱਸ ਹੋਏ ਬੱਚਿਆਂ ਦੇ ਨਾਲ ਨਾ ਚਾਹੁੰਦੇ ਹੋਏ ਵੀ ਹਾਂ ਵਿੱਚ ਹਾਂ ਮਿਲਾਉਣ ਲਈ ਮਜਬੂਰ ਹਨ। ਜ਼ਿਆਦਾਤਰ ਬੱਚੇ ਆਜ਼ਾਦੀ ਦੇ ਨਾਂਅ 'ਤੇ ਹੀ ਖਰਾਬ ਹੋ ਰਹੇ ਹਨ, ਜਿਸ ਦਾ ਖ਼ਮਿਆਜ਼ਾ ਉਨ੍ਹਾਂ ਦੇ ਮਾਪੇ ਭੁਗਤ ਰਹੇ ਹਨ। ਵੇਖਣ ਵਿੱਚ ਇਹ ਵੀ ਆਇਆ ਹੈ ਕਿ ਬੁਰੀ ਸੰਗਤ ਦੀ ਲਪੇਟ ਵਿੱਚ ਵੀ ਵੱਧ ਤੋਂ ਵੱਧ ਮੱਧ ਵਰਗੀ ਪਰਵਾਰਾਂ ਦੇ ਬੱਚੇ ਹੀ ਆ ਰਹੇ ਹਨ।

ਮਨੁੱਖ ਪੈਸੇ ਦੇ ਲਾਲਚ ਵੱਸ ਹੋਇਆ ਇਹ ਭੁੱਲਦਾ ਜਾ ਰਿਹਾ ਹੈ ਕਿ ਕੁਦਰਤ ਨਾਂਅ ਦੀ ਵੀ ਕੋਈ ਚੀਜ਼ ਹੈ। ਮਨੁੱਖ ਕੁਦਰਤ ਵੱਲੋਂ ਮਿਲੇ ਨਜ਼ੀਮ ਤੋਹਫ਼ੇ ਪਰਬਤਾਂ, ਪਹਾੜਾਂ ਨੂੰ ਤੋੜ ਕੇ ਕਾਇਨਾਤ ਦੀ ਸੁੰਦਰਤਾ ਨੂੰ ਵਿਗਾੜਨ ਦੇ ਨਾਲ-ਨਾਲ ਕੁਦਰਤ ਨਾਲ ਵੀ ਟੱਕਰ ਲੈ ਰਿਹਾ ਹੈ ਅਤੇ ਆਪਣੀ ਹੋਂਦ ਨੂੰ ਵੀ ਖਤਰਾ ਪੈਦਾ ਕਰ ਰਿਹਾ ਹੈ। ਦਰਿਆਵਾਂ, ਨਹਿਰਾਂ, ਨਾਲਿਆਂ ਨੂੰ ਮੁਕਾਉਣ ਦੇ ਰਾਹ ਤੁਰਿਆ ਹੋਇਆ ਹੈ। ਦਰਿਆਵਾਂ ਹੇਠਲੀ ਜ਼ਮੀਨ ਨੂੰ ਆਪਣੇ ਕਬਜ਼ੇ ਵਿੱਚ ਕਰ ਰਿਹਾ ਹੈ। ਇਨਸਾਨ ਇਸ ਪੈਸੇ ਪਿੱਛੇ ਲੱਗਾ ਧਰਤੀ ਦੀ ਹਿੱਕ ਪਾੜ ਕੇ ਉਸ ਵਿੱਚੋਂ ਕੀਮਤੀ ਖਣਿਜ ਕੱਢਣ ਦੇ ਚੱਕਰ ਵਿੱਚ ਅਤੇ ਕਾਲਾ ਬਾਜ਼ਾਰੀ ਦੀ ਦੌੜ ਵਿਚ ਉਹ ਲਗਾਤਾਰ ਨਜਾਇਜ਼ ਮਾਈਨਿੰਗ ਕਰ ਰਿਹਾ ਹੈ, ਜਿਸ 'ਤੇ ਕਿਸੇ ਸ਼ਾਸਨ, ਪ੍ਰਸ਼ਾਸਨ ਦਾ ਕਿਤੇ ਕੋਈ ਕੁੰਡਾ ਨਹੀਂ ਜਾਪਦਾ, ਜਿਸ ਦਾ ਕਾਰਨ ਮਿਲੀਭੁਗਤ ਹੀ ਸਮਝਿਆ ਜਾ ਸਕਦਾ ਹੈ।

ਜੰਗਲਾਂ ਦਾ ਰਕਬਾ ਘਟਦਾ ਜਾ ਰਿਹਾ ਹੈ। ਦਰੱਖਤ ਲਗਾਤਾਰ ਕੱਟੇ ਜਾ ਰਹੇ ਹਨ, ਜਿਸ ਨਾਲ ਤਾਪਮਾਨ 'ਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ, ਜੋ ਆਉਣ ਵਾਲੇ ਸਮੇਂ ਵਿੱਚ ਹੋਰ ਘਾਤਕ ਹੋਣ ਦੇ ਆਸਾਰ ਹਨ। ਧਰਤੀ ਵਿੱਚੋਂ ਬੇ-ਤਹਾਸ਼ਾ ਪਾਣੀ ਦਾ ਨਿਕਲਣਾ ਵੀ ਖਤਰੇ ਦੀ ਘੰਟੀ ਹੈ। ਬੇਸ਼ੱਕ ਇਸ ਵਰਤਾਰੇ ਪਿੱਛੇ ਸਾਡੇ ਖੇਤੀਬਾੜੀ ਮਾਹਰ ਕਸੂਰਵਾਰ ਹਨ, ਜੋ ਸਮੇਂ-ਸਮੇਂ, ਪਰ ਜ਼ਿਆਦਾ ਪਾਣੀ ਨਾਲ ਪੈਦਾ ਹੋਣ ਵਾਲੀਆਂ ਫਸਲਾਂ ਦੇ ਬਦਲ ਨਹੀਂ ਦੇ ਸਕੇ। ਇਸ ਦੇ ਪਿੱਛੇ ਕਿਤੇ ਨਾ ਕਿਤੇ ਸਮੇਂ ਦੀਆਂ ਸਰਕਾਰਾਂ ਵੀ ਦੋਸ਼ੀ ਰਹੀਆਂ ਹਨ, ਜਿਨ੍ਹਾਂ 'ਤੇ ਕਿਸਾਨਾਂ ਨੂੰ ਹੋਰ ਆਰਥਿਕ ਮਦਦ ਕਰਨ ਦੀ ਬਜਾਏ ਕਿਸਾਨ ਨੂੰ ਸਿੱਧੇ ਤੌਰ 'ਤੇ ਬਿਜਲੀ ਮੋਟਰਾਂ ਦੇ ਬਿੱਲ ਬਿਲਕੁੱਲ ਮਾਫ ਕਰਕੇ ਦਿਨ-ਰਾਤ ਮੋਟਰਾਂ ਚਲਾਉਣ ਦੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਖੁੱਲ੍ਹ ਦੇ ਦਿੱਤੀ ਹੋਈ ਹੈ, ਜਿਸ ਨਾਲ ਪੰਜਾਬ ਰਾਜ ਬਿਜਲੀ ਬੋਰਡ ਦੀ ਆਰਥਿਕ ਹਾਲਤ ਵੀ ਤਰਸਯੋਗ ਬਣੀ ਹੋਈ ਹੈ। ਜੇਕਰ ਸਰਕਾਰਾਂ ਇਸ ਨੂੰ ਲੈ ਕੇ ਚਿੰਤਤ ਹੋਣ ਤਾਂ ਕਿਸਾਨਾਂ ਨੂੰ ਇਹਨਾਂ ਬਿਜਲੀ ਦੇ ਬਿੱਲਾਂ ਬਦਲੇ ਸਿੱਧੇ ਤੌਰ 'ਤੇ ਆਰਥਿਕ ਪੈਕੇਜ ਵੱਖਰੇ ਤੌਰ 'ਤੇ ਦੇ ਸਕਦੀ ਹੈ, ਜਿਸ ਨਾਲ ਪੰਜਾਬ ਰਾਜ ਬਿਜਲੀ ਬੋਰਡ ਮਹਿਕਮੇ ਦਾ ਦਿਵਾਲਾ ਨਿਕਲਣ ਤੋਂ ਬਚਾਇਆ ਜਾ ਸਕਦਾ ਹੈ।

ਕਿਸੇ ਜਗ੍ਹਾ 'ਤੇ ਤੁਹਾਡਾ ਬੋਲਣਾ ਗੁਨਾਹ ਹੋ ਸਕਦਾ ਹੈ, ਪਰ ਬੋਲਣ ਵਾਲੀ ਜਗ੍ਹਾ 'ਤੇ ਨਾ ਬੋਲਣਾ ਵੀ ਪਾਪ ਹੁੰਦਾ ਹੈ।ਇਹ ਸਾਰੀਆਂ ਕਮੀਆਂ, ਕਮਜ਼ੋਰੀਆਂ ਨੂੰ ਵੇਖ ਕੇ ਕਲਮ ਦਾ ਚੁੱਪ ਰਹਿਣਾ ਬਹੁਤ ਵੱਡਾ ਦੁਖਾਂਤ ਰਿਹਾ ਹੈ। ਇਹ ਕਲਮ ਕਿਸੇ ਲੇਖਕ ਦੇ ਹੱਥ ਵਿਚ ਹੋਵੇ, ਕਿਸੇ ਪੱਤਰਕਾਰ ਦੇ ਹੱਥ ਵਿਚ ਜਾਂ ਕਿਸੇ ਇਨਸਾਫ ਕਰਨ ਵਾਲੇ ਦੇ ਹੱਥ ਵਿਚ ਹੋਵੇ ਜੇਕਰ ਉਹ ਆਪਣਾ ਧਰਮ ਨਹੀਂ ਨਿਭਾਉਂਦੀ ਤਾਂ ਸਮਾਜ ਵਿਚ ਅਸਥਿਰਤਾ ਪੈਦਾ ਹੋਵੇਗੀ। ਮੁੱਢ-ਕਦੀਮ ਤੋਂ ਦਰਬਾਰੀ ਹੋਣ ਦੀ ਧਾਰਨਾ ਮਨੁੱਖ ਦੇ ਮਨ ਵਿਚ ਪਲਦੀ ਰਹੀ ਹੈ, ਜੋ ਸਮਿਆਂ ਦੇ ਨਾਲ ਹੋਰ ਪ੍ਰਫੁੱਲਤ ਹੋਈ ਜਾਪਦੀ ਹੈ। ਇਹ ਸਭ ਵਰਤਾਰਾ ਵਾਪਰਦਾ ਰਿਹਾ, ਪਰ ਕਲਮ ਨੇ ਜਾਗਰੂਕਤਾ ਕਿਉਂ ਨਾ ਪੈਦਾ ਕੀਤੀ। ਸਰਕਾਰੇ-ਦਰਬਾਰੇ ਕਿਉਂ ਨਾ ਹਾਲ-ਦੁਹਾਈ ਪਾਈ? ਕਲਮ ਹਮੇਸ਼ਾ ਤਲਵਾਰ ਨਾਲੋਂ ਜ਼ਿਆਦਾ ਤਾਕਤਵਰ ਮੰਨੀ ਗਈ ਹੈ। ਇਸ ਲਈ ਮਨੁੱਖ ਦੇ ਸੁਭਾਅ ਵਿਚ ਆਈ ਇਹ ਸੁਆਰਥ ਅਤੇ ਮਾੜੀ ਪ੍ਰਵਿਰਤੀ ਲਈ ਕਲਮ ਵੀ ਕਿਤੇ ਨਾ ਕਿਤੇ ਦੋਸ਼ੀ ਮੰਨੀ ਜਾਵੇਗੀ, ਜੋ ਸੱਚ ਲਿਖਣ ਦੀ ਥਾਂ ਮਾਨਾਂ-ਸਨਮਾਨਾਂ ਲਈ ਹੀ ਤਹਿਰੀਰਾਂ ਲਿਖ ਕੇ ਤਦਬੀਰਾਂ ਘੜਦੀ ਰਹੀ।

ਅਖੀਰ ਵਿੱਚ ਇਹੀ ਵਿਚਾਰਨਾ ਬਣਦਾ ਹੈ ਕਿ ਕੁਦਰਤ ਨੇ ਮਨੁੱਖ ਨੂੰ ਕਦੇ ਓਨਾ ਅਵਾਜਾਰ ਨਹੀਂ ਕੀਤਾ, ਜਿੰਨਾ ਮਨੁੱਖ ਨੇ ਕੁਦਰਤ ਦੇ ਸੋਮਿਆਂ ਨਾਲ ਛੇੜਛਾੜ ਕਰਕੇ ਕੁਦਰਤ ਨੂੰ ਕਈ ਚੈਲੰਜ ਦਿੱਤੇ ਹਨ, ਜਿਸ ਦੇ ਨਤੀਜੇ ਅਸੀਂ ਅੱਜ ਭੁਗਤ ਵੀ ਰਹੇ ਹਾਂ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਘਾਤਕ ਨਤੀਜਿਆਂ ਦਾ ਸਾਹਮਣਾ ਕਰਨਾ ਪਵੇਗਾ।ਸੋ ਸਾਨੂੰ ਸਮਾਂ ਰਹਿੰਦਿਆਂ ਮੌਜੂਦਾ ਅਤੇ ਆਉਣ ਵਾਲੇ ਸਮੇਂ ਨੂੰ ਮੁੱਖ ਰੱਖਦਿਆਂ ਇਸ ਸੱਚ ਦੇ ਰੂ-ਬ-ਰੂ ਹੋਣਾ ਚਾਹੀਦਾ ਹੈ।

ਸਿਆਣਪ ਵਰਤਦਿਆਂ ਸਰਕਾਰਾਂ ਨੂੰ ਪਿੰਡਾਂ, ਸ਼ਹਿਰਾਂ, ਕਸਬਿਆਂ, ਜ਼ਿਲ੍ਹਿਆਂ ਅਤੇ ਸੂਬੇ ਪੱਧਰ 'ਤੇ ਸੂਝਵਾਨਾਂ, ਬੁੱਧੀਜੀਵੀਆਂ, ਵਿਦਵਾਨਾਂ, ਸਾਇੰਸਦਾਨਾਂ ਦੀਆਂ ਕਮੇਟੀਆਂ ਗਠਿਤ ਕਰਨੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਵੱਲੋਂ ਦਿੱਤੇ ਸੁਝਾਵਾਂ ਅਨੁਸਾਰ ਹਰ ਖੇਤਰ ਵਿੱਚ ਨਵੀਆਂ ਰਾਹਾਂ 'ਤੇ ਸੁਹਿਰਦਤਾ ਨਾਲ ਕਦਮ ਉਠਾ ਕੇ ਆਉਣ ਵਾਲਾ ਕੱਲ੍ਹ ਸੁਰੱਖਿਅਤ ਕਰਨਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਮਨੁੱਖੀ ਹੋਂਦ ਨੂੰ ਖ਼ਤਰੇ ਵਿਚ ਪਾਉਣ ਦਾ ਦੋਸ਼ ਸਾਡੇ 'ਤੇ ਨਾ ਮੜ੍ਹ ਸਕਣ।

**ਸੰਪਰਕ : 99888-11681**

# ਚਕਰ ਵਾਲਾ ਬੰਤ ਅੰਕਲ!

**ਦੁਖਦਾ ਪੰਨਾ-3**

**ਨਿੰਦਰ ਘੁਗਿਆਣਵੀ**

ਫੋਟੂਆ ਫੋਲ ਰਿਹਾ ਹਾਂ ਕਿ ਇਕ ਤਸਵੀਰ ਨੇ ਧਿਆਨ ਖਿੱਚਿਆ ਹੈ। ਇਹ ਤਸਵੀਰ 2001 ਦੀ ਹੈ, ਲਗਪਗ 25 ਸਾਲ ਪਹਿਲੇ ਦੀ, ਤੇ ਮੇਰੀ ਪਹਿਲੀ ਕੈਨੇਡਾ ਫੇਰੀ ਦੀ, ਵੈਨਕੂਵਰ ਦੀ। ਮੇਰੇ ਨਾਲ ਅੰਕਲ ਬੰਤ ਸਿੱਧੂ (ਚਕਰ ਵਾਲਾ) ਖੜਾ ਹੈ। ਬੰਤ ਸਿੱਧੂ ਐਬਟਸਫੋਰਡ ਰਹਿੰਦਾ ਸੀ ਆਪਣੇ ਵੱਡੇ ਫਾਰਮ ਹਾਊਸ ਵਿੱਚ, ਜੋ ਐਬਟਸਫੋਰਡ ਦੀ ਨਿੱਕੀ ਪਿਆਰੀ ਜਿਹੀ ਏਅਰ ਪੋਰਟ ਦੇ ਜਵਾਂ ਈ ਨਾਲ ਪੈਂਦਾ। ਜਹਾਜ ਉਡਦੇ ਲਹਿੰਦੇ ਰਹਿੰਦੇ ਕਾਵਾਂ ਚਿੜੀਆਂ ਵਾਂਗ। ਬੜਾ ਮਨ ਮੋਂਹਦੇ।

ਹਰ ਸਾਲ ਅਗਸਤ ਮਹੀਨੇ ਇਥੇ ਜਹਾਜਾਂ ਜਾ ਅੰਤਰਰਾਸ਼ਟਰੀ ਮੇਲਾ ਲਗਦਾ। ਦੁਨੀਆਂ ਭਰ ਦੇ ਜਹਾਜ ਇਥੇ ਆ ਕੇ ਆਸਮਾਨ ਮੱਲ ਲੈਂਦੇ। ਜਹਾਜਾਂ ਦੀ ਘੂਕਰ ਨਾਲ ਲਾਗਲੇ ਫਾਰਮ ਅੱਕਦੇ ਥੱਕਦੇ ਨਹੀ ਸਨ ,ਸਗੋਂ ਜਹਾਜਾਂ ਦੀ ਘੂਕਰ ਨੂੰ ਇੰਨਜਾਏ ਕਰਦੇ ਰਹਿੰਦੇ। ਪੰਛੀ ਜਹਾਜਾਂ ਨਾਲ ਖੇਲਦੇ ਦਿਸਦੇ।

ਜਾਹਜ਼ਾਂ 'ਤੇ ਜਹਾਜਣੀਆਂ ਦਾ ਇਕ ਮੇਲਾ ਮੈਂ ਵੀ ਦੇਖਿਆ ਇਥੇ। ਮੇਰਾ ਬੜਾ ਜੀਅ ਲੱਗਿਆ ਬੰਤ ਅੰਕਲ ਦੇ ਫਾਰਮ ਉਤੇ। ਮੈਂ ਵੱਡੇ ਸ਼ੀਸ਼ੇ ਦੀ ਕੰਧ ਕੋਲ ਕੁਰਸੀ ਉਤੇ ਬੈਠਾ ਕੁਝ ਲਿਖਦਾ ਰਹਿੰਦਾ,ਏਹ ਦੇਖ ਅੰਕਲ ਬੜਾ ਖੁਸ਼ ਹੁੰਦਾ ਤੇ ਆਖਦਾ, 'ਓ ਵਾਹ ਵਾਹ ਬਈ ਤੂੰਬੀ ਮਾਸਟਰ, ਨਹੀ ਰੀਸਾਂ ਤੇਰੀਆਂ।'

ਆਥਣੇ ਨਿੱਤ ਬੰਦੇ ਜੁੜਦੇ ਆਲੇ ਦੁਆਲੇ ਦੇ ਫਾਰਮਾਂ ਦੇ ਮਾਲਕ, ਕੈਨੇਡੀਅਨ ਪੰਜਾਬੀ ਕਿਰਸਾਨ। ਬੋਤਲਾਂ ਖੁੱਲਦੀਆਂ। ਬਾਰ ਬੀਕੀਊ ਬਣਦਾ। ਤੂੰਬੀ ਟੁਣਕਦੀ।ਮੇਰੀ ਜੇਬ ਡਾਲਰਾਂ ਨਾਲ ਭਰਦੀ।ਸੁਰਜੀਤ ਆਂਟੀ ਮਹਾਂ ਛੋਲਿਆਂ ਦੀ ਦਾਲ ਤੇ ਤਰੀ ਵਾਲਾ ਚਿਕਨ ਧਰਦੀ। ਰਸੋਈ ਮਹਿਕਦੀ। ਗਲਾਸੀਆਂ ਖੜਕਦੀਆਂ।ਖੈਰ! ਬੰਤ ਅੰਕਲ ਦਾ ਤਕੀਆ ਕਲਾਮ ਸੀ, 'ਵਧ ਕੇ ਐ ਬਈ ਵਧ ਕੇ ਐ।' ਜੇ ਸੁਰਜੀਤ ਆਂਟੀ ਪੁਛਦੀ, 'ਚਿਕਨ ਕਿਵੇਂ ਦਾ ਬਣਿਆ?' ਬੰਤ ਅੰਕਲ ਨੇ ਕਹਿਣਾ, 'ਵਧ ਕੇ ਐ ਸੁਰਜੀਤ ਵਧ ਕੇ।' ਕਿਸੇ ਵੀ ਚੀਜ ਦੀ ਉਹ ਜਦ ਤਾਰੀਫ ਕਰਦਾ ਤਾਂ ਆਖਦਾ, 'ਬਈ, ਵਧ ਕੇ ਐ ਬੀ ਵਧ ਕੇ।'

* * * *

ਸੰਨ 2005 ਵਿਚ ਬੰਤ ਅੰਕਲ ਚੱਲ ਵਸਿਆ। ਮੈਂ ਟੋਰਾਂਟੋ ਸਾਂ। ਬੰਤ ਅੰਕਲ ਦੇ ਗਰਾਈਂ ਤੇ ਖੇਡ ਲੇਖਕ ਪ੍ਰਿੰ ਸਰਵਣ ਸਿੰਘ ਨੇ ਇਹ ਖਬਰ ਭਰੇ ਮਨ ਨਾਲ ਦੱਸੀ ਸੀ। ਬੜੇ ਵਾਰੀ ਅੰਕਲ ਦੇ ਫਾਰਮ ਗਿਆ ਹਾਂ।ਇਹ ਫਾਰਮ ਦਿਲ 'ਚੋਂ ਕਦੇ ਨਾ ਨਿਕਲਿਆ ਮੇਰੇ। ਜਦ ਅੰਕਲ ਦੇ ਫੁਲ ਚੁਗਣ ਜਾਣਾ ਸੀ, ਤਾਂ ਮੈਂ ਟੋਰਾਂਟੋ ਤੋਂ ਫਲਾਈਟ ਫੜ ਐਬਟਸਫੋਰਡ ਆਣ ਲੱਥਾ। ਸਬੱਬ ਨਾਲ, ਨਿਕੜਾ ਜਿਹਾ ਜਹਾਜ ਧਰਤੀ ਉਤੇ ਉਤਰਕੇ ਪਤਲੇ ਰਨ ਵੇਅ ਉਤੇ ਦੌੜਦਾ ਹੋਇਆ ਤੇ ਫਿਰ ਧੀਮਾ ਹੁੰਦਾ ਹੁੰਦਾ ਬੰਤ ਅੰਕਲ ਦੇ ਫਾਰਮ ਮੂਹਰੇ ਆਣ ਖਲੋਇਆ ਤੇ ਏਅਰ ਪੋਰਟ ਤੋਂ ਹਰੀ ਲਾਈਟ ਉਡੀਕਣ ਲੱਗਿਆ।ਜਹਾਜੇ ਬੈਠੇ ਨੇ ਹੀ ਮੈਂ ਫਾਰਮ ਵੱਲ ਨਿਗਾ ਮਾਰੀ।ਫਾਰਮ ਬੇਹੱਦ ਨਿਰਾਸ ਸੀ। ਮਾਲਕ ਤੁਰ ਗਿਆ ਸੀ ਉਸਦਾ, ਫਸਲਾਂ ਗੋਡੇ ਗੋਡੇ ਉਦਾਸ ਸਨ।ਫਾਰਮ ਦੇ ਬਾਹਰ ਕਈ ਗੱਡੀਆਂ ਸਿਰ ਸੁੱਟੀ ਖੜੀਆਂ ਸਨ।ਆਏ ਬੈਠੇ ਰਿਸ਼ਤੇਦਾਰ ਮੇਰੀ ਫਲਾਈਟ ਉਡੀਕ ਰਹੇ ਸਨ। ਇਹ ਕੈਸਾ ਸਬੱਬ ਸੀ ਕਿ ਫਾਰਮ ਵਿਚ ਵੜਨ ਤੋਂ ਪਹਿਲਾਂ ਹੀ ਸੋਗੀ ਹੋਏ ਫਾਰਮ ਨੂੰ ਜੱਫੀ ਪਾ ਲਈ ਸੀ ਮੈਂ, ਜਹਾਜ ਵਿੱਚ ਬੈਠੇ ਬੈਠੇ ਨੇ ਹੀ। ਅੱਖਾਂ ਨਮ ਹੋਈਆਂ। ਬਾਹਰ ਬੰਤ ਅੰਕਲ ਦਾ ਬੇਟਾ ਪਾਲ ਸਿੱਧੂ ਲੈਣ ਆਇਆ ਖੜਾ ਸੀ, ਉਸ ਜੱਫੀ ਪਾਈ। ਕੈਨੇਡੀਅਨ ਪਾਲ ਨੇ ਗੋਰਿਆਂ ਵਾਲੀ ਸਿਸਕੀ ਲਈ, 'ਨੀਂਡਰ, ਡੈਡ ਕਿਥੇ ਚਲਾ ਗਿਆ ਐ ਮੇਰਾ?' ਇਹ ਸੁਣ ਮੈਂ ਰੋ ਪਿਆ।

* * * *

ਜਦ ਵੀ ਐਬਟਸਫੋਰਡ ਜਾਂਦਾ ਹਾਂ, ਰਾਈਆਂ ਵਾਲੇ ਦੇ ਚਾਵਲੇ ਆਪਣੇ ਰਿਸ਼ਤੇਦਾਰਾਂ ਨੂੰ ਛੱਡ ਕੇ ਬੰਤ ਅੰਕਲ ਦੇ ਫਾਰਮ ਉਤੇ ਹੀ ਰੁਕਦਾ ਹਾਂ। ਜਹਾਜਾਂ ਤੇ ਜਹਾਜਣੀਆਂ ਨਾਲ ਗੱਲਾਂ ਕਰਦਾ ਹਾਂ। ਲਗਦੈ ਕਿ ਮੇਰੇ ਨੇੜੇ ਈ ਬੰਤ ਅੰਕਲ ਬੈਠਾ ਹੋਇਆ ਮੇਰੀ ਕਿਸੇ ਲੰਮੀ ਕਥਾ ਦਾ ਹੁੰਗਾਰਾ ਭਰੀ ਜਾ ਰਿਹੈ। ਕਦੇ ਤੂੰਬੀ ਉਤੇ ਗੀਤ ਸੁਣਨ ਦੀ ਫਰਮਾਇਸ਼ ਕਰੀ ਜਾ ਰਿਹੈ। ਮੇਰੀ ਸੁਤਾ ਉਦੋਂ ਟੁਟਦੀ ਹੈ, ਜਦ ਸੁਰਜੀਤ ਆਂਟੀ ਰੋਟੀ ਜਾਂ ਚਾਹ ਲਈ ਹਾਕ ਮਾਰਦੀ ਹੈ। ਡਰਾਇੰਗ ਰੂਮ ਵਿਚ ਟੰਗੀ ਅੰਕਲ ਦੀ ਮੁਸਕਰਾਉਂਦੀ ਫੋਟੋ ਵੱਲ ਦੇਖਦਾ ਹਾਂ। ਆਪਣੇ ਹੰਝੂ ਪੂੰਝਦਿਆਂ ਬਾਹਰ ਉਤਰੇ ਕਿਸੇ ਨਵੇਂ ਜਹਾਜ ਨੂੰ ਤੱਕਦਾ ਹਾਂ। ਫਾਰਮ ਦੇ ਰੁੱਖ ਤੇ ਪੰਛੀ ਬੰਤ ਅੰਕਲ ਨੂੰ ਮਿਸ ਕਰਦੇ ਜਾਪਦੇ ਨੇ।'ਆਂਟੀ, ਮੈਂ ਪਿੰਡ ਜਾਣੈ।' ਇਹ ਸੁਣ ਆਂਟੀ ਆਂਹਦੀ ਹੈ, 'ਉਦਾਸ ਨਾ ਹੋ ਪੁੱਤ, ਏਹ ਸੰਸਾਰ ਆਵਾਜਾਈ ਐ, ਏਹ ਸੰਸਾਰ ਇਕ ਏਅਰ ਪੋਰਟ ਵਾਂਗ ਐ, ਅਹੁ ਵੇਖ, ਕੋਈ ਆ ਰਿਹੈ, ਕੋਈ ਜਾ ਰਿਹੈ, ਕੋਈ ਅੰਤ ਨਹੀ, ਕੋਈ ਲੇਖਾ ਨਹੀਂ, ਤੂੰ ਮਸਾਂ ਤਾਂ ਆਇਆ ਐਂ ਕੈਨੇਡਾ, ਤੇ ਹੁਣ ਜਾਣ ਨੂੰ ਕਾਹਲਾ ਪੈ ਗਿਆ ਤੂੰ, ਚਾਹ ਪੀਕੇ ਸੌਂਜਾ, ਮਨ ਟਿਕਜੂ ਤੇਰਾ ਪੁੱਤ।'

ਚਾਹ ਵਾਲਾ ਖਾਲੀ ਕੱਪ ਰੱਖ ਮੈਂ ਆਪਣੀ ਡਾਇਰੀ ਦੇ ਇਹ ਪੰਨੇ ਲਿਖਣ ਬਹਿ ਗਿਆ ਹਾਂ।

**ਸੰਪਰਕ : 94174-21700**

ਸਫ਼ਾ 3 ਦੀ ਬਾਕੀ

## ਪਰਵਾਸ ਤੋਂ ਆਪਣੀ ਧਰਤੀ 'ਤੇ ਪੁਨਰਵਾਸ ਦੀ ਬਿਰਤਾਂਤਕਾਰੀ...

ਹੁੰਦੀਆਂ ਹੇਰਾਫੇਰੀਆਂ ਅਤੇ ਘਰੇਲੂ ਤਨਾਓ ਨੂੰ ਸੂਚਨਾਵਾਂ ਅਤੇ ਛੋਟੀਆਂ ਕਥਾਵਾਂ ਰਾਹੀਂ ਛੋਹਿਆ ਹੈ। ਜਿਵੇਂ ਇੰਨੇ 'ਚ ਹੀ ਭੁੱਲਰ ਝੱਟ ਬੋਲਿਆ, ਗੁਲਜਾਰੀ ਪਹਿਲਾਂ ਆ ਸੁਣ, ਸਰੀ ਵੱਲ ਮੇਰਾ ਇੱਕ ਮਿੱਤਰ ਹੈ। ਮੇਰੇ ਮਿੱਤਰ ਨੇ ਦੱਸਿਆ, "ਲੜਕੀ ਪੰਜਾਬਣ ਸੀ ਤੇ ਇੱਥੇ ਆਇਲੈਟਸ ਕਰਕੇ ਸਟੱਡੀ ਵੀਜ਼ੇ 'ਤੇ ਆਈ ਹੋਈ ਸੀ!.......... ਉਸ ਨੇ ਜ਼ਰਾ ਕੁਝ ਸੁਰਤ ਫੜੀ ਤਾਂ ਪਤਾ ਲੱਗਾ ਲੜਕੀ ਨੇ ਨਾਸ਼ਤਾ ਨਹੀਂ ਸੀ ਕੀਤਾ, ਸਵੇਰ ਦੀ ਚਾਹ ਵੀ ਨਹੀਂ ਸੀ ਪੀਤੀ ਤੇ ਬੀਤੀ ਰਾਤ ਵੀ ਕੁਝ ਖਾਣ ਨੂੰ ਨਹੀਂ ਸੀ ਮਿਲਿਆ, ਉਹ ਕਿਤੇ ਜੌਬ ਲੱਭਣ ਨਿਕਲੀ ਸੀ।" (ਸਫਾ 140) ਇਸ ਸੱਥ ਵਿਚਲੀਆਂ ਸਾਰੀਆਂ ਘਟਨਾਵਾਂ ਵਰਣਨਾਤਮਕ ਹਨ। ਭਾਵ ਇਕ ਪਾਤਰ ਦੂਜੇ ਪਾਤਰ ਨੂੰ ਘਟਨਾਵਾਂ ਦਾ ਵੇਰਵਾ ਸੂਚਨਾਵਾਂ, ਚੁਟਕਲਿਆਂ ਅਤੇ ਉਦਾਹਰਨਾਂ ਰਾਹੀਂ ਦਿੰਦਾ ਹੈ।

ਨਾਵਲ ਦਾ ਅੰਤ ਦੋਹਾਂ ਪਿਓ ਪੁੱਤਰਾਂ ਦੇ ਪਿੰਡ ਪਰਤਣ 'ਤੇ ਦੁਬਾਰਾ ਜ਼ਿੰਦਗੀ ਨੂੰ ਲੀਹ 'ਤੇ ਪਾਉਣ ਦੇ ਸੰਘਰਸ਼ ਨਾਲ ਸੰਬੰਧਤ ਹੈ। ਇਹ ਬਿਰਤਾਂਤ ਤਕਰੀਬਨ ਅੱਠ ਕਾਂਡਾਂ ਵਿੱਚ ਪਸਰਿਆ ਹੈ, ਜਿਸ ਵਿੱਚ ਰਤਨ ਸਿੰਘ ਦੇ ਡੌਂਕੀ ਬਣ ਕੇ ਵਿਦੇਸ਼ਾਂ ਵਿੱਚ ਧੱਕੇ ਖਾਣ ਅਤੇ ਮੁੜ ਆਪਣੀ ਧਰਤੀ 'ਤੇ ਪੁਨਰ-ਵਾਸ ਦਾ ਜ਼ਿਕਰ ਕੀਤਾ ਗਿਆ ਹੈ। ਇਸ ਪੁਨਰਵਾਸ ਦਾ ਆਧਾਰ ਕੁਝ ਲੋਕਾਂ ਦੁਆਰਾ ਵਾਪਸ ਪਰਤ ਕੇ ਪੀਜ਼ਾ ਵਰਗੀਆਂ ਵਸਤੂਆਂ ਨੂੰ ਛੋਟੇ-ਮੋਟੇ ਪਿੰਡਾਂ 'ਚ, ਸ਼ਹਿਰਾਂ ਵਿੱਚ ਰੁਜ਼ਗਾਰ ਦਾ ਸਾਧਨ ਬਣਾਉਣ ਨਾਲ ਸੰਬੰਧਤ ਘਟਨਾਵਾਂ ਉੱਪਰ ਹੈ। ਇਹ ਘਟਨਾਵਾਂ ਖਾਸ ਕਰਕੇ ਅਖਬਾਰ ਜਾਂ ਫੋਨ ਵਿੱਚ ਪਈਆਂ ਮੁਲਾਕਾਤਾਂ ਤੋਂ ਪ੍ਰੇਰਿਤ ਹਨ। ਇਹਨਾਂ ਮੁਲਾਕਾਤਾਂ ਵਿੱਚ ਸਵੈ-ਰੁਜ਼ਗਾਰੀ ਬੰਦਿਆਂ ਦੀਆਂ ਕਸ਼ਮਕਸ਼ ਅਤੇ ਸੰਘਰਸ਼ ਦਾ ਜ਼ਿਕਰ ਹੁੰਦਾ ਹੈ। ਇਸ ਕਾਂਡ ਵਿੱਚ ਹੀ ਨਾਵਲਕਾਰ ਰਤਨ ਸਿੰਘ ਰਾਹੀਂ ਡੌਂਕੀ ਦੀ ਸਮੱਸਿਆ ਨੂੰ ਵੀ ਲੈਂਦਾ ਹੈ। ਉਹ ਰਤਨ ਸਿੰਘ ਰਾਹੀਂ ਡੌਂਕੀ ਲਾਉਣ ਵੇਲੇ ਆਈਆਂ ਮੁਸ਼ਕਲਾਂ ਨੂੰ ਬਿਆਨਦਾ ਹੈ। ਸਧਾਰਨ ਸ਼ਬਦਾਂ ਵਿੱਚ ਬਿਆਨੀਆਂ ਘਟਨਾਵਾਂ ਪਾਠਕ ਉਪਰ ਕਰੁਣਾਮਈ ਪ੍ਰਭਾਵ ਪੈਦਾ ਕਰਦੀਆਂ ਹਨ। ਉਦਾਹਰਨ ਦੇ ਤੌਰ 'ਤੇ ਰਤਨ ਸਿੰਘ ਆਪਣੀ ਹਾਲਤ ਦਾ ਵਰਣਨ ਕਰਦਾ ਹੋਇਆ ਆਖਦਾ ਹੈ, "ਬਾਪੂ ਜਿਹੜੇ ਬੰਦੇ ਨੇ ਏਅਰਪੋਰਟ ਤੋਂ ਬਾਹਰ ਕੱਢਿਆ ਸੀ, ਉਹ ਸਾਨੂੰ ਉੱਥੋਂ ਪੈਦਲ ਹੀ ਤੋਰ ਕੇ ਲੈ ਗਿਆ, ਅਸੀਂ ਤਾਂ ਪਹਿਲੀ ਵਾਰ ਇੰਨੀ ਬਰਫ ਪਈ ਵੇਖੀ।ਸਾਨੂੰ ਸੁੰਨ ਸਰਾ ਜਹੀ ਵਿਚ ਇਕ ਕੋਠੜੀ ਅੰਦਰ ਲੈ ਗਿਆ। ਕੋਠੜੀ ਵਿੱਚ ਹਨੇਰਾ ਸੀ, ਉੱਥੇ ਪਹਿਲਾਂ ਹੀ ਕਾਫੀ ਮੁੰਡੇ ਸਨ। ਦੋ-ਤਿੰਨ ਦਿਨ ਕੋਈ ਨਾ ਆਇਆ। ਉਹ ਖੇਤ ਆਏ ਬੈਠੇ ਸਨ ਸਾਰੇ ਉਡੀਕ ਵਿੱਚ। ਕੁਝ ਮੁੰਡੇ ਤਾਂ ਬਰਫ ਚੂਸਣ ਲੱਗ ਪਏ। ਕਰਨ ਵੀ ਕੀ, ਚਾਰ ਚੁਫੇਰੇ ਤੇ ਬਰਫ ਹੀ ਬਰਫ ਸੀ।" (ਸਫਾ 222) ਇੰਝ ਸਫਾ 22 ਤੋਂ 28 ਤੱਕ ਉਹਨਾਂ ਮੁੰਡਿਆਂ ਦੀ ਗੱਲ ਕੀਤੀ ਗਈ ਹੈ, ਜਿਹੜੇ ਨਜਾਇਜ਼ ਤਰੀਕੇ ਨਾਲ ਬਿਨਾਂ ਪਾਸਪੋਰਟ ਤੋਂ ਏਜੰਟਾਂ ਨੂੰ ਪੈਸੇ ਦੇ ਕੇ ਦੂਸਰੇ ਪੱਛਮੀ ਦੇਸ਼ਾਂ ਵਿੱਚ ਦਾਖਲ ਹੋਣਾ ਚਾਹੁੰਦੇ ਹਨ। ਅਜਿਹੇ ਰਸਤੇ ਅਖਤਿਆਰ ਕਰਨ ਵਾਲਿਆਂ ਨੂੰ ਡੌਂਕੀ ਕਿਹਾ ਜਾਂਦਾ ਹੈ। ਇਸ ਘਟਨਾ ਨੂੰ ਨਾਵਲਕਾਰ ਨੇ ਬੜੇ ਯਥਾਰਥਕ ਅਤੇ ਕਰੁਣਾਮਈ ਤਰੀਕੇ ਨਾਲ ਪੇਸ਼ ਕੀਤਾ ਹੈ। ਇਸ ਨਾਵਲ ਦਾ ਅੰਤ ਸੁਖਦ ਹੈ ਕਿਉਂਕਿ ਦੋਨੋਂ ਹੀ ਪ੍ਰਵਾਸੀਆਂ ਨੂੰ ਆਪਣੇ ਦੇਸ਼ ਵਿੱਚ ਜੀਵਨ ਦੀ ਮੰਜ਼ਲ ਮਿਲ ਜਾਂਦੀ ਹੈ। ਨਾਵਲ ਦੇ ਛੇਕੜ ਦੇ ਅੱਠ ਕਾਂਡਾਂ ਵਿਚਲੀਆਂ ਘਟਨਾਵਾਂ ਨਾਵਲਕਾਰ ਦੇ ਇਸ ਉਦੇਸ਼ ਨੂੰ ਸਪੱਸ਼ਟ ਕਰਦੀਆਂ ਹਨ, ਕਿ ਜੋ ਸੁੱਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ।ਨਾਵਲਕਾਰ ਦਾ ਸਾਰਾ ਜ਼ੋਰ ਇੰਦਰ ਸਿੰਘ ਅਤੇ ਰਤਨ ਸਿੰਘ ਦੇ ਦੁਖਾਂਤ ਨੂੰ ਸਿਰਜ ਕੇ ਘਰ ਦੀ ਅੱਧੀ ਚੰਗੀ ਦੇ ਵਾਕ ਨੂੰ ਸਿੱਧ ਕਰਨਾ ਹੀ ਹੈ।

ਨਾਵਲਕਾਰ ਨੇ ਇੱਕ ਹੋਰ ਉਪ ਵਿਸ਼ਾ ਆਈਲੈਟਸ ਕਰਕੇ ਜਾਂ ਕਿਸੇ ਵੀ ਹੋਰ ਹੀਲੇ-ਵਸੀਲੇ ਕੈਨੇਡਾ ਵਿੱਚ ਪਹੁੰਚ ਕੇ ਬੇਸਮੈਂਟਾਂ ਵਿੱਚ ਰਹਿ ਰਹੀ ਨੌਜਵਾਨ ਪੀੜ੍ਹੀ ਦਾ ਲਿਆ ਹੈ। ਇਸ ਪੀੜ੍ਹੀ ਦੀ ਤਰਜਮਾਨੀ ਇੰਦਰ ਸਿੰਘ ਦੀ ਨੂੰਹ ਦੀ ਭਤੀਜੀ 'ਜੀਨੂੰ' ਕਰਦੀ ਹੈ। ਵਿਦਿਆਰਥਣ ਦੇ ਰੂਪ ਵਿੱਚ ਜੀਨੂੰ ਆਪਣੇ ਹੀ ਭੂਆ ਦੇ ਘਰ ਮੁੰਡਿਆਂ ਦੇ ਨਾਲ ਬੇਸਮੈਂਟ ਵਿੱਚ ਰਹਿੰਦੀ ਹੈ। ਬੇਸਮੈਂਟ ਦੀ ਜ਼ਿੰਦਗੀ ਬਾਰੇ ਗੱਲ ਕਰਦਾ ਇੰਦਰ ਸਿੰਘ ਆਖਦਾ ਹੈ, "ਇੱਥੇ ਆ ਕੇ ਚੀਕਾਂ ਮਾਰਦੇ ਨੇ, ਮੈਂ ਦੇਖਿਆ ਅੱਧੀ ਰਾਤ ਨੂੰ ਬੈਠੇ ਹਨੇਰੇ 'ਚ ਝਾਕੀ ਜਾਂਦੇ ਹੁੰਦੇ ਨੇ, ਕੀ ਹਾਲਤ ਹੋ ਗਈ ਹੈ ਇਹਨਾਂ ਦੀ? ਕੋਈ ਨਸ਼ੇ ਕਰਨ ਲੱਗਦਾ, ਕੋਈ ਬਹੁਤਾ ਦੁਖੀ ਆਤਮ ਹੱਤਿਆ ਕਰ ਲੈਂਦਾ, ਕਿਸੇ ਨੂੰ ਹਾਰਟ ਅਟੈਕ ਹੋ ਜਾਂਦਾ। ਮੈਂ ਇਹਨਾਂ ਨੂੰ ਰਾਤਾਂ ਵੇਲੇ ਵੇਖਿਆ। ਪੰਜਾਬ 'ਚ ਮਾਪੇ ਡਰਦੇ ਇਹਨਾਂ ਨੂੰ ਬਾਹਰ ਭੇਜਦੇ ਆ ਕਿਤੇ ਨਸ਼ੇੜੀਆਂ ਦੀ ਟੋਲੀ ਵਿੱਚ ਨਾ ਰਲ ਜਾਣ, ਪਰ ਇਧਰ ਤਾਂ ਸ਼ਰੇਆਮ ਨਸ਼ੇ ਮਿਲਦੇ ਨੇ, ਕੋਈ ਰੋਕਣ-ਟੋਕਣ ਵਾਲਾ ਵੀ ਨਹੀਂ।" (ਸਫਾ 28) ਇੱਥੇ ਖਾਸ ਕਰਕੇ ਲੜਕੀਆਂ ਦੀ ਹਾਲਤ ਮਾੜੀ ਹੈ। ਉਹ ਜੀਨੂੰ ਰਾਹੀਂ ਦੱਸਦਾ ਹੈ ਕਿ ਕੁੜੀਆਂ ਕਿਵੇਂ ਦੀ ਜ਼ਿੰਦਗੀ ਉੱਥੇ ਕੱਟ ਰਹੀਆਂ ਹਨ। ਉਹਨਾਂ ਨੂੰ ਰੋਕਣ-ਟੋਕਣ ਵਾਲਾ ਕੋਈ ਨਹੀਂ, ਖੁੱਲ੍ਹੇ ਜਿਣਸੀ ਸੰਬੰਧਾਂ ਨੂੰ ਮਾਣਦੀਆਂ, ਆਜ਼ਾਦੀ ਦਾ ਗਲਤ ਮਤਲਬ ਲੈਂਦੀਆਂ ਬਦਨਾਮੀ ਫਿਰ ਰੁਸਵਾਈ ਦੀ ਗਰਤ ਵਿੱਚ ਡਿੱਗ ਪੈਂਦੀਆਂ ਹਨ। ਲਿਵ ਇਨ ਰਿਲੇਸ਼ਨਸ਼ਿਪ ਦੀ ਗੱਲ ਕਰਦਾ ਬਿਰਤਾਂਤਕਾਰ ਆਖਦਾ ਹੈ, "ਇਧਰ ਤਾਂ ਨਵਾਂ ਈ ਰੁਝਾਨ ਤੁਰ ਪਿਆ। ਵਿਆਹ ਕਰਵਾਉਣ ਦੀ ਲੋੜ ਹੀ ਨਹੀਂ ਮੁੰਡਾ ਕੁੜੀ ਇਕੱਠੇ ਰਹੀ ਜਾਂਦੇ ਨੇ, ਵਿੱਚੇ ਹੀ ਬੱਚੇ ਜੰਮੀ ਜਾਂਦੇ ਨੇ। ਜਦੋਂ ਜੀਅ ਭਰ ਗਿਆ, ਅੱਡੋ ਅੱਡ, ਤੂੰ ਆਪਣੇ ਘਰ, ਮੈਂ ਆਪਣੇ ਘਰ, ਕਦੇ ਸੋਚਿਆ ਸੀ ਆਹ ਵੇਲੇ ਵੀ ਆਉਣਗੇ।" (ਸਫਾ 35) ਜੀਨੂੰ ਵੀ ਆਪਣੀ ਭੂਆ ਦਾ ਘਰ ਛੱਡ ਕੇ ਕਿਸੇ ਹੋਰ ਮੁੰਡੇ ਨਾਲ ਰਹਿਣ ਲੱਗ ਪੈਂਦੀ ਹੈ। ਇਸੇ ਤਰ੍ਹਾਂ ਬੇਸਮੈਂਟਾਂ ਵਿੱਚ ਰਹਿੰਦੇ ਮੁੰਡੇ-ਕੁੜੀਆਂ ਵੱਲੋਂ ਸਾਫ ਸਫਾਈ ਦੀ ਅਣਦੇਖੀ ਅਤੇ ਹਰ ਪਾਸੇ ਖਿਲਰੀ ਗੰਦਗੀ ਦਾ ਜ਼ਿਕਰ। (ਸਫਾ 48) ਸਫਾ (61) ਆਦਿ 'ਤੇ ਦੇਖਿਆ ਜਾ ਸਕਦਾ ਹੈ। ਇੰਦਰ ਸਿੰਘ ਜੀਨੂੰ ਦੀ ਹਾਲਤ 'ਤੇ ਟਿੱਪਣੀ ਕਰਦਾ ਆਖਦਾ ਹੈ ਕਿ ਉਸ ਦੀ ਨੂੰਹ ਨੂੰ ਭਤੀਜੀ ਦੇ ਘਰੋਂ ਭੱਜ ਜਾਣ ਦਾ ਇੰਨਾ ਦੁੱਖ ਨਹੀਂ, ਜਿੰਨਾ ਦੁੱਖ ਇਹ ਹੈ ਕਿ ਉਸ ਨੂੰ ਘਰ ਦਾ ਕੰਮ ਆਪ ਕਰਨਾ ਪਏਗਾ।

ਪਾਤਰ ਪ੍ਰਧਾਨ ਇਸ ਨਾਵਲ ਵਿੱਚ ਨਾਵਲਕਾਰ ਨੇ ਦੋ ਮੁੱਖ ਕੇਂਦਰੀ ਪਾਤਰਾਂ ਨੂੰ ਸਿਰਜ ਕੇ ਉਹਨਾਂ ਦੇ ਦੁਖਾਂਤ ਨੂੰ ਸੁਖਾਂਤਕ ਰੂਪ ਵਿੱਚ ਸਾਡੇ ਸਾਹਮਣੇ ਲਿਆਂਦਾ ਹੈ। ਨਾਵਲਕਾਰ ਨੇ ਘਟਨਾਵਾਂ ਨੂੰ ਸਰਬੰਗੀ ਵਿਆਖਿਆਕਾਰ ਵਾਂਗ ਵਰਨਾਤਮਕ ਰੂਪ ਵਿੱਚ ਪੇਸ਼ ਕੀਤਾ ਹੈ। ਵਰਨਾਤਮਕ ਤਕਨੀਕ ਵਿੱਚ ਘਟਨਾਵਾਂ ਦੀ ਸਿਰਫ ਵਿਆਖਿਆ ਹੁੰਦੀ ਹੈ, ਉਹ ਕਿਤੇ ਘਟਦੀਆਂ ਨਹੀਂ ਦਿਖਾਈਆਂ ਜਾਂਦੀਆਂ। ਉਹਨਾਂ ਦਾ ਵਰਣਨ ਕੀਤਾ ਜਾਂਦਾ ਹੈ। ਇਹ ਨਾਵਲ ਨੂੰ ਸਿਰਜਣ ਦੀ ਪੁਰਾਣੀ ਟੈਕਨੀਕ ਹੈ। ਜੇ ਹੋਰ ਗਹੁ ਨਾਲ ਵੇਖੀਏ ਤਾਂ ਇਹ ਨਾਵਲ ਜੀਵਨੀ ਮੂਲਕ ਨਾਵਲ ਦੀ ਸ਼੍ਰੇਣੀ ਵਿੱਚ ਖੜਾ ਕੀਤਾ ਜਾ ਸਕਦਾ ਹੈ। ਉਹ ਇਸ ਲਈ ਕਿ ਇਸ ਵਿੱਚ ਸਿਰਫ ਦੋ ਮੁੱਖ ਕੇਂਦਰੀ ਪਾਤਰਾਂ ਦੇ ਨਾਲ ਸੰਬੰਧਤ ਘਟਨਾਵਾਂ ਨੂੰ ਲਿਆ ਗਿਆ ਹੈ। ਖਾਸ ਗੱਲ ਇਹ ਹੈ ਕਿ ਇੱਕ ਪਾਤਰ ਭੂਤ ਵਿੱਚ ਜਿਉਂਦਾ ਹੈ ਤੇ ਇੱਕ ਪਾਤਰ ਭਵਿੱਖ ਦੀ ਆਸ ਨਾਲ ਭਰਿਆ ਹੋਇਆ ਹੈ। ਵਿਰੋਧਾਭਾਸ ਦੀ ਵਿਧੀ ਵਰਤ ਕੇ ਬਿਰਤਾਂਤਕਾਰ ਆਪਣੇ ਉਦੇਸ਼ ਵੱਲ ਵਧਦਾ ਹੈ। ਆਪਣੇ ਉਦੇਸ਼ ਨੂੰ ਪ੍ਰਗਟਾਉਣ ਲਈ ਉਹ ਤਿੰਨ ਉਪ ਕਥਾਵਾਂ ਦਾ ਸਹਾਰਾ ਲੈਂਦਾ ਹੈ। ਜਿਨ੍ਹਾਂ ਨੂੰ ਉਹ ਇੰਦਰ ਸਿੰਘ, ਜੀਨੂੰ ਅਤੇ ਇੰਦਰ ਸਿੰਘ ਦੇ ਮੁੰਡੇ ਰਤਨ ਸਿੰਘ ਰਾਹੀਂ ਸਾਹਮਣੇ ਲਿਆਉਂਦਾ ਹੈ। ਨਾਵਲ ਵਿੱਚ ਬੇਲੋੜੇ ਵਰਨਣ ਦੀ ਭਰਮਾਰ ਹੈ। ਪੰਜਾਬ ਅਤੇ ਕੈਨੇਡਾ ਵਿੱਚ ਵੱਸਦੇ ਲੋਕਾਂ ਦੀ ਅਜਿਹੀ ਕਿਹੜੀ ਸਮੱਸਿਆ ਰਹਿਣ ਦਿੱਤੀ ਹੈ, ਜਿਸ ਦਾ ਜ਼ਿਕਰ ਨਾਵਲਕਾਰ ਨੇ ਆਪਣੇ ਹਥਲੇ ਨਾਵਲ ਵਿੱਚ ਨਾ ਕੀਤਾ ਹੋਵੇ। ਇਹਨਾਂ ਸਮੱਸਿਆਵਾਂ ਦਾ ਜ਼ਿਕਰ ਸਿਰਫ ਨਾਵਲ ਦੇ ਪੰਨਿਆਂ ਵਿੱਚ ਵਾਧਾ ਕਰਦਾ ਹੈ। ਨਾਵਲ ਦੇ ਸਮੁੱਚੇ ਪ੍ਰਭਾਵ ਨੂੰ ਖੰਡਿਤ ਕਰ ਦਿੰਦਾ ਹੈ।

ਕੁਲ ਮਿਲਾ ਕੇ ਦੇਖਿਆ ਜਾਏ ਤਾਂ ਵਿਸ਼ੇ ਪੱਖੋਂ ਇਹ ਨਾਵਲ ਪ੍ਰਵਾਸ ਤੋਂ ਆਪਣੀ ਧਰਤੀ 'ਤੇ ਪੁਨਰਵਾਸ ਦੀ ਗੱਲ ਕਰਦਾ ਹੈ। ਪੰਜਾਬੀਆਂ ਦੀ ਆਵਾਸ ਤੇ ਪ੍ਰਵਾਸ ਵਿਚਲੀ ਦੁਚਿੱਤੀ ਨੂੰ ਨਾਵਲ ਇਕ ਸੇਧ ਦਿੰਦਾ ਹੈ। ਇਹੋ ਇਸ ਨਾਵਲ ਦੀ ਪ੍ਰਾਪਤੀ ਹੈ।

**ਮੋਬਾ. 98552-63576**

# ਕਵਿਤਾ ਕਾਦੰਬਰੀ ਦੀਆਂ ਕਵਿਤਾਵਾਂ

## ਮੁਹਾਵਰੇ

ਇੱਕ
'ਤੁਰਦੇ ਤੁਰਦੇ
ਜੁੱਤੀ ਘਸ ਜਾਣਾ'
ਇੱਕ ਮੁਹਾਵਰਾ ਹੈ
ਜਿਹੜਾ ਲਾਗੂ ਨਹੀਂ ਹੁੰਦਾ
ਉਨ੍ਹਾ ਪੈਰਾਂ 'ਤੇ
ਜਿਨ੍ਹਾ ਵਿੱਚ ਜੁੱਤੀਆਂ ਨਹੀਂ ਜੁੜਦੀਆਂ
ਜਿਨ੍ਹਾਂ 'ਚ ਬੱਸ ਬਿਆਈਆਂ ਹੁੰਦੀਆਂ ਨੇ
ਜੋ ਘਸਦੀਆਂ ਨਹੀਂ
ਬੱਸ ਰਿਸਦੀਆਂ ਹਨ!

ਦੋ
'ਖਿਚੜੀ ਪੱਕਣਾ' ਵੀ
ਇੱਕ ਮੁਹਾਵਰਾ ਹੈ
ਜੋ ਲਾਗੂ ਨਹੀਂ ਹੁੰਦਾ
ਉਨ੍ਹਾਂ ਘਰਾਂ 'ਤੇ
ਜਿੱਥੇ ਦਾਲ ਚਾਵਲ ਕਦੀ ਵੀ
'ਕੱਠੇ ਨਸੀਬ ਨਹੀਂ ਹੁੰਦੇ
ਪੱਕਦੀ ਗਲ਼ਦੀ ਹੈ ਦੇਹ
ਕਿਸੇ ਹੋਰ ਦੀ ਥਾਲੀ ਖਾਤਰ

ਤਿੰਨ
'ਗਜ਼ ਭਰ ਦੀ ਛਾਤੀ ਹੋਣਾ' ਵੀ
ਇੱਕ ਮੁਹਾਵਰਾ ਹੈ
ਜੋ ਲਾਗੂ ਨਹੀਂ ਹੁੰਦਾ
ਉਨ੍ਹਾਂ ਛਾਤੀਆਂ 'ਤੇ
ਜਿਨ੍ਹਾਂ ਵਿਚ ਬਰਾਦਰੀ ਵਾਲੇ
ਬੜੇ ਤੰਗ ਅਤੇ ਹਨੇਰੇ ਦਿਲ ਰਹਿੰਦੇ ਹਨ
ਜਿਨ੍ਹਾ ਵਿਚ ਰਹਿ ਨਹੀਂ ਸਕਦੇ
ਦੋ ਭਾਈਵਾਲ ਇਕੱਠੇ
ਗਵਾਂਡੀ ਦੀ ਤਾਂ ਗੱਲ ਹੀ ਛੱਡੋ

ਚਾਰ
'ਸੀਨੇ 'ਤੇ ਮੂੰਗ ਦਲ਼ਣਾ' ਵੀ
ਇੱਕ ਮੁਹਾਵਰਾ ਹੈ
ਜੋ ਲਾਗੂ ਨਹੀਂ ਹੁੰਦਾ
ਉਨ੍ਹਾਂ ਸੀਨਿਆਂ 'ਤੇ
ਦੋ ਵਰ੍ਹਿਆਂ ਦੀ ਦਲ਼ਣ ਪਿੱਛੋਂ
ਵੀ ਨਹੀਂ ਹੋਏ ਚਾਕ
ਜਿਨ੍ਹਾ ਦੇ ਢਿੱਡ 'ਤੇ ਬੈਠਾ ਹੈ
ਜ਼ਰੂਰਤਾਂ ਦਾ ਇੱਕ ਭੂਤ
ਅਤੇ ਪਿੱਠ 'ਤੇ ਡੂੰਘੇ ਜ਼ਖਮਾਂ ਦੇ ਹੁੰਦਿਆਂ
ਜਿਨ੍ਹਾਂ ਨੂੰ ਪਾਸਾ ਲੈਣ ਦਾ
ਖਿਆਲ ਤੱਕ ਨਹੀਂ ਹੈ।

ਪੰਜ
'ਜਲ ਵਿੱਚ ਰਹਿ ਕੇ ਮਗਰ ਨਾਲ ਵੈਰ' ਵੀ
ਇੱਕ ਮੁਹਾਵਰਾ ਹੈ
ਜੋ ਲਾਗੂ ਨਹੀਂ ਹੁੰਦਾ
ਉਨ੍ਹਾਂ ਮੱਛੀਆਂ 'ਤੇ
ਜਿਨ੍ਹਾ ਖੋਲ੍ਹ ਦਿੱਤਾ ਹੈ ਮੋਰਚਾ
ਆਪਣੇ ਘਰ 'ਤੇ ਹੋਏ
ਮਗਰਮੱਛ ਦੇ ਕਬਜ਼ੇ ਦੇ ਖਿਲਾਫ਼

## ਮੱਛੀ ਦੇ ਖੰਭ

ਮੈਂ ਬਾਜ਼ ਨਹੀਂ
ਮੱਛੀ ਬਣ ਕੇ ਜੰਮੀ
ਆਪਣੇ ਅੰਦਰ ਤੈਰਨ ਦਾ ਬੇਮਿਸਾਲ
ਹੁਨਰ ਲੈ ਕੇ
ਨਫ਼ਰਤ ਭਰੀਆਂ ਅੱਖਾਂ ਨੇ ਕਿਹਾ,
ਮੈਨੂੰ ਉੱਡਣਾ ਨਹੀਂ ਆਉਂਦਾ
ਮੈਥੋਂ ਅਸਮਾਨ ਨਹੀਂ ਤੱਕ ਹੁੰਦਾ
ਮੇਰੇ ਬਿਹਤਰੀ ਲਈ
ਮੇਰੇ ਪੰਖਾਂ 'ਤੇ ਬੰਨ੍ਹ ਦਿੱਤੇ ਗਏ
ਚਿਤਰੇ ਵੱਡੇ ਪੱਥਰ ਦੇ ਖੰਭ
ਅਸਮਾਨ ਵੱਲ ਵਿਹੰਦਿਆਂ
ਮੈਨੂੰ ਪਾਣੀ ਨੇ ਸੌਂਖਿਆਂ
ਆਪਣੇ ਅੰਦਰ ਹੋਰ ਡੂੰਘਾ
ਦਬੋਚ ਲਿਆ

## ਮੇਰੇ ਬੇਟੇ

ਮੇਰੇ ਬੇਟੇ
ਕਦੇ ਐਨਾ ਉੱਚਾ ਨਾ ਹੋਈਂ
ਕਿ ਮੋਢੇ 'ਤੇ ਸਿਰ ਰੱਖ ਕੇ ਕੋਈ ਰੋਣਾ ਚਾਹੇ
ਉਸ ਨੂੰ ਲਾਉਣੀਆਂ ਪੈਣ ਪੌੜੀਆਂ
ਨਾ ਕਦੀ ਐਨਾ ਬੁੱਧੀਜੀਵੀ
ਕਿ ਮਿਹਨਤਕਸ਼ਾਂ ਦੇ ਰੰਗ ਤੋਂ
ਵੱਖਰਾ ਹੋਜੇ ਤੇਰਾ ਰੰਗ
ਐਨਾ ਇੱਜ਼ਤਦਾਰ ਵੀ ਨਹੀਂ ਹੋਣਾ
ਕਿ ਮੂੰਹ ਦੇ ਭਾਰ ਡਿੱਗ ਪਵੇਂ
ਅਤੇ ਅੱਖਾਂ ਚੁਰਾ ਕੇ ਉੱਠੇਂ
ਐਨਾ ਤਮੀਜ਼ਦਾਰ ਵੀ
ਕਿ ਬੜੇ ਲੋਕਾਂ ਦੀ ਨਾਫੁਰਮਾਨੀ
ਨਾ ਕਰ ਸਕੇਂ ਕਦੀ
ਐਨਾ ਸੱਭਿਅਕ ਵੀ ਨਾ ਹੋਵੀਂ
ਕਿ ਛੱਤ 'ਤੇ ਪ੍ਰੇਮ ਕਰਦੇ ਕਬੂਤਰਾਂ ਦਾ ਜੋੜਾ
ਤੈਨੂੰ ਅਸ਼ਲੀਲ ਲੱਗਣ ਲੱਗੇ
ਤੇ ਰੋੜਾ ਮਾਰ ਕੇ ਉਡਾ ਦੇਵੇਂ ਉਨ੍ਹਾਂ ਨੂੰ
ਬੱਚਿਆਂ ਦੇ ਸਾਮ੍ਹਣੇ
ਨਾ ਐਨਾ ਸੁਥਰਾ ਬਣੀਂ
ਕਿ ਮਿਹਨਤ ਨਾਲ ਕਮਾਏ ਗਏ ਕਾਲਰ ਦਾ ਮੈਲ਼
ਲਕੋਂਦਾ ਫਿਰੇਂ ਮਹਿਫਿਲ ਵਿੱਚ
ਐਨਾ ਧਾਰਮਿਕ ਨਾ ਹੋਵੀਂ
ਕਿ ਰੱਬ ਨੂੰ ਬਚਾਉਣ ਲਈ
ਇਨਸਾਨ 'ਤੇ ਉੱਠ ਜਾਵੇ ਤੇਰਾ ਹੱਥ
ਨਾ ਕਦੀ ਐਨਾ ਦੇਸ਼ ਭਗਤ
ਕਿ ਕਿਸੇ ਜ਼ਖ਼ਮੀ ਨੂੰ ਚੁੱਕਣ ਲਈ
ਝੰਡਾ ਜ਼ਮੀਨ 'ਤੇ ਨਾ ਰੱਖ ਸਕੇਂ
ਕਦੀ ਐਨੇ ਸਥਿਰ ਨਹੀਂ ਹੋਣਾ
ਕਿ ਕੋਈ ਲੜਖੜਾਵੇ ਅਤੇ ਤੂੰ ਹੱਸਣ ਲੱਗੇਂ
ਨਾ ਕਦੀ ਐਨੇ ਭਰੇ ਪੂਰੇ
ਕਿ ਕਿਸੇ ਦਾ ਪ੍ਰੇਮ ਵਿੱਚ ਵਿਲਕਣਾ
ਅਤੇ ਭੁੱਖ ਨਾਲ ਮਰ ਜਾਣਾ
ਤੈਨੂੰ ਲੱਗਣ ਲੱਗੇ ਕਿਸੇ
ਕਾਲਪਨਿਕ ਕਥਾ ਵਰਗਾ

**ਅਨੁਵਾਦ : ਹਰੀ ਕ੍ਰਿਸ਼ਨ ਮਾਇਰ**
**ਸੰਪਰਕ 97806-67686**



ਆਪਣੀ ਘਰੇਲੂ ਲਾਇਬਰੇਰੀ ’ਚ

# ਨੇੜਿਓਂ ਦੇਖਿਆ

# ਸੁਰਿੰਦਰ ਗਿੱਲ

## ਅਮਰਜੀਤ ਅਰਪਨ

ਆਪਣੀ ਚੀਚੀ ਵਿਖਾ ਕੇ ਕਹਿੰਦਾ, ‘ਮੈਂ ਏਸ ਅੰਗੂਠੇ ਵਰਗਾ ਨਹੀਂ ਸੀ, ਆਹ ਚੀਚੀ ਵਰਗਾ ਪਤਲਾ ਸੀ ਜਦੋਂ ‘ਚਾਨਣ ਦਾ ਛੱਟਾ’ ਗੀਤ ਲਿਖਿਆ ਤਾਂ ਨਾਟਕਕਾਰ ਗੁਰਸ਼ਰਨ ਸਿੰਘ ਨੂੰ ਬਹੁਤ ਭਾਇਆ।ਬੰਬੇ ਜਾਣ ਲੱਗਿਆਂ ਮੈਨੂੰ ਨਾਲ ਹੀ ਟਰੇਨ ’ਚ ਬਿਠਾ ਲਿਆ।ਮੇਰੇ ਗੀਤ ਦੀ ਗੱਡੀ ’ਚ ਹੀ ਰਿਹਰਸਲ ਕਰਦੇ ਰਹੇ ਤੇ ਜਦੋਂ ਬੰਬੇ ਨਾਟਕ ਖੇਡਿਆ ਤੇ ਜਦੋਂ ਨਾਟਕ ਦੌਰਾਨ ਇਹ ਗੀਤ ਕੋਰਸ ਦੇ ਰੂਪ ਵਿਚ ਗਾਇਆ ਗਿਆ ਤਾਂ ‘ਅਮਰਜੀਤ ਤੈਂ ਮੰਨਣਾ ਨੀਂ’ ਨਾਟਕ ਤੋਂ ਬਾਅਦ ਬਲਰਾਜ ਸਾਹਨੀ ਨੇ ਮੈਨੂੰ ਪਿੱਛੋਂ ਦੀ ਜੱਫਾ ਮਾਰ ਕੇ ਉਤਾਂਹ ਨੂੰ ਚੁੱਕ ਲਿਆ ਤੇ ਉਹ ਕਹਿੰਦਾ ‘ਪੰਜਾਬੀ ਤਾਂ ਐਂ ਈ ਖੁਸ਼ੀ ’ਚ ਦੂਜੇ ਨੂੰ ਚੱਕਦੇ ਹੁੰਦੈ ਐ।’

ਇਹ ਬੋਲਦਿਆਂ-ਬੋਲਦਿਆਂ ਉਹਦੀਆਂ ਅੱਖਾਂ ਦੀ ਚਮਕ ਭਾਅ ਮਾਰਦੀ ਮੈਨੂੰ ਵੇਖਣ ਲੱਗੀ।ਮੇਰੇ ਵੀ ਜਿਵੇਂ ਨਾਟਕ ਖੇਡੇ ਜਾ ਰਹੇ ਪੰਡਾਲ ਦਾ ਦ੍ਰਿਸ਼ ਸਾਹਮਣੇ ਆ ਗਿਆ ਹੋਵੇ ਤੇ ਮੈਨੂੰ ਐਂ ਲੱਗਿਆ ਜਿਵੇਂ ਬਲਰਾਜ ਪਤਲੂ ਜਿਹੇ ਸੁਰਿੰਦਰ ਨੂੰ ਜੱਫੀ ’ਚ ਚੱਕੀ ਫਿਰਦਾ ਹੋਵੇ ਤੇ ਗੁਰਸ਼ਰਨ ਭਾਅ ਦੂਰੋਂ ਖੜਾ ਹੱਸ ਰਿਹਾ ਹੋਵੇ।

ਹੁਣ ਸੁਰਿੰਦਰ ਗਿੱਲ ਪਤਲੂ ਜਿਹਾ ਨਹੀਂ ਰਿਹਾ।ਭਾਰੀ ਭਰਕਮ ਰੋਡ ਰੋਲਰ ਦੇ ਮੂਹਰਲੇ ਪਹੀਏ ਆਂਗੂੰ ਰੁੜ੍ਹਦਾ ਜਿਹਾ ਆਉਂਦੈ ਜਦੋਂ ਉਹ ਤੁਰਦਾ ਦਿਸਦੈ, ਤੇ ਇਉਂ ਲੱਗਦੈ, ਜਿਵੇਂ ਖੜ-ਖੜ ਕਰਦਾ ਸਾਹ ਖਹਿਸਰ ਕੇ ਨਿਕਲ ਰਿਹਾ ਹੋਵੇ ਭਾਰੀ ਦੇਹ ਦੇ ਪੁਰਜ਼ਿਆਂ ਵਿੱਚੋਂ।

ਕਿਸਾਨੀ ਅੰਦੋਲਨ ਵੇਲੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਸੁਖਦੇਵ ਸਿਰਸਾ ਦੇ ਯਤਨਾਂ ਨਾਲ ਸਤਾਰਾਂ ਸੈਕਟਰ ਅੰਦਰ ਸੰਨ ਬਾਈ ਦੀਆਂ ਸਰਦੀਆਂ ਵੇਲੇ ਕਿਸਾਨੀ ਦੇ ਹੱਕ ਵਿੱਚ ਵੱਡਾ ਇਕੱਠ ਕੀਤਾ ਗਿਆ।ਪ੍ਰੋਗਰਾਮ ਸ਼ੁਰੂ ਹੋ ਚੁੱਕਿਆ ਸੀ।ਨਾਟਕਕਾਰ ਸਾਹਿਬ ਸਿੰਘ ਨਾਟਕ ਦੀ ਸੋਲੋ ਆਈਟਮ ਪੇਸ਼ ਕਰ ਰਿਹਾ ਸੀ।ਮੈਂ ਦੂਰੋਂ ਇਕ ਪ੍ਰਾਣੀ ਨੂੰ ਉਸ ਇਕੱਠ ਆਲ਼ੇ ਪਾਸੇ ਆਉਂਦਾ ਵੇਖਿਆ।ਸਿਰ ’ਤੇ ਟੋਪੀ, ਦਾੜ੍ਹੀ ਖੁੱਲ੍ਹੀ, ਖੁੱਲ੍ਹਾ ਜਿਹਾ ਓਵਰ ਕੋਟ ਪਾਈ ਜਦੋਂ ਮੈਂ ਨੀਝ ਨਾਲ ਵੇਖਿਆ ਤਾਂ ਮੈਂ ਸਿਆਣ ਗਿਆ ਕਿ ਆਹ ਤਾਂ ਪੰਜਾਬੀ ਕਵੀ ਸੁਰਿੰਦਰ ਗਿੱਲ ਹੈ। ਮੈਂ ਵੀਹ ਕੁ ਸਾਲ ਛੋਟਾ ਹਾਂ ਸੁਰਿੰਦਰ ਗਿੱਲ ਤੋਂ।ਛੋਟੇ ਬਿੜਕ ਰੱਖਦੇ ਨੇ ਵੱਡਿਆਂ ਦੀ।ਵੱਡਿਆਂ ਨੂੰ ਨਹੀਂ ਪਤਾ ਹੁੰਦਾ ਕਿ ਉਹਨੂੰ ਕੌਣ ਵੇਖ ਰਿਹੈ ਜਾਂ ਨਹੀਂ।ਉਹ ਆਪਣੀ ਮਸਤ ਚਾਲੇ ਟੁਰੇ ਫਿਰਦੇ ਨੇ ਰਮਤੇ ਸਾਧ ਵਾਂਗੂੰ।

ਮੈਂ ਪਿਛਲੇ ਦਿਨੀਂ ਏਸੇ ਸਤੰਬਰ ਦੇ ਮਹੀਨੇ ਸੈਕਟਰ 70, ਮੁਹਾਲੀ ਸ਼ਬਦੀਸ਼ ਤੇ ਸੁਚੇਤਨਾ ਵੱਲੋਂ ਚਲਾਏ ਜਾ ਰਹੇ ‘ਸੁਚੇਤਨਾ ਸਕੂਲ ਆਫ਼ ਐਕਟਿੰਗ’ ਦੀ ਨਾਟਸ਼ਾਲਾ ਅੰਦਰ ਗੁਰਸ਼ਰਨ ਭਾਅ ਦੇ ਜਨਮ ਦਿਨ ਸੰਬੰਧੀ ਪ੍ਰੋਗਰਾਮ ’ਚ ਸ਼ਿਰਕਤ ਕੀਤੀ, ਤਾਂ ਨਾਟਸ਼ਾਲਾ ਦੇ ਬੇਸਮਿੰਟ ਵਿਚ ਜਦੋਂ ਅਸੀਂ ਸਾਰੇ ਬੈਠੇ ਤਾਂ ਸ਼ੀਸ਼ੇ ਦੇ ਗੇਟ ਦਾ ਬੂਹਾ ਜਦੋਂ ਫੜੱਕ ਦੇਣੇ ਖੁੱਲ੍ਹਿਆ ਤਾਂ ਸਾਹਮਣਿਉਂ ਸੁਰਿੰਦਰ ਗਿੱਲ ਆ ਧਮਕਿਆ।ਸਬੱਬੀਂ ਰਿਕਾਰਡ ਕੀਤਾ ‘ਚਾਨਣ ਦਾ ਛੱਟਾ’ ਗੀਤ ਚੱਲ ਰਿਹਾ ਸੀ। ਕੁਰਸੀ ’ਤੇ ਵਿਛਦਿਆਂ ਜ਼ੋਰ ਦੀ ਉਹ ਗੁਰਾਇਆ, ‘ਓਏ ਸ਼ਬਦੀਸ਼! ਆਹ ਤਾਂ ਮੇਰਾ ਗੀਤ ਲਾਈ ਬੈਠਾਂ ਤੂੰ।ਲੈ’ਬੀ ਆਪਾਂ ਤਾਂ ਹੋ’ਗੇ ਅਮਰ, ਆਉਣਾ ਸਕਾਰਥ ਹੋ ਗਿਆ.. ਹਾਹਾਹਾਹਾ।’

‘ਸੁਚੇਤਕ ਸਕੂਲ ਆਫ਼ ਐਕਟਿੰਗ’ ਨਾਟਸ਼ਾਲਾ ਦਾ ਪ੍ਰੋਗਰਾਮ ਜਦੋਂ ਖਤਮ ਹੋਇਆ, ਚਾਹ ਦੇ ਪਿਆਲੇ ਵੇਲੇ ਗੁਲਜ਼ਾਰ ਸੰਧੂ ਤੇ ਸੁਰਿੰਦਰ ਗਿੱਲ ਨੂੰ ਮੈਂ ਆਪਣਾ ਚਿਤਵਿਆ ਪ੍ਰੋਜੈਕਟ ਸਾਂਝਾ ਕੀਤਾ ਤਾਂ ਦੋਹਾਂ ਨੇ ਵੱਡੇ ਹੋਣ ਕਰਕੇ ਦਾਦ ਤਾਂ ਦੇਣੀ ਹੀ ਸੀ ਤਾਂ ਸੁਰਿੰਦਰ ਆਂਹਦਾ, ‘ਕਦੋਂ ਆਵੇਂਗਾ ਘਰ?’

ਮੈਂ ਕਿਹਾ, ‘ਸ਼ਾਇਦ ਕੱਲ੍ਹ ਹੀ ਆ ਜਾਵਾਂ?’ ਮੈਂ ਉਹਨੂੰ ਨੀਝ ਨਾਲ ਵੇਖਦਿਆਂ ਉੱਤਰ ਉਡੀਕਣ ਲੱਗਾ।

‘ਠੀਕ ਹੈ, ਫੋਨ ਕਰ ਲਵੀਂ ਪਹਿਲਾਂ।’ ਇਹ ਕਹਿੰਦਿਆਂ ਉਹਨੇ ਖੂੰਡੀ ਸੰਭਾਲਦਿਆਂ ਕੁਰਸੀ ਤੋਂ ਉੱਠਦਿਆਂ ਕਿਹਾ।

ਜਦੋਂ ਮੈਂ ਅਗਲੇ ਦਿਨ ਫੋਨ ਕੀਤਾ, ਅੱਗੋਂ ਆਵਾਜ਼ ਆਈ ‘ਹੈਲੋ..ਕੌਣ ਬੋਲਦੈਂ?’

ਮੈਂ ਕਿਹਾ, ‘ਬਾਬਿਓ...ਮੈਂ ਅਮਰਜੀਤ ਬੋਲਦਾਂ, ਕੱਲ੍ਹ ਸ਼ਬਦੀਸ਼ ਦੇ ਪ੍ਰੋਗਰਾਮ ’ਤੇ ਮਿਲੇ ਸੀ।’

‘ਓ ਅੱਛਾ ਅੱਛਾ, ਜਿਹੜਾ ਤੈਂ ਪ੍ਰੋਗਰਾਮ ਵਿੱਢਿਆ ਵਿਐ ਇੰਟਰਵਿਊਆਂ ਲੈਣ ਦਾ...ਕਦੋਂ ਜੇ ਆਏਂਗਾ?’

‘ਲੱਗਭੱਗ ਬਾਰਾਂ ਕੁ ਵਜੇ...ਬਾਕੀ ਜਿਹੜਾ ਥੋਨੂ ਫਿੱਟ ਬੈਠਦੈ ਉਹੀ ਦੱਸ ਦਿਓ।’

‘ਠੀਕ ਐ ਠੀਕ ਐ....ਓ ਸੱਚ ਅੱਜ ਤਾਂ ਮੈਂ ਡਾਕਟਰ ਤੋਂ ਸਮਾਂ ਲਿਆ ਵਿਐ, ਅੱਜ ਨਾ ਆਈਂ, ਕੱਲ੍ਹ ਦਾ ਵੇਖਦਾ ਹਾਂ।’

ਅਗਲੇ ਦਿਨ ਫੋਨ ਕੀਤਾ, ਫੇਰ ਸਿਹਤ ਦੀ ਸਮੱਸਿਆ, ਡਾਕਟਰ ਕੋਲ ਜਾਣੈ।...ਮੈਂ ਵੀ ਸੋਚਿਐ ’ਬੀ ਆਹ ਜਿਹੜੇ ਵੱਡੀ ਉਮਰ ਆਲੇ ਲੇਖਕਾਂ ਦਾ ਕੰਮ ਵਿੱਢਿਐ, ਠੀਕ ਹੀ ਵਿੱਢਿਐ..ਨਦੀ ਕਿਨਾਰੇ ਰੁਖੜੇ ਨੇ, ਪਤਾ ਨਹੀਂ ਕਦੋਂ ਕਾਲ ਦੀ ਨੈਂਅ ’ਚ ਰੁੜ੍ਹ ਜਾਣ। ਮੈਂ ਸੋਚਿਆ ਮੈਂ ਹਾਂ ਤਾਂ ਅੱਤ ਦਰਜੇ ਦਾ ਘੌਲ਼ੀ, ਹੁਣ ਏਸ ਕੰਮ ਦੀ ਲਿੱਲ ਉੱਠੀ ਹੈ, ਪੂਰੀ ਕਰ ਹੀ ਦੇਣੀ ਚਾਹੀਦੀ ਐ। ਨਾਲ ਇਹ ਵੀ ਅੰਦਰੋਂ ਖਦਸ਼ਾ ਸੀ ਕਿ ਮੈਂ ਲੇਖਕਾਂ ਬਾਰੇ ਕਦੇ ਲਿਖਿਆ ਤਾਂ ਹੈ ਨਹੀਂ... ਜੇ ਗੱਲ ਨਾ ਬਣੀ ਤਾਂ ਫੇਰ! ..ਫੇਰ ਨਾਲ ਸੋਚਿਆ ਗੱਲ ਨਾ ਬਣੀ ਤਾਂ ਕੰਮ ਸੰਤੋਖ ਕਰ ਦਿਆਂਗੇ, ਆਪਾਂ ਕਿਹੜਾ ਸੁੱਖ ਸੁੱਖ ਰੱਖੀ ਹੈ।

ਅਗਲੇ ਦਿਨ ਸਵੱਖ਼ਤੇ ਈ ਮੈਂ ਫੋਨ ਦੀ ਘੰਟੀ ਖੜਕਾਈ ...‘ਹੈਲੋ..ਕੌਣਅ?’

ਮੈਂ ਕਿਹਾ, ‘ਮੈਂ ਅਮਰਜੀਤ ਬੋਲਦਾਂ, ਠੀਕ ਚਾਰ ਵਜੇ ਥੋਡੇ ਕੋਲ ਪਹੁੰਚ ਜਾਊ।’ ਮੈਂ ਵੀ ਧਾਰ ਰੱਖਿਆ ਸੀ ਜਾਣ ਬਾਰੇ, ਮੈਨੂੰ



2010 ’ਚ ਪ੍ਰਕਾਸ਼ ਸਿੰਘ ਬਾਦਲ ਤੋਂ ਸ਼੍ਰੋਮਣੀ ਸਾਹਿਤਕਾਰ ਦਾ ਪੁਰਸਕਾਰ ਪ੍ਰਾਪਤ ਕਰਦੇ ਸਮੇਂ ਦੀ ਤਸਵੀਰ

ਆਪਣੇ ਘੌਲ਼ੀ ਸੁਭਾਅ ਦਾ ਪਤਾ ਸੀ, ਹੁਣ ਸੋਚਿਆ ਤੱਤਾ ਤਵੈ ਹੋਇਆ ਵਿਐ, ਰੋਟੀ ਥੱਪ ਈ ’ਲੋ।ਮੈਂ ਉਹਨੂੰ ਬਾਲ੍ਹਾ ਸੋਚਣ ਦਾ ਟਾਈਮ ਨ੍ਹੀ ਦਿੱਤਾ।

‘ਹਾਂ.. ਹਾਂ.. ਆ ਜਾ ਆ ਜਾ...ਫੇਸ ਨੌਂ ਮਕਾਨ ਨੰਬਰ ਇਕ ਹਜ਼ਾਰ ਤਰਾਨਮੇਂ, ਸੀਟੀ ਮਾਰ ਕੇ ਚੁਬਾਰੇ ਚੜ੍ਹ ਜੀਂ...ਮੈਂ ਉਡੀਕੂੰਗਾ ਚਾਰ ਵਜੇ।’

ਮੈਂ ਸੋਚਿਆ ਬੰਦਾ ਖਾਸਾ ਈ ਰੁਮਾਂਟਿਕ ਐ, ਗੱਲਬਾਤ ਆਪਣੀ ਵਧੀਆ ਰਹੂ...ਮੈਂ ਆਪਣੇ ਘਰੋਂ ਕਾਰ ਚੱਕੀ, ਠੀਕ ਚਾਰ ਕੁ ਵਜੇ ਫੇਸ 9 ਸੁਰਿੰਦਰ ਗਿੱਲ ਦੇ ਘਰ ਪਹੁੰਚ ਗਿਆ।

‘ਪਹੁੰਚਣ ਲੱਗਿਆਂ ਸਮੱਸਿਆ ਤਾਂ ਨਹੀਂ ਆਈ?’ ਆਪਣੀ ਸਿਰ ਦੇ ਅੱਗਿਉਂ ਆਈ ਟੋਟਣ ’ਤੇ ਹੱਥ ਫੇਰਦਿਆਂ ਉਸ ਪੁੱਛਿਆ।

‘ਓ ਮੇਰੇ ਵੱਡੇ ਵੀਰ ਸਮੱਸਿਆ ਕੀ ਆਉਣੀ ਸੀ, ਆਹ ਰੱਬ ਦਾ ਦੂਤ ਜੀ ਪੀ ਐੱਸ ਸਿਸਟਮ ਹੈਗਾ, ਇਹ ਅੱਗੇ-ਅੱਗੇ ਤੇ ਅਸੀਂ ਪਿੱਛੇ-ਪਿੱਛੇ, ਮਰਜ਼ੀ ਇਹਦੀ ਬੇਸ਼ੱਕ ਸ਼ਮਸ਼ਾਨ ਘਾਟ ਲੈ ’ਜੇ।’

ਇਹ ਸੁਣਦਿਆਂ ਉਹਨੇ ਜ਼ੋਰ ਦੀ ਠਹਾਕਾ ਮਾਰਿਆ—‘ਹਾਂ ਗੱਲ ਸਹੀ ਸੁਣਾਈ ਐ।’

ਮੇਰਾ ਹਾਲ-ਚਾਲ ਪੁੱਛਿਆ, ਮੇਰੇ ਬਾਰੇ, ਬੱਚਿਆਂ ਬਾਰੇ, ਮੁਹਾਲੀ ਸ਼ਿਫ਼ਟ ਕਰਨ ਬਾਰੇ, ਪਿਛੋਕੜ ਪੁੱਛਿਆ, ਪੜ੍ਹਾਈ ਲਿਖਾਈ ਪੁੱਛੀ...ਮੈਂ ਆਗਿਆਕਾਰੀ ਬੱਚਾ ਬਣ ਕੇ ਜੋ ਪੁੱਛਿਆ, ਦੱਸਦਾ ਗਿਆ।

ਸਾਹਮਣੇ ਲੱਗੀ ਫਰੇਮ ’ਚ ਜੜੀ ਫੋਟੋ ਨੂੰ ਉਂਗਲ ਕਰਕੇ ਕਹਿੰਦਾ, ‘ਆਹ ਮੇਰਾ ਪਰਵਾਰ ਹੈ, ਉਹ ਛੋਟੇ ਜਿਹੇ ਕੱਦ ਦਾ ਮੈਂ ਹਾਂ, ਮੇਰੇ ਸੱਜੇ ਮੇਰੀ ਹਮਸਫ਼ਰ ਤੇ ਬਿਲਕੁਲ ਖੱਬੇ ਲੰਮਾ ਮੁੰਡਾ ਇਹ ਸਕੈਟਰਿਸਟ ਹੈ ਆਸਟਰੇਲੀਆ ਤੇ ਸੱਜੇ ਸਿਰੇ ’ਤੇ ਲੰਮੀ ’ਜੀ ਕੁੜੀ, ਇਹ ਮੇਰੀ ਧੀ ਹੈ, ਇਹ ਵੀ ਨੌਕਰੀ ਕਰਦੀ ਹੈ ਆਸਟਰੇਲੀਆ।’...ਮੈਂ ਸੋਹਣੇ ਪਰਵਾਰ ਦੀ ਦਾਦ ਦਿੱਤੀ।

‘ਮੈਂ ਆਪਣੇ ਨਾਨਕੇ ਪਲਿਆਂ ਪੰਡੋਰੀ, ਓਥੇ ਹੀ ਸਕੂਲੇ ਪੜ੍ਹਿਆਂ। ਜਦੋਂ ਸੱਤਵੀਂ ’ਚ ਸੀ ਤਾਂ ਮੈਂ ਇਕ ਕਵਿਤਾ ਲਿਖ ਕੇ ਸਕੂਲ ਦੀ ਸਟੇਜ ’ਤੇ ਸੁਣਾਈ।ਜਦੋਂ ਕਵਿਤਾ ਸੁਣਾ ਕੇ ਸਟੇਜ ਤੋਂ ਥੱਲੇ ਉਤਰਿਆ ਤਾਂ ਮੈਨੂੰ ਮੇਰਾ ਹੈੱਡਮਾਸਟਰ ਆਹਦਾ ‘ਇਹ ਕਵਿਤਾ ਕੀਹਦੀ ਚੋਰੀ ਕੀਤੀ ਐ?’ ਮੈਂ ਹੁੱਬ ਕੇ ਕਿਹਾ, ‘ਜੀ ਮੇਰੀ ਐ ਜੀ।’.. ‘ਅਮਰਜੀਤ ਉਹਨੂੰ ਮੇਰੀ ਗੱਲ ’ਤੇ ਵਿਸ਼ਵਾਸ ਤਾਂ ਹੋਇਆ ਨ੍ਹੀ, ਪਰ ਮੈਂ ਅੰਦਰੋਂ ਜਾਣੀ ਦੀ ਊਰਜਾ ਨਾਲ ਭਰਿਆ ਹੋਇਆ ਸੀ।’...ਇਹ ਸੁਣਾਉਂਦਿਆਂ ਉਹਦੇ ਚਿਹਰੇ ’ਤੇ ਮਾਸੂਮੀਅਤ ਝਲਕ ਰਹੀ ਸੀ, ਜਿਵੇਂ ਬੱਚੇ ਦੇ ਰੂਪ ਵਿਚ ਉਹ ਮੇਰੇ ਨਾਲ ਬੈਠਾ ਹੋਵੇ ।

ਫੇਰ ਉਹ ਮੇਰੇ ਮੋਢੇ ’ਤੇ ਹੱਥ ਮਾਰ ਕੇ ਆਂਹਦਾ, ‘ਇਹ ਮੇਰਾ ਕਵੀ ਬਣਨ ਦਾ ਪਹਿਲਾ ਬੀਜ ਸੀ।’

ਇਹ ਕਹਿ ਕੇ ਥੋੜ੍ਹੀ ਦੇਰ ਲਈ ਚੁੱਪ ਹੋ ਗਿਆ, ਫੇਰ ਝੱਟੇ ਈ ਆਪਣੀ ਚੁੱਪ ਤੋੜਦਿਆਂ ਬੋਲਿਆ, ‘ਜਦੋਂ 1957 ’ਚ ਮੈਟ੍ਰਿਕ ਕਰ ਲਈ ਤੇ ਮੈਂ ਫਗਵਾੜਿਉਂ ਰਾਮਗੜ੍ਹੀਆ ਕਾਲਜ ਤੋਂ ਆਰਟ ਐਂਡ ਕਰਾਫਟ ਦਾ ਕੋਰਸ ਕਰ ਲਿਆ ਤੇ ਮੈਂ ਡਰਾਇੰਗ ਟੀਚਰ ਲੱਗ ਗਿਆ।ਐਥੇ ਤੇਰਾ ਸਿੰਘ ਚੰਨ ਗਿਆਨੀ ਦਾ ਕਾਲਜ ਚਲਾਉਂਦਾ ਸੀ, ਮੈਂ ਐਥੋਂ ਗਿਆਨੀ ਵੀ ਕਰ ਲਈ।’

‘ਪਹਿਲੀ ਕਿਤਾਬ ਕਦੋਂ ਛਪੀ?’ ਮੈਂ ਵਿੱਚੋਂ ਹੀ ਤਰਕਸ਼ ’ਚੋਂ ਤੀਰ ਛੱਡਿਆ।

ਉਹ ਸੋਫ਼ੇ ’ਤੇ ਟੇਢਾ ਪਿਆ ਸਿੱਧਾ ਹੋ ਗਿਆ, ‘ਅਜੇ ਮੈਂ ਲਵੀ ਜਿਹੀ ਉਮਰ ਦਾ ਸੀ, ਮਸਾਂ ਵੀਹ ਇੱਕੀਆਂ ਦਾ, ਦਾੜ੍ਹੀ ਫੁੱਟ ਹੀ ਰਹੀ ਸੀ, 1963 ਦੀ ਗੱਲ ਹੈ ਜਦੋਂ ਪਹਿਲੀ ਕਵਿਤਾ ਦੀ ਕਿਤਾਬ ‘ਸ਼ਗਨ’ ਛਪੀ।’

‘ਛੋਟੀ ਉਮਰੇ ਹੀ ਕਿਤਾਬ ਛਪੀ, ਫੇਰ ਤਾਂ ਉਤਸ਼ਾਹ ਬੜਾ ਹੋਣੈ?’ ਮੈਂ ਪੈਂਦੀ ਸੱਟੇ ਸੁਆਲ ਦਾਗਿਆ।

‘ਉਤਸ਼ਾਹ ਆਖਿਆ ਬੜਾ ਆਖਿਆ, ਮੇਰੇ ਤਾਂ ਪੈਰ ਧਰਤੀ ਤੋਂ ਉਠ ਉੱਠ ਉਤਾਂਹ ਨੂੰ ਛਾਲਾਂ ਮਾਰਨ, ਮੈਂ ਤਾਂ ਆਪਣੇ ਆਪ ਨੂੰ ਪ੍ਰੋ. ਮੋਹਨ ਸਿੰਘ ਤੋਂ ਘੱਟ ਈ ਨਾ ਸਮਝਾਂ।’ ਅੱਖਾਂ ਪੂਰੀਆਂ ਖੋਲ੍ਹਦਿਆਂ ਉਸ ਮੇਰੇ ਵੰਨੀਂ ਝਾਕ ਕੇ ਆਖਿਆ।

ਫੇਰ ਉਹ ਜ਼ੋਰ ਦੀ ਹੱਸਿਆ, ‘ਦਰਅਸਲ ਅਮਰਜੀਤ, ਇਹ ਸੌਂਹਰੀ ਦੀ ਉਮਰ ਈ ਮਛੋਰਮੱਤੀਆ ਹੁੰਦੀ ਐ। ਜੇ ਕੋਈ ਏਸ ਉਮਰੇ ਪਿਆਰ ਵੀ ਕਰਦੈ ਨਾ, ਉਹਨੂੰ ਐਂ ਲੱਗਦੈ ਕਿ ਜਿਵੇਂ ਸਭ ਤੋਂ ਸੋਹਣੀ ਤੀਵੀਂ ਬਸ ਇਹੀ ਐ ਜੀਹਨੂੰ ਮੈਂ ਪਸੰਦ ਕੀਤੈ..ਬਸ ਉਮਰ ਉਮਰ ਦਾ ਤਕਾਜ਼ੈ।’

ਇਹ ਕਹਿ ਕੇ ਉਹ ਗੰਭੀਰ ਹੋ ਗਿਆ ਤੇ ਫੇਰ ਕਹਿਣ ਲੱਗਾ, ‘ਫੇਰ ਮੇਰੇ ਜਲਦੀ ਪੈਰ ਧਰਤੀ ’ਤੇ ਟਿਕ’ਗੇ ਤੇ ਮੈਂ ਸਮਾਜ ਨੂੰ ਚੰਗੀ ਤਰ੍ਹਾਂ ਜੋਹਣ ਲੱਗ ਪਿਆ।’

ਫੇਰ ਮੇਰੀ ਚਾਰ ਸਾਲ ਬਾਅਦ 1967 ਵਿੱਚ ‘ਸਫ਼ਰ ਤੇ ਸੂਰਜ’ ਦੂਜੀ ਕਵਿਤਾ ਦੀ ਕਿਤਾਬ ਆਈ।

ਆਪਣੇ ਮੱਥੇ ’ਤੇ ਹੱਥ ਫੇਰਦਿਆਂ ਹੌਲੀ-ਹੌਲੀ ਜਿਵੇਂ ਉਸ ਬੋਲ ਖਿੱਚ ਕੇ ਕੱਢੇ ਹੋਣ, ‘ਦੁਨੀਆ ਹੁਣ ਮੈਨੂੰ ਬਦਲੀ-ਬਦਲੀ ਲੱਗੀ। ਰੁਮਾਂਸ ਦੀ ਦੁਨੀਆ ਤੋਂ ਯਥਾਰਥ ਦੀ ਦੁਨੀਆ ’ਤੇ ਪੈਰ ਰੱਖਣ ਲੱਗ ਪਿਆ।’

‘ਟੋਨੀ ਸਿਆਂ ਚਾਹ ਆ’ਗੀ, ਲੈ’ਬੀ ਅਮਰਜੀਤ ਚਾਹ ਦਾ ਪਿਆਲਾ ਚੱਕ ਤੇ ਆਹ ਬਿਸਕੁਟ ਚਾਹ ’ਚ ਡਬੋ ਡਬੋ ਛਕ,



ਆਪਣੀ ਪਤਨੀ ਸਨੇਹ ਪ੍ਰਭਾ ਨਾਲ

ਬਾਕੀ ਗੱਲਾਂ ਆਪਾਂ ਚਾਹ ਦੇ ਪਿਆਲੇ ਦੇ ਨਾਲ-ਨਾਲ ਕਰਾਂਗੇ— ਗੱਪਸ਼ੱਪ ਵਿਦ ਟੀ—ਹੈਂਅ ਏਦਾਂ ਈ ਐ ਨਾ ਅੱਜਕੱਲ੍ਹ ਗਲਬਾਤ ਦਾ ਟ੍ਰੈਂਡ..ਹਾਹਾਹਾ।’

‘ਕਿਤਾਬਾਂ ਤਾਂ ਛਪ ਗਈਆਂ, ਅੱਗੇ ਹੋਰ ਪੜ੍ਹਾਈ-ਲਿਖਾਈ ਵੀ ਤਾਂ ਕੀਤੀ ਹੋਣੀ ਹੈ?’ ਮੈਂ ਅੱਗੇ ਗੱਲ ਨੂੰ ਧੱਕਿਆ।

‘ਹਾਂਅ...ਲੈਅ..ਆਪਾਂ ਵਿਹਲੇ ਥੋੜ੍ਹੇ ਬਹਿਣ ਆਲ਼ੇ ਸੀ। ਮੈਂ ਜਦੋਂ 1962 ’ਚ ਸਰਕਾਰੀ ਹਾਈ ਸਕੂਲ ਤਲਵੰਡੀ ਚੌਧਰੀ ਡਰਾਇੰਗ ਟੀਚਰ ਲੱਗਿਆ ਤਾਂ ਨਾਲ ਹੀ ਜਦੇ ਈ ਵਾਇਆ ਬਠਿੰਡਾ ਅੰਗਰੇਜ਼ੀ ਦਾ ਪੇਪਰ ਦੇ ਕੇ ਬੀ ਏ ਕਰ ਲਈ, ਐਥੇ ਮੈਂ ਤਿੰਨ ਸਾਲ ਰਿਹਾ।ਪਿੰਡ ’ਚ ਈ ਰਹਿੰਦਾ ਸਾਂ, ਆਪੇ ਚੁੱਲ੍ਹੇ ’ਤੇ ਰੋਟੀਆਂ ਥੱਪਿਆ ਕਰਾਂ।ਸਾਦਾ ਜ਼ਮਾਨਾ ਸੀ, ਪਿੰਡ ’ਚ ਦੁੱਧ, ਮੱਖਣ ਆਮ ਸੀ..ਊਂ ਵੈਸੇ ਸੀ ਮੌਜ।’ ਇਹ ਕਹਿੰਦਾ-ਕਹਿੰਦਾ ਜਿਵੇਂ ਉਹ ਸੱਠ ਸਾਲ ਪਿੱਛੇ ਚਲਾ ਗਿਆ ਹੋਵੇ।

ਮੈਨੂੰ ਐਂ ਸੀ ਬਾਬਾ ਕਿਤੇ ਸੱਠ ਸਾਲ ਪਿੱਛੇ ਨਾ ਤੁਰਿਆ ਫਿਰੇ ਤੇ ਹੋਰ ਕਿਤੇ ਪਿਛਾਂਹ ਨੂੰ ਹੀ ਨਾ ਘੁਮਾਈ ਫਿਰੇ।ਮੈਂ ਝੱਟ ਸਮੇਂ ਦੀ ਸੂਈ ਨੂੰ ਸੱਠ ਸਾਲ ਅੱਗੇ ਲੈ ਆਇਆ, ‘ਕਾਲਜ ਲੈਕਚਰਸ਼ਿਪ ਤੋਂ ਰਿਟਾਇਰ ਹੋਏ ਹੋ, ਅੱਗੇ ਫੇਰ ਪੜ੍ਹਾਈ ਜਾਰੀ ਕਿਵੇਂ ਰੱਖੀ?’

‘1966 ਤੋਂ 68 ਤੱਕ ਲਾਇਲਪੁਰ ਖਾਲਸਾ ਕਾਲਜ, ਜਲੰਧਰ ਤੋਂ ਪੰਜਾਬੀ ਐੱਮ.ਏ. ਯੂਨੀਵਰਸਿਟੀ ’ਚ ਤੀਜੇ ਨੰਬਰ ’ਤੇ ਪਾਸ ਕੀਤੀ।’

‘ਸਕੂਲ ਦੀ ਨੌਕਰੀ ਤੋਂ ਛੁੱਟੀ ਲਈ?’ ਮੈਂ ਪੁੱਛਿਆ।

‘ਹਾਂ, ਛੁੱਟੀ ਲਈ। ਐੱਮ.ਏ. ਤੋਂ ਬਾਅਦ 1969 ’ਚ ਕਾਲਾ ਅਫ਼ਗਾਨਾ ਕਾਲਜ ’ਚ ਲੈਕਚਰਾਰ ਲੱਗ ਗਿਆ।’ ਮੇਰੀ ਗੱਲ ਦਾ ਉਹਨੇ ਫੌਰੀ ਜਵਾਬ ਦਿੱਤਾ।

‘ਹਾਂ ਸੱਚ, ਐੱਮ.ਏ. ਕਰਦਿਆਂ ਮੈਂ ‘ਨਵਾਂ ਜ਼ਮਾਨਾ’ ਅਖ਼ਬਾਰ ਵਿਚ ਜਗਜੀਤ ਸਿੰਘ ਆਨੰਦ ਨਾਲ ਸਬ-ਐਡੀਟਰ ਦੀ ਸੌ ਰੁਪਏ ਮਹੀਨੇ ’ਤੇ ਨੌਕਰੀ ਕੀਤੀ।ਸਵੇਰੇ ਸਾਢੇ ਬਾਰਾਂ ਵਜੇ ਤੱਕ ਕਲਾਸਾਂ ਲਾਉਂਦਾ ਤੇ ਦੋ ਤੋਂ ਸੱਤ ਵਜੇ ਤੱਕ ਅਖ਼ਬਾਰ ਦੀ ਨੌਕਰੀ।ਅੱਠ ਨੌਂ ਮਹੀਨਿਆਂ ਬਾਅਦ ਸੰਤ ਫਤਿਹ ਸਿੰਘ ਦਾ ਪੰਥਕ ਅਖ਼ਬਾਰ ‘ਕੌਮੀ ਦਰਦ’ ਵਿਚ ਦੋ ਸੌ ਰੁਪਏ ਮਹੀਨੇ ’ਤੇ ਨੌਕਰੀ ਜਾ ਕੀਤੀ, ਨਵਾਂ ਜ਼ਮਾਨਾ ਛੱਡ ਦਿੱਤਾ।’

‘ਤੁਸੀਂ ਰਘਬੀਰ ਸਿਰਜਣਾ, ਤੇਰਾ ਸਿੰਘ ਚੰਨ, ਹਰਭਜਨ ਹੁੰਦਲ ਨਾਲ ਵੀ ਰਹੇ।ਮਾਰਕਸਵਾਦ ਦਾ ਪ੍ਰਭਾਵ ਤੁਹਾਡੇ ’ਤੇ ਵੀ ਰਿਹਾ ਹੋਣੈ? ’ ਮੈਂ ਪੁੱਛਿਆ।

‘ਹਾਂ..ਹਾਂ.. ਬਿਲਕੁਲ।ਮੇਰੀ ਤਾਉਮਰ ਸਾਰੀ ਜ਼ਿੰਦਗੀ ’ਤੇ ਏਸ ਵਿਚਾਰਧਾਰਾ ਦਾ ਅਸਰ ਰਿਹੈ।ਉਸ ਵੇਲੇ ਤਾਂ ਐਨੇ ਉਤਸ਼ਾਹੀ ਸੀ ਕਿ ਲੱਗਦਾ ਸੀ ਕਿ ਸਮਾਜਵਾਦ ਬਸ ਆਇਆ ਲੈ।’

ਥੋੜ੍ਹਾ ਜਿਹਾ ਰੁਕ ਕੇ ਹੇਠਾਂ ਨੀਝ ਨਾਲ ਵੇਖਦਿਆਂ ਫੇਰ ਬੋਲਿਆ, ‘ਰੁਮਾਂਸ ਖਾਸਾ ਈ ਹਾਵੀ ਸੀ।’ ਉਹ ਮੁਸਕਰਾਇਆ।

‘ਹੁਣ ਉਸ ਰੁਮਾਂਸ ਨੂੰ ਕਿਵੇਂ ਲੈਂਦੇ ਹੋ?’ ਮੈਂ ਕੁਰੇਦਣਾ ਚਾਹਿਆ।

‘ਹੁਣ ਮੈਂ ਸੋਚ ਰਿਹਾਂ, ਅਨਿਆਂ ਵਿਰੁੱਧ ਤਾਂ ਬੋਲਣਾ ਲੇਖਕ ਦਾ ਧਰਮ ਹੈ, ਬੋਲਣਾ ਚਾਹੀਦਾ ਵੀ ਹੈ।’ ਉਹ ਆਪਣੀ ਜਿਵੇਂ ਪ੍ਰਤੀਬੱਧਤਾ ਜ਼ਾਹਿਰ ਕਰ ਰਿਹਾ ਹੋਵੇ।

‘ਹੁਣ ਜਦੋਂ ਉਤਪਾਦਨ ਦੇ ਸਾਧਨਾਂ ਅੰਦਰ ਕੰਪਿਊਟਰ ਦਾ ਦਖਲ ਹੋ ਚੁੱਕਿਐ, ਦਿਨੋਂ-ਦਿਨ ਮਜ਼ਦੂਰ ਦੀ ਥਾਂ ਮਸ਼ੀਨ ਦੀ ਭੂਮਿਕਾ ਵਧ ਰਹੀ ਹੈ। ਉਤਪਾਦਨ ਬਹੁਤ ਵਧ ਰਿਹਾ ਹੈ, ਵੱਡੀ ਇੰਡਸਟਰੀ ਦੀ ਥਾਵੇਂ ਮਾਈਕਰੋ ਇੰਡਸਟਰੀ ਦਿਨੋਂ-ਦਿਨ ਆ ਰਹੀ ਹੈ।ਇਹਨਾਂ ਮੌਜੂਦਾ ਸਮਿਆਂ ਅੰਦਰ ਮਾਰਕਸਵਾਦ ਦੀ ਭੂਮਿਕਾ ਕਿਹੋ ਜਿਹੀ ਰਹੇਗੀ?’ ਮੈਂ ਗੱਲਬਾਤ ਦਾ ਰੁਖ ਗੰਭੀਰਤਾ ਵੱਲ ਮੋੜਿਆ।

ਉਹਨੇ ਕੁੱਝ ਪਲ ਸੋਚਿਆ ਤੇ ਖੂੰਡੀ ਨੂੰ ਜ਼ਮੀਨ ’ਤੇ ਥੱਪਥਪਾਉਂਦਿਆਂ ਏਨਾ ਹੀ ਕਿਹਾ, ‘ਇਕ ਸੱਚੇ ਸਾਹਿਤਕਾਰ ਨੂੰ ਸਮਾਜ ਦੀ ਕਾਣ ਵਿਰੁੱਧ ਹਮੇਸ਼ਾ ਪਹਿਰਾ ਦੇਂਦੇ ਰਹਿਣਾ ਚਾਹੀਦੈ, ਇਹ ਉਸ ਦੀ ਪ੍ਰਤੀਬੱਧਤਾ ਹੈ, ਮੈਂ ਅੱਜ ਵੀ ਏਥੇ ਹੀ ਖੜ੍ਹਾਂ।’

ਮੈਂ ਵਿਚਾਰਧਾਰਕ ਮਸਲਿਆਂ ਨੂੰ ਅੱਗੇ ਹੋਰ ਨਹੀਂ ਖਿਸਕਾਇਆ ਤੇ ਉਹਦੀਆਂ ਹੋਰ ਛਪੀਆਂ ਪੁਸਤਕਾਂ ਬਾਰੇ ਪੁੱਛਦਿਆਂ ਗੱਲ ਨੂੰ ਮੋੜਾ ਦਿੱਤਾ।

‘1967 ਤੋਂ ਬਾਅਦ 1987 ਵਿੱਚ ਵੀਹ ਸਾਲ ਬਾਅਦ ‘ਗੰਗਾ ਦਰਦ’ ਕਾਵਿ-ਸੰਗ੍ਰਹਿ ਛਪਿਆ।ਫੇਰ ਗਿਆਰਾਂ ਸਾਲਾਂ ਬਾਅਦ 1998 ਵਿਚ ‘ਆਵਾਜ਼’ 2005 ਵਿਚ, ‘ਹੁਣ ਧੀਆਂ ਦੀ ਵਾਰੀ’ ਤੇ ‘ਦੋਸਤੀ ਦੀ ਰੁੱਤ’ ਦੋ ਕਾਵਿ-ਸੰਗ੍ਰਹਿ ਛਪੇ।’ ਆਪਣੀਆਂ ਰਚਨਾਵਾਂ ਦੇ ਉਸ ਪੱਤੇ ਖੋਲ੍ਹੇ।

‘ਤੁਸੀਂ ਗੌਰਮਿੰਟ ਕਾਲਜ ਬਤੌਰ ਲੈਕਚਰਾਰ ਰਿਟਾਇਰ ਹੋਏ, ਕਿੱਥੇ ਕਿੱਥੇ ਨੌਕਰੀ ਕੀਤੀ?’ ਮੈਂ ਵੱਖ-ਵੱਖ ਕਰਮ-ਸਥਾਨਾਂ ਬਾਰੇ ਜਾਨਣਾ ਚਾਹੁੰਦਾ ਸਾਂ।

‘ਜੁਲਾਈ 1969 ਤੋਂ ਅਗਸਤ 1973 ਤੱਕ ਗੌਰਮਿੰਟ ਕਾਲਜ ਪੱਟੀ ਰਿਹਾ, ਫੇਰ ਮੈਂ ਕਪੂਰਥਲਾ ਗੌਰਮਿੰਟ ਕਾਲਜ ’ਚ ਰਿਹਾ। ਸੰਨ੍ਹ 82 ਤੋਂ 84 ਤੱਕ ਹੁਸ਼ਿਆਰਪੁਰ ਰਿਹਾ, ਕਿਉਂ ਜੋ ਏਸ ਦੌਰਾਨ ਮੇਰੀ ਪਤਨੀ ਜੋ ਸਕੂਲ ਵਿਚ ਅੰਗਰੇਜ਼ੀ ਦੀ ਲੈਕਚਰਾਰ ਸੀ, ਹੁਸ਼ਿਆਰਪੁਰ ਬਦਲੀ ਹੋ ਗਈ।ਫੇਰ ਮੈਂ ਕਪੂਰਥਲੇ ਦੁਬਾਰਾ ਗੌਰਮਿੰਟ ਕਾਲਜ ’ਚ ਰਿਹਾ।ਏਦਾਂ ਚੱਲਦੇ-ਚੱਲਦੇ ਹੁਸ਼ਿਆਰਪੁਰੋਂ ਸੰਨ ਦੋ ਹਜ਼ਾਰ ਵਿਚ ਰਿਟਾਇਰ ਹੋ ਗਿਆ।’ ਉਸ ਨੌਕਰੀ ਦੀ ਗੱਲ ਕੱਥ ਖਤਮ ਕਰਨੀ ਚਾਹੀ।

‘ਰਚਨਾਵਾਂ ’ਤੇ ਕੋਈ ਐਵਾਰਡ ਜਾਂ ਕਿਸੇ ਸੰਸਥਾ ਨੇ ਸਨਮਾਨਿਤ ਕੀਤਾ ਹੋਵੇ?’ ਮੈਂ ਲੇਖਕ ਦੀ ਜਮਾਂਪੂੰਜੀ ਨੂੰ ਜੋਖਣਾ ਚਾਹਿਆ।

‘ਮੈਨੂੰ ਪੰਜਾਬੀ ਸਾਹਿਤ ਅਕਾਦਮੀ ਦੁਆਰਾ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ 2005 ਵਿਚ ਮਿਲਿਆ।ਏਦਾਂ ਹੀ ਬਾਹਰਲੇ ਦੇਸ਼ਾਂ ਦੀਆਂ ਸਾਹਿਤ ਸਭਾਵਾਂ ਜਿਵੇਂ ਆਸਟ੍ਰੇਲੀਆ, ਅਮਰੀਕਾ, ਬ੍ਰਿਟੇਨ ਦੀਆਂ ਸਭਾਵਾਂ ਨੇ ਮੇਰੀਆਂ ਰਚਨਾਵਾਂ ਨੂੰ ਮੁੱਖ ਰੱਖਦਿਆਂ ਸਮੇਂ-ਸਮੇਂ ਸਨਮਾਨਿਤ ਕੀਤਾ।ਉਦੋਂ ਬਹੁਤ ਖੁਸ਼ੀ ਹੋਈ ਜਦੋਂ 2010 ਵਿਚ ਭਾਸ਼ਾ ਵਿਭਾਗ ਨੇ ਸ਼੍ਰੋਮਣੀ ਕਵੀ ਦਾ ਵਕਾਰੀ ਸਨਮਾਨ ਦੇ ਕੇ ਮੈਨੂੰ ਮਾਣ ਬਖਸ਼ਿਆ।’ ਇਹ ਸੁਣਦਿਆਂ ਮੇਰਾ ਦਿਲ ਅਦਬ ਨਾਲ ਝੁਕਿਆ। ਮੇਰੀਆਂ ਅੱਖਾਂ ਵਿਚ ਅਦਬ ਮਹਿਸੂਸ ਕੇ ਸਾਹਮਣੇ ਬੈਠਾ ਭੋਲ਼ਾ ਪੰਛੀ ਵੀ ਥੋੜ੍ਹਾ ਜਿਹਾ ਭਾਵੁਕ ਹੋ ਗਿਆ।ਮੈਂ ਦਾਦ ਦਿੱਤੀ ਤੇ ਕਿਹਾ ਕਿ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਇਕ ਬਹੁਤ ਹੀ ਉੱਧੇ ਕਵੀ ਨਾਲ ਮੈਂ ਰੂਬਰੂ ਕਰ ਰਿਹਾਂ।

ਉਸ ‘ਰਸੀਆਂ ਨਿਮੋਲੀਆਂ’, ‘ਗੀਤ ਦਾ ਬੇਦਾਵਾ’, ‘ਉਸ ਨੇ ਕਿਹਾ’, ‘ਪਾਣੀ ਤੇ ਪੁਲ’ ਹੋਰ ਛਪੀਆਂ ਕਵਿਤਾਵਾਂ ਦੀਆਂ ਪੁਸਤਕਾਂ ਤੇ ਦੋ ਸਮੀਖਿਆ ਪੁਸਤਕਾਂ ਦਾ ਵੀ ਜ਼ਿਕਰ ਕੀਤਾ, ਜਿਹੜੀਆਂ ਸਮੇਂ-ਸਮੇਂ ’ਤੇ ਛਪੀਆਂ।

ਮੈਂ ਛੇੜਨਾ ਚਾਹਿਆ, ‘ਹੁਣ ਚੁਰਾਸੀ ਸਾਲ ਦੀ ਉਮਰੇਂ ਵੀ ਕੋਈ ਪੁਸਤਕ ਛਾਪ ਕੇ ਡੰਡ ਬੈਠਕ ਕੱਢੀ?’

ਇਹ ਸੁਣ ਕੇ ਉਹਦੇ ਖੱਬੇ ਪਾਸੇ ਪਈ ਵਾਰਤਕ ਦੀ ਪੁਸਤਕ ‘ਦੋਸਤੀ ਦੀ ਸੂਹੀ ਲਾਟ’ ਜ਼ੋਰ ਦੀ ਮੇਜ਼ ’ਤੇ ਮਾਰਦਿਆਂ ਕਿਹਾ, ‘ਆਹ ਵੇਖ ਝੱਟੇ ਦੇ ਸਿਰ ਅਰਗੀ।ਇਸ ਪੁਸਤਕ ਵਿਚ ਵੱਖ-ਵੱਖ ਸਮਿਆਂ ਅੰਦਰ ਅਖ਼ਬਾਰਾਂ, ਮੈਗਜ਼ੀਨਾਂ ਵਿਚ ਛਪੇ ਲੇਖਾਂ ਨੂੰ ਇਕ ਥਾਈਂ ਇਕੱਠਾ ਕਰਕੇ ਛਾਪਿਐ। ਮੈਂ ਸੋਚਿਆ ਪਤਾ ਨਹੀਂ ਸਾਡੇ ਆਲ਼ਾ ਕਦੋਂ ਘੋਗਾ ਚਿੱਤ ਹੋ’ਜੇ, ਸਾਰੇ ਲੇਖਾਂ ਨੂੰ ਇਕੱਠਾ ਕਰਕੇ ਇੱਕੋ ਜਿਲਦ ਵਿਚ ਬੰਨ੍ਹ’ਤਾ....ਹੋ ਗਿਆ ਫੇਰ ਕੰਮ ਫਤਹਿ।’

ਮੈਂ ਕਿਹਾ, ‘ਸਾਡਾ ਵੀ ਹੁਣ ਇੰਟਰਵਿਊ ਆਲ਼ਾ ਹੋ ਗਿਆ ਕੰਮ ਫਤਹਿ—ਸਤਿ ਸ੍ਰੀ ਆਕਾਲ।’

‘ਤੂੰ ਵੀ ਬੜਾ ਘੁਤਿੱਤੀ ਐਂ, ਗੱਲ ਕੱਥ ਦਾ ਅੰਤ ਵਧੀਆ ਕੀਤੈ।’ ਉਹ ਠਹਾਕਾ ਮਾਰ ਕੇ ਹੱਸਿਆ।

**ਸੰਪਰਕ : 94163-55918**

# ਕਿਊਬਾ ਫੇਰੀ ਤੋਂ ਲਏ ਪ੍ਰਭਾਵ

ਸਿੱਖਿਆ ਤੇ ਸਿਹਤ ਵਿੱਚ ਕਿਊਬਾ ਦਾ ਕੋਈ ਮੁਕਾਬਲਾ ਨਹੀਂ ਹੈ। ਜੋ ਸਮਾਜਵਾਦੀ ਦੇਸ਼ ’ਚ ਹੋਣ ਦਾ ਕਿਆਸ ਕੀਤਾ ਜਾ ਸਕਦਾ ਹੈ, ਉਹ ਸਭ ਹੋ ਰਿਹਾ ਹੈ। ਸਰਮਾਏਦਾਰੀ ਦੇਸ਼ਾਂ ਚਾਹੇ ਭਾਰਤ ਵਰਗੇ ਵਿਕਾਸਸ਼ੀਲ ਹਨ ਜਾਂ ਅਮਰੀਕਾ-ਕੈਨੇਡਾ ਵਰਗੇ ਵਿਕਸਤ, ਉਨ੍ਹਾਂ ਵਿੱਚ ਇਨ੍ਹਾਂ ਦੋਹਾਂ ਦਾ ਹੀ ਮੰਦਾ ਹਾਲ ਹੈ ਅਤੇ ਇਹ ਹਾਲਤ ਦਿਨੋ-ਦਿਨ ਹੋਰ ਵੀ ਨਿੱਘਰਦੀ ਜਾ ਰਹੀ ਹੈ। ਅਮਰੀਕਾ, ਕੈਨੇਡਾ, ਬਰਤਾਨੀਆ ਆਦਿ ਵਿਕਸਤ ਦੇਸ਼ਾਂ ਵਿੱਚ ਤਾਂ ਕਿੰਨਾ ਵੀ ਜ਼ਰੂਰੀ ਇਲਾਜ ਕਰਾਉਣਾ ਹੋਵੇ, 6-6 ਮਹੀਨੇ ਵਾਰੀ ਹੀ ਨਹੀਂ ਆਉਂਦੀ।

ਤੀਸਰਾ ਸਭ ਤੋਂ ਵੱਡਾ ਮੁੱਦਾ ਹੈ ਰੁਜ਼ਗਾਰ! ਪੜ੍ਹਾਈ ਭਾਵ ਯੋਗਤਾ ਤੋਂ ਬਾਅਦ ਹਰ ਕਿਸੇ ਨੂੰ ਯੋਗਤਾ ਮੁਤਾਬਕ ਕੰਮ ਮਿਲੇ। ਉਹ ਵਿਹਲਾ ਨਾ ਰਹੇ, ਇਹ ਸਭ ਤੋਂ ਲਾਜ਼ਮੀ ਹੈ। ਅੱਜ ਇਹ ਕਿਸੇ ਵੀ ਸਰਮਾਏਦਾਰੀ ਪ੍ਰਬੰਧ ਵਿੱਚ ਨਹੀਂ ਹੈ। ਪਹਿਲਾਂ-ਪਹਿਲ ਹੁੰਦਾ ਸੀ ਜਦ ਸੋਵੀਅਤ ਯੂਨੀਅਨ ਵੇਲੇ ਭਾਵ 1990-91 ਤੱਕ ਸਮਾਜਵਾਦੀ ਸੋਚ ਬੇਹੱਦ ਪ੍ਰਬਲ ਸੀ। ਹੁਣ ਇਹ ਸਭ ਸਹਿਜੇ-ਸਹਿਜੇ ਜਿਵੇਂ ਸਮਾਪਤ ਹੀ ਹੋ ਗਿਆ ਹੈ। ‘ਲੱਖਾਂ ਹੱਥ ਤੇ ਸਿਰ

## ਯਾਤਰਾ ਬਿਰਤਾਂਤ-2

## ਮੱਖਣ ਕੁਹਾੜ

ਬੇਕਾਰ-ਕੌਮ ਦੀ ਦੌਲਤ ਰੁਲੇ ਬਾਜ਼ਾਰ!’ ਕਿਊਬਾ ਸਰਕਾਰ ਇਸ ਹੱਥਾਂ ਤੇ ਸਿਰਾਂ ਦੀ ਸ਼ਕਤੀ ਨੂੰ ਬੇਕਾਰ ਰੱਖ ਕੇ ਉੱਕਾ ਹੀ ਕਿਧਰੇ ਗਲ਼ੀਂ-ਬਾਜ਼ਾਰੀਂ ਨਹੀਂ ਰੁਲਣ ਦੇਂਦੀ। ਜਿੰਨੀ ਵੀ ਕਿਸੇ ਨੇ ਸਿੱਖਿਆ ਹਾਸਲ ਕੀਤੀ ਹੈ, ਭਾਵ ਜਿਸ ਵੀ ਕੰਮ ਦੀ ਉਸ ਨੇ ਯੋਗਤਾ ਹਾਸਲ ਕਰ ਲਈ ਹੈ, ਉਸ ਮੁਤਾਬਕ ਉਸ ਨੂੰ ਲਾਜ਼ਮੀ ਕੰਮ ਦੇ ਦਿੱਤਾ ਜਾਂਦਾ ਹੈ। ਇੱਥੇ ਹਰ ਕਿਸੇ ਲਈ ਨੌਕਰੀ ਕਰਨਾ ਜ਼ਰੂਰੀ ਹੈ। ਕੰਮ ਵੀ ਜਿਸ ਦੇ ਉਹ ਯੋਗ ਹੋਵੇ। ਕੋਈ ਵੀ ਬੰਦਾ ਉਥੇ ਵਿਹਲਾ ਨਹੀਂ ਰਹਿੰਦਾ। ਭਾਵੇਂ ਔਰਤ ਹੈ ਜਾਂ ਮਰਦ। ਹਰ ਕਿਸੇ ਲਈ ਕੰਮ ਕਰਨਾ ਜ਼ਰੂਰੀ ਹੈ। ਵਧੇਰੇ ਕੰਮ ਟੂਰਿਸਟ ਹੋਟਲਾਂ ਵਿੱਚ ਹੈ ਪਰ ਕਾਰਖ਼ਾਨਿਆਂ ਵਿੱਚ ਕੰਮ ਬਹੁਤ ਦਿੱਤਾ ਜਾਂਦਾ ਹੈ। ਮਸ਼ੀਨਾਂ ਦੀ ਥਾਂ ਮਨੁੱਖੀ ਸ਼ਕਤੀ ਨੂੰ ਪਹਿਲ ਦਿੱਤੀ ਜਾਂਦੀ ਹੈ ਤਾਂ ਕਿ ਲੋਕਾਂ ਨੂੰ ਵੱਧ ਤੋਂ ਵੱਧ ਕੰਮ ਮਿਲ ਸਕੇ।

ਇਸ ਦੇ ਨਾਲ ਇਹ ਵੀ ਹੈ ਕਿ ਹਰ ਕਿਸੇ ਨੂੰ ਲੱਗਭੱਗ ਬਰਾਬਰ ਤਨਖ਼ਾਹ ਮਿਲਦੀ ਹੈ। ਇੱਕ ਆਮ ਵਰਕਰ ਤੇ ਅਧਿਆਪਕ ਜਾਂ ਡਾਕਟਰ ਦੀ ਤਨਖ਼ਾਹ ਵਿੱਚ ਬਹੁਤਾ ਅੰਤਰ ਨਹੀਂ ਹੈ। ਭਾਵ ਅੰਤਰ ਤਾਂ ਹੈ, ਪਰ ਥੋੜ੍ਹਾ। ਜੇ ਆਮ ਵਰਕਰ ਨੂੰ 5-6 ਹਜ਼ਾਰ ਪੈਸੇ (ਕਿਊਬਾ ਕਰੰਸੀ) ਮਿਲਦੇ ਹਨ ਤਾਂ ਅਧਿਆਪਕ ਨੂੰ 7-8 ਹਜ਼ਾਰ ਤੇ ਪ੍ਰੋਫ਼ੈਸਰ-ਡਾਕਟਰ ਨੂੰ 9-10 ਹਜ਼ਾਰ, ਕਿਉਂਕਿ ਸਭ ਕੁੱਝ ਮੁਫ਼ਤ ਹੈ, ਇਸ ਲਈ ਇੰਨੇ ਪੈਸਿਆਂ ਵਿੱਚ ਉਸ ਦੀਆਂ ਸਭੇ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ। ਸੇਵਾ-ਮੁਕਤੀ ’ਤੇ ਹਰ ਕਿਸੇ ਨੂੰ ਬਕਾਇਦਾ ਪੈਨਸ਼ਨ ਮਿਲਦੀ ਹੈ।

ਸਿੱਖਿਆ, ਸਿਹਤ ਤੇ ਰੋਜ਼ਗਾਰ ਦੇ ਬਾਅਦ ਚੌਥਾ ਸਭ ਤੋਂ ਵੱਡਾ ਮਸਲਾ ਹੁੰਦਾ ਹੈ ਖ਼ੁਰਾਕ ਦਾ, ਅੰਨ-ਪਾਣੀ ਦਾ। ਕਿਊਬਾ ਵਿੱਚ ਹਰ ਕਿਸੇ ਨੂੰ ਅਨਾਜ ਮੁਫ਼ਤ ਮਿਲਦਾ ਹੈ। ਹਰ ਪਿੰਡ ਵਿੱਚ ਡੀਪੂ ਹਨ। ਹਰ ਕਿਸੇ ਦਾ ਰਾਸ਼ਨ ਕਾਰਡ ਬਣਿਆ ਹੋਇਆ ਹੈ। ਰਾਸ਼ਨ ਕਾਰਡ ਅਨੁਸਾਰ ਜਿੰਨੇ ਕਿਸੇ ਦੇ ਜੀਅ ਹਨ, ਓਨਾ ਰਾਸ਼ਨ ਮਿਲ ਜਾਂਦਾ ਹੈ। 7 ਕਿੱਲੋ ਪ੍ਰਤੀ ਜੀਅ ਦੇ ਹਿਸਾਬ। ਚਾਵਲ, ਖੰਡ, ਲੂਣ, ਤੇਲ, ਮਸਾਲੇ, ਦੁੱਧ, ਚਾਹ ਪੱਤੀ ਆਦਿ-ਆਦਿ, ਜੋ ਵੀ ਘਰਾਂ ਵਿੱਚ ਲੋੜ ਹੁੰਦੀ ਹੈ, ਉਹ ਸਭ ਮਿਲ ਜਾਂਦਾ ਹੈ। ਜੇ ਕੋਈ ਹੋਰ ਲੈਣਾ ਚਾਹੇ ਤਾਂ ਉਹ ਬਹੁਤ ਹੀ ਸਸਤੇ ਭਾਅ ਖ਼ਰੀਦ ਸਕਦਾ ਹੈ। 7 ਸਾਲ ਦੀ ਉਮਰ ਤੀਕ ਬੱਚਿਆਂ ਲਈ ਹਰ ਤਰ੍ਹਾਂ ਦੀ ਫੀਡ ਮੁਫ਼ਤ ਮਿਲਦੀ ਹੈ। ਛੋਟੇ ਹੁੰਦੇ ਲਈ ਦੁੱਧ ਆਦਿ ਤੇ ਪ੍ਰਸੂਤਾ ਛੁੱਟੀ ਵੀ ਤਨਖ਼ਾਹ ਸਮੇਤ। ਕਿਊਬਾ ਵਿੱਚ ਆਬਾਦੀ ਵਧਾਉਣ ਲਈ ਪਰਿਵਾਰਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਇੱਕ ਗੱਲ ਨੋਟ ਕਰਨ ਵਾਲੀ ਜ਼ਰੂਰੀ ਇਹ ਹੈ ਕਿ ਕਿਊਬਾ ਵਾਸੀਆਂ ਲਈ ਹਰ ਵਸਤ ਸਸਤੀ ਮਿਲਦੀ ਹੈ। ਟੂਰਿਸਟਾਂ ਨੂੰ ਡਾਲਰਾਂ ਵਿੱਚ ਅਤੇ ਵੱਖਰੇ ਰੇਟ ’ਤੇ ਮਿਲਦੀ ਹੈ।

ਹਰ ਪਰਵਾਰ ਲਈ ਬਿਜਲੀ ਸਿਰਫ਼ ਮਹੀਨੇ ਦੀ 300 ਪੈਸੇ ਵਿੱਚ ਮਹੀਨਾ ਭਾਵ ਲੱਗਭੱਗ ਫਰੀ ਹੈ। ਉਹ ਜੋ ਚਾਹੇ ਵਰਤੇ। ਉਂਝ ਬਿਜਲੀ ਦੀ ਬਹੁਤ ਕਮੀ ਹੈ, ਕੱਟ ਲੱਗਦੇ ਹਨ, ਪਰ ਇਹ ਕਮੀ ਦੂਰ ਕਰਨ ਲਈ ਸੋਲਰ ਪਲਾਂਟ ਅਤੇ ਥਾਂ-ਥਾਂ ਹਵਾਈ ਭਾਵ ਪੱਖਿਆਂ ਦੇ ਪਲਾਂਟ ਹੋਰ ਲੱਗ ਰਹੇ ਹਨ। ਵਾਈ-ਫਾਈ, ਇੰਟਰਨੈੱਟ ਦੀ ਸਹੂਲਤ ਬਹੁਤ ਹੀ ਸਸਤੀ ਹੈ। ਇੱਕ ਮੋਬਾਈਲ ਦੇ ਨੈੱਟ ’ਤੇ 300 ਪੈਸੇ ਮਹੀਨੇ ਦੇ। ਕੋਈ ਚਾਹੇ ਤਾਂ ਆਪਣੇ ਤਨਖ਼ਾਹ ਦੇ ਪੈਸਿਆਂ ’ਚੋਂ ਟੀ.ਵੀ. ਤੇ ਮੋਬਾਈਲ ਲੈ ਲਵੇ, ਪਰ ਕਿਊਬਾ ਵਾਸੀਆਂ ਨੂੰ ਇਹ ਵੀ ਸਸਤੇ ਭਾਅ ’ਤੇ ਹੀ ਮਿਲ ਜਾਂਦੇ ਹਨ। ਲੀੜਾ ਕੱਪੜਾ ਹਰ ਕੋਈ ਆਪਣੀ ਮਰਜ਼ੀ ਦੇ ਖ਼ਰੀਦ ਕੇ ਪਾਵੇਗਾ, ਪਰ ਉਹ ਵੀ ਮਹਿੰਗੇ ਨਹੀਂ ਹਨ। ਆਪਣੀ ਤਨਖ਼ਾਹ ਦੀ ਬੱਚਤ ਵਿੱਚੋਂ ਹੀ ਕੋਈ ਸ਼ਰਾਬ ਪੀ ਸਕਦਾ ਹੈ। ਜੇ ਕੋਈ ਮੀਟ ਵਗੈਰਾ ਖਾਣਾ ਚਾਹੁੰਦਾ ਹੈ ਜਾਂ ਮੋਟਰਸਾਈਕਲ ਲੈਣ ਦਾ ਖ਼ਾਹਿਸ਼ਮੰਦ ਹੈ ਤਾਂ ਉਹ ਆਪਣੀ ਤਨਖ਼ਾਹ ਵਿੱਚੋਂ ਖ਼ਰੀਦ ਸਕਦਾ ਹੈ।



ਇਹ ਵੀ ਪਤਾ ਲੱਗਾ ਕਿ ਅਮਰੀਕਾ ਦੀਆਂ ਸਖ਼ਤ ਪਾਬੰਦੀਆਂ ਕਾਰਨ ਕਿਊਬਾ ਵਿੱਚ ਖੰਡ, ਮਕਈ, ਫ਼ਲ, ਕੱਚਾ ਤੇਲ, ਕਈ ਤਰ੍ਹਾਂ ਦੇ ਖਣਿਜ ਭਾਵ ਜੋ ਵੀ ਵਾਧੂ ਵਸਤਾਂ ਹਨ, ਉਹ ਬਾਹਰ ਨਹੀਂ ਜਾ ਰਹੀਆਂ ਅਤੇ ਤੇਲ, ਦਵਾਈਆਂ, ਖਾਧ ਪਦਾਰਥ ਆਦਿ ਬਾਹਰੋਂ ਨਹੀਂ ਆਉਣ ਦਿੱਤੇ ਜਾ ਰਹੇ। ਸਿੱਟੇ ਵਜੋਂ ਕਿਊਬਾ ਨਾਗਰਿਕਾਂ ਨੂੰ ਹੁਣ ਰਾਸ਼ਨ ਬਹੁਤਾ ਵਧੀਆ ਨਹੀਂ ਮਿਲ ਰਿਹਾ, ਪਰ ਇਹ ਜਿਸ ਕਿਸੇ ਨੇ ਵੀ ਕਿਹਾ, ਆਮ ਤੌਰ ’ਤੇ ਉਸ ਨੇ ਇਸ ਦਾ ਦੋਸ਼ ਅਮਰੀਕਾ ਦੀਆਂ ਪਾਬੰਦੀਆਂ ’ਤੇ ਹੀ ਧਰਿਆ। ਸਕੂਲਾਂ ਵਿੱਚ ਪਹਿਲਾਂ ਬੱਚਿਆਂ ਨੂੰ ਮਿਡ-ਡੇ-ਮੀਲ ਖਾਣਾ ਮਿਲਦਾ ਹੁੰਦਾ ਸੀ, ਹੁਣ ਉਹ ਬੰਦ ਹੋ ਗਿਆ ਹੈ। ਸਕੂਲਾਂ ਵਿੱਚ ਕਾਪੀਆਂ, ਪੈੱਨ ਪੈਨਸਿਲਾਂ ਵੀ ਪਹਿਲਾਂ ਮੁਫ਼ਤ ਮਿਲਦੀਆਂ ਹੁੰਦੀਆਂ ਸਨ। ਭਾਵੇਂ ਇਹ ਬਹੁਤ ਸਸਤੀਆਂ ਹਨ, ਪਰ ਮਾਪਿਆਂ ਨੂੰ ਇਹ ਆਪ ਲੈਣੀਆਂ ਪੈਂਦੀਆਂ ਹਨ। ਸੇਵਾ-ਮੁਕਤੀ ਬਾਅਦ ਪੈਨਸ਼ਨ ਲੈਣ ਲਈ ਸੇਵਾ-ਮੁਕਤੀ ਦੀ ਉਮਰ ਪਹਿਲਾਂ 60 ਸਾਲ ਔਰਤ ਅਤੇ 65 ਸਾਲ ਮਰਦ ਹੁੰਦੀ ਸੀ, ਪਰ ਹੁਣ 5-5 ਸਾਲ ਵਧਾ ਦਿੱਤੀ ਗਈ ਹੈ। ਉਂਝ ਸਾਡੇ ਭਾਰਤ ਵਿੱਚ ਤਾਂ ਮੁਲਾਜ਼ਮ ਸੇਵਾ ਹੋਰ ਵਧਾਉਣ ਲਈ ਤਰਲੇ ਮਾਰਦੇ ਹਨ, ਪਰ ਉਥੇ ਇਸ ਨੂੰ ਬਹੁਤ ਸਹੀ ਨਹੀਂ ਸਮਝਿਆ ਜਾਂਦਾ। ਇਹ ਵੀ ਦੱਸਿਆ ਗਿਆ ਕਿ ਦੇਹ ਵਪਾਰ ਦੇ ਧੰਦੇ ਨੂੰ ਪਹਿਲਾਂ ਕੋਈ ਮਾਨਤਾ ਨਹੀਂ ਸੀ, ਪਰ ਹੁਣ ਕਾਨੂੰਨੀ ਮਾਨਤਾ ਦੇ ਦਿੱਤੀ ਗਈ ਹੈ ਅਤੇ ਬਕਾਇਦਾ ਸਖ਼ਤ ਸਰਕਾਰੀ ਨਿਗਰਾਨੀ ਹੇਠ ਹੀ ਕੋਈ ਇਸ ਧੰਦੇ ਵਿੱਚ ਪੈ ਸਕਦਾ ਹੈ।

ਮਹਿੰਗਾਈ ਬਾਰੇ ਵੀ ਆਮ ਸ਼ਿਕਾਇਤ ਮਿਲੀ ਕਿ ਜੋ ਵਸਤੂ ਪਹਿਲਾਂ 3-4 ਪੈਸੇ ਦੀ ਆ ਜਾਂਦੀ ਸੀ, ਉਹ ਹੁਣ 5-6 ਪੈਸੇ ਦੀ ਆਉਂਦੀ ਹੈ। ਉਂਝ ਸਾਰੇ ਨਾਗਰਿਕਾਂ ਨੂੰ ਜਾਣਕਾਰੀ ਹੈ ਕਿ ਇਹ ਸਭ ਅਮਰੀਕਾ ਦੀਆਂ ਪਾਬੰਦੀਆਂ ਕਾਰਨ ਹੀ ਹੈ। ਸਭ ਲੋਕ ਅਮਰੀਕਾ ਨੂੰ ਨਫ਼ਰਤ ਕਰਦੇ ਲੱਭੇ।

ਮੈਂ ਵੇਖਿਆ ਕਿ ਜਿਨ੍ਹਾਂ ਨੂੰ ਟਿੱਪ ਮਿਲਦੀ ਹੈ ਜਾਂ ਦੁਕਾਨਾਂ ਕਰਦੇ ਹਨ ਜਾਂ ਉਹ ਜੋ ਟੈਕਸੀ ਆਦਿ ਵਾਲੇ ਜਾਂ ਦੁਕਾਨਦਾਰ ਸਰਕਾਰ ਵੱਲੋਂ ਨਿਸ਼ਚਿਤ ਰੇਟ ਤੋਂ ਵੱਧ ਲੈ ਲੈਂਦੇ ਹਨ, ਇਸ ਨਾਲ ਵਾਧੂ ਪੈਸਾ ਕਮਾਉਣ ਲਈ ਗ਼ਲਤ ਢੰਗ-ਤਰੀਕੇ ਅਪਨਾਉਣ ਦੀ ਰੁਚੀ ਵਧ ਸਕਦੀ ਹੈ। ਉਂਝ ਜੇ ਕਿਸੇ ਸ਼ਹਿਰੀ ਨੇ ਡਾਲਰ ਨੂੰ ਪੈਸੇ ਵਿੱਚ ਬਦਲਣਾ ਹੈ ਤਾਂ ਉਸ ’ਤੇ ਕਾਫ਼ੀ ਟੈਕਸ ਲੱਗਦਾ ਹੈ।

ਕਿਊਬਾ ਵਿੱਚ ਬਹੁਤੇ ਲੜਕੀਆਂ-ਲੜਕੇ ਵਿਆਹ ਦੀ ਥਾਂ ਸਹਿਮਤੀ ਨਾਲ ਲਿਵਿੰਗ ਰਿਲੇਸ਼ਨਸ਼ਿੱਪ ਵਿੱਚ ਭਾਵ ਬਿਨਾਂ ਵਿਆਹ ਦੇ ਇਕੱਠਿਆਂ ਰਹਿਣ ਨੂੰ ਪਹਿਲ ਦੇਂਦੇ ਹਨ। ਤਲਾਕ ਦੋਹਾਂ ਦੀ ਸਹਿਮਤੀ ਨਾਲ ਜਲਦੀ ਹੋ ਜਾਂਦੇ ਹਨ। ਦੇਹ ਵਪਾਰ ਤੇ ਹੋਰ ਵਲ਼ ਫ਼ਰੇਬ ਜਾਂ ਟਿੱਪ ਨਾਲ ਕਮਾਏ ਡਾਲਰ ’ਤੇ ਭਾਵੇਂ ਸਰਕਾਰ ਟੈਕਸ ਲਗਾਉਂਦੀ ਹੈ, ਪਰ ਫਿਰ ਵੀ ਕਈ ਥਾਈਂ ਵੱਖਰੇ ਤੌਰ ’ਤੇ ਡਾਲਰਾਂ ਨਾਲ ਹੀ ਆਪਸੀ ਲੈਣ-ਦੇਣ ਵੇਖਣ ਨੂੰ ਮਿਲਿਆ।

ਅਗਲਾ ਮਸਲਾ ਹੈ ਰਿਹਾਇਸ਼। ਕੁੱਲੀ, ਗੁੱਲੀ ਦੇ ਬਾਅਦ ਜੁੱਲੀ। ਕਿਊਬਾ ਵਿੱਚ ਹਰ ਕਿਸੇ ਨੂੰ ਰਿਹਾਇਸ਼ ਮੁਫ਼ਤ ਮਿਲਦੀ ਹੈ। ਕੋਈ ਇੱਕ ਵੀ ਪਰਵਾਰ ਛੱਤ ਦੇ ਬਗੈਰ ਨਹੀਂ ਹੈ। ਇਨਕਲਾਬ ਸਮੇਂ ਜੋ ਕੁੱਝ ਮਾਲਕਾਨਾ ਮਕਾਨ ਸਨ, ਕੰਕਰੀਟ ਦੇ ਉਹ ਵੀ, ਉਨ੍ਹਾਂ ਤੇ ਹੋਰ ਪਰਵਾਰਾਂ ਵਿੱਚ ਵੰਡ ਕੇ ਦਿੱਤੇ ਹੋਏ ਹਨ। ਬਾਕੀ ਸਭ ਨੂੰ ਪਿੰਡਾਂ ਵਿੱਚ ਦੋ ਕਮਰੇ, ਇੱਕ ਰਸੋਈ, ਬਾਥਰੂਮ ਤੇ ਬਰਾਂਡੇ ਵਾਲੇ ਘਰ ਮਿਲੇ ਹੋਏ ਹਨ। ਪੱਥਰ ਦੀਆਂ ਪਲੇਟਾਂ ਦੀ ਮਜ਼ਬੂਤ ਛੱਤ। ਜੇ ਕੋਈ ਆਪਣੀ ਆਮਦਨ ’ਚੋਂ ਕੰਕਰੀਟ ਦੀ ਛੱਤ ਪਾਉਂਦਾ ਹੈ ਤਾਂ ਸਰਕਾਰ ਵੀ ਉਸ ਦੀ ਮਦਦ ਕਰਦੀ ਹੈ।

ਕਿਊਬਾ ਕਿਉਂਕਿ ਸਮਾਜਵਾਦੀ ਦੇਸ਼ ਹੈ, ਇਸ ਲਈ ਇੱਥੇ ਹਰ ਤਰ੍ਹਾਂ ਦੀ ਜਾਇਦਾਦ ਸਰਕਾਰੀ ਹੈ, ਕੋਈ ਵੀ ਬੰਦਾ ਵਾਧੂ ਆਮਦਨ ਨਾਲ ਕੋਈ ਜਾਇਦਾਦ ਜਾਂ ਜ਼ਮੀਨ ਨਹੀਂ ਖ਼ਰੀਦ ਸਕਦਾ। ਜੇ ਉਹ ਮੋਟਰਸਾਈਕਲ ਲਵੇਗਾ, ਤਾਂ ਆਪਣੀ ਤਨਖ਼ਾਹ ਦੀ ਬੱਚਤ ਵਿੱਚੋਂ ਹੀ।

ਕਿਊਬਾ ਵਿੱਚ ਸਿਰਫ਼ ਮੁਕੰਮਲ ਧਰਮ ਨਿਰਪੱਖਤਾ ਹੀ ਨਹੀਂ, ਸਰਕਾਰੀ ਪੱਧਰ ’ਤੇ ਨਿਰੋਲ ‘ਧਰਮ-ਨਿਰਲੇਪਤਾ’ ਹੈ। ਸਰਕਾਰ ਕਿਸੇ ਵੀ ਧਰਮ ਨੂੰ ਉਤਸ਼ਾਹਿਤ ਨਹੀਂ ਕਰਦੀ। ਅੰਧ-ਵਿਸ਼ਵਾਸ ਤੇ ਗ਼ੈਰ-ਵਿਗਿਆਨਕ ਗੱਲਾਂ ਨੂੰ ਉੱਕਾ ਹੀ ਨਿਰਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਦੀ ਸਖ਼ਤ ਮਨਾਹੀ ਹੈ। ਪਰ ਹੁਣ ਕੁੱਝ ਪਾਦਰੀ ਘਰ-ਘਰ ਆਉਣ ਲੱਗ ਪਏ ਹਨ। ਹਰ ਕਿਸੇ ਨੂੰ ਧਰਮ ਨੂੰ ਮੰਨਣ ਜਾਂ ਨਾ ਮੰਨਣ ਦੀ ਖੁੱਲ੍ਹ ਹੈ। ਪਾਦਰੀ ਲੋਕਾਂ ਨੂੰ ਗੁੰਮਰਾਹ ਕਰਕੇ ਪ੍ਰਭੂ ’ਤੇ ਟੇਕ ਰੱਖਣ ਦੀ ਸਲਾਹ ਤੇ ਰੱਬ ਦੀ ਹੋਂਦ ਦੀ ਸੋਚ ਪਰਬਲ ਕਰਨ ਦਾ ਯਤਨ ਤਾਂ ਕਰਦੇ ਹਨ, ਪਰ ਕਿਊਬਾ ਦੇ ਲੋਕ ਆਮ ਤੌਰ ’ਤੇ ਇਨ੍ਹਾਂ ਦੇ ਮਗਰ ਨਹੀਂ ਲੱਗ ਰਹੇ।

ਕਿਊਬਾ ਵਿੱਚ ਮੁਕੰਮਲ ਸੁਰੱਖਿਆ ਹੈ। ਹਰ ਕੋਈ ਜਿੱਥੇ ਚਾਹੇ ਘੁੰਮ ਫਿਰ ਸਕਦਾ ਹੈ। ਕਿਧਰੇ ਕੋਈ ਜੁਰਮ, ਮਾਰ-ਧਾੜ, ਲੜਾਈ-ਝਗੜਾ ਵੇਖਣ-ਸੁਣਨ ਨੂੰ ਨਹੀਂ ਮਿਲਿਆ। ਏਥੋਂ ਦੇ ਸ਼ਾਂਤ ਪੁਰ ਅਮਨ ਤੇ ਸੁਰੱਖਿਅਤ ਵਾਤਾਵਰਨ ਦੀ ਹਰ ਸ਼ਹਿਰੀ ਨੇ ਤਾਈਦ ਕੀਤੀ ਤੇ ਤਸਦੀਕ ਵੀ।

ਮੈਨੂੰ ਇਹ ਚਿੰਤਾ ਹੋਈ ਕਿ ਭਾਵੇਂ ਕਿਊਬਾ ਸਰਕਾਰ ਨੂੰ ਸਭ ਤੋਂ ਵੱਧ ਟੂਰਿਸਟ ਇੰਡਸਟਰੀ ਤੋਂ ਆਮਦਨ ਹੁੰਦੀ ਹੈ ਅਤੇ ਟੂਰਿਸਟਾਂ ਦੀ ਵੀ ਸਾਰਾ ਸਾਲ ਅਥਾਹ ਆਵਾਜਾਈ ਰਹਿੰਦੀ ਹੈ ਪਰ ਏਥੇ ਹੋਟਲਾਂ ’ਚ ਕੰਮ ਕਰਦੇ ਮੁਲਾਜ਼ਮ ਤੇ ਹੋਰ ਲੋਕ ਜਿਨ੍ਹਾਂ ਦਾ ਟੂਰਿਸਟਾਂ ਨਾਲ ਵਾਹ ਪੈਂਦਾ ਹੈ, ਉਹ ਬਾਹਰਲੇ ਸਰਮਾਏਦਾਰ ਮੁਲਕਾਂ ਦੇ ਅਮੀਰ ਲੋਕਾਂ ਦੇ ਮੌਜ-ਮਸਤੀ ਤੇ ਵਧੀਆ ਜੀਵਨ ਬਾਰੇ ਗੱਲਾਂ ਸੁਣ-ਸੁਣ ਕੇ ਗੁੰਮਰਾਹ ਹੋ ਸਕਦੇ ਹਨ। ਬੇਸ਼ੱਕ ਸਰਕਾਰ ਦੀਆਂ ਮਜਬੂਰੀਆਂ ਹਨ, ਪਰ ਇਨ੍ਹਾਂ ਸਾਰੀਆਂ ਮੁਸ਼ਕਲਾਂ-ਮਸਲਿਆਂ ’ਤੇ ਹੋਰ ਧਿਆਨ ਦੇ ਕੇ ਇਸ ਨੂੰ ਮੁਕੰਮਲ ਨਿਯੰਤਰਣ ਹੇਠ ਰੱਖਣ ਦੀ ਹੋਰ ਲੋੜ ਹੈ।

ਇਹ ਵੀ ਚਿੱਟੇ ਦਿਨ ਵਾਂਗ ਸੱਚ ਹੈ ਕਿ ਜੋ ਸਹੂਲਤਾਂ ਕਿਊਬਾ ਦੇ ਨਾਗਰਿਕਾਂ ਨੂੰ ਮਿਲ ਰਹੀਆਂ ਹਨ, ਉਹ ਅਥਾਹ ਅਤੇ ਅਚੰਭਤ ਹਨ, ਪਰ ਅਮਰੀਕਾ ਤੇ ਇਸ ਦੇ ਜੋਟੀਦਾਰ ਮੁਲਕਾਂ ਵੱਲੋਂ ਕਿਊਬਾ ਦੀ ਕੀਤੀ ਹੋਈ ਸਖ਼ਤ ਨਾਕਾਬੰਦੀ ਕਾਰਨ ਇਨ੍ਹਾਂ ਵਿੱਚ ਆ ਰਹੀ ਕਮੀ ਨਾਗਰਿਕਾਂ ਦੀ ਪਰੇਸ਼ਾਨੀ ਦਾ ਕਾਰਨ ਬਣ ਸਕਦੀ ਹੈ। ਉਂਝ ਕਿਊਬਾ ਵਿੱਚ ਹੁਣ ਦੁਕਾਨਾਂ ਤੇ ਕੁੱਝ ਨਿੱਕੇ-ਮੋਟੇ ਕਾਰੋਬਾਰ ਨਿੱਜੀ ਖੇਤਰ ਵਿੱਚ ਦਿੱਤੇ ਗਏ ਹਨ, ਪਰ ਇਹ ਮੁਕੰਮਲ ਤੌਰ ’ਤੇ ਸਖ਼ਤ ਸਰਕਾਰੀ ਨਿਯੰਤਰਣ ਅਧੀਨ ਹੀ ਹਨ।

ਮੈਂ ਵੇਖਿਆ ਹੈ ਕਿ ਐਨੀਆਂ ਸਹੂਲਤਾਂ ਦੇ ਬਾਵਜੂਦ ਲੋਕਾਂ ਵਿੱਚ ਕਿਧਰੇ-ਕਿਧਰੇ ਥੋੜ੍ਹੀ-ਥੋੜ੍ਹੀ ਬੇਚੈਨੀ ਜਿਹੀ ਹੈ। ਭਾਵੇਂ ਇਹ ਬਹੁਤ ਹੀ ਘੱਟ ਹੈ। ਇਸ ਬੇਚੈਨੀ ਨੂੰ ਅਮਰੀਕਾ ਵਰਤ ਸਕਦਾ ਹੈ। ਅਮਰੀਕਾ ਦੀ ਪਲ-ਪਲ ਦੀ ਨਜ਼ਰ ਏਸ ਮੁਲਕ ਵੱਲ ਹੈ। ਉਹ ਹਰ ਮੌਕਾ ਲੱਭਦਾ ਰਹਿੰਦਾ ਹੈ ਕਿ ਲੋਕਾਂ ਵਿੱਚ ਕਿਸ ਤਰ੍ਹਾਂ ਬੇਚੈਨੀ ਪੈਦਾ ਕਰਨੀ ਹੈ ਅਤੇ ਉਸ ਬੇਚੈਨੀ ਨੂੰ ਕਿਵੇਂ ਸਮਾਜਵਾਦੀ ਢਾਂਚਾ ਤੋੜਨ ਲਈ ਵਰਤਣਾ ਹੈ। ਇਸ ਲਈ ਕਿਊਬਾ ਅਤੇ ਸਮਾਜਵਾਦੀ ਸੋਚ ਦੇ ਮੁਦੱਈ ਲੋਕਾਂ ਨੂੰ ਹਰ ਤਰ੍ਹਾਂ ਨਾਲ ਕਿਊਬਾ ਦੀ ਮਦਦ ਕਰਨੀ ਹੋਵੇਗੀ, ਵਰਨਾ ਸਾਮਰਾਜਵਾਦ ਕੋਈ ਵੀ ਚੰਦ ਚਾੜ੍ਹ ਸਕਦਾ ਹੈ। ਵੈਨੇਜ਼ੂਏਲਾ ਬਾਅਦ ਗ੍ਰੀਨਲੈਂਡ, ਮੈਕਸੀਕੋ ਤੇ ਹੋਰ ਛੋਟੇ ਮੁਲਕਾਂ ’ਤੇ ਉਹ ਕਿਸੇ ਵੇਲੇ ਵੀ ਕਬਜ਼ਾ ਕਰ ਸਕਦਾ ਹੈ। ਈਰਾਨ ਨੂੰ ਜਿਸ ਤਰ੍ਹਾਂ ਤਬਾਹ ਕੀਤਾ ਜਾ ਰਿਹਾ ਹੈ, ਇੰਝ ਜੇ ਵਿਆਪਕ ਸੰਸਾਰਕ ਵਿਰੋਧ ਨਾ ਹੋਇਆ ਤਾਂ ਕਿਊਬਾ ਵੀ ਉਸ ਦੀ ਲਪੇਟ ਵਿੱਚ ਆ ਸਕਦਾ ਹੈ ਅਤੇ ਇਹ ਸਵਰਗਮਈ ਧਰਤੀ ਲੋਕਾਂ ਤੋਂ ਖੁਸ ਸਕਦੀ ਹੈ। ਦੁਨੀਆ ਤੋਂ ਅਲੋਪ ਹੋ ਸਕਦੀ ਹੈ।

‘ਬਾ ਮੁਲਾਹਜ਼ਾ ਹੁਸ਼ਿਆਰ’ ਰਹਿਣਾ ਹੋਵੇਗਾ, ਕਿਊਬਾ ਦੀ ਸਰਕਾਰ ਨੂੰ ਅਤੇ ਉਥੋਂ ਦੇ ਨਾਗਰਿਕਾਂ ਨੂੰ। ਸੰਸਾਰ ਭਰ ਦੇ ਸਮਾਜਵਾਦ ਪੱਖੀ ਤੇ ਸਾਮਰਾਜੀ-ਸਰਮਾਏਦਾਰੀ ਪ੍ਰਬੰਧ ਦੇ ਖ਼ਿਲਾਫ਼ ਡਟੇ ਹੋਏ ਆਮ ਲੋਕਾਂ ਨੂੰ ਕਿਊਬਾ ਦੇ ਡਟ ਕੇ ਹੱਕ ਵਿੱਚ ਖਲੋ ਕੇ ਆਪਣੀਆਂ ਸਰਕਾਰਾਂ ਨੂੰ ਅਮਰੀਕਾ ਤੇ ਉਸ ਦੇ ਜੋਟੀਦਾਰ ਅਤੇ ਹੋਰ ਦੇਸ਼ਾਂ ਵੱਲੋਂ ਲਾਈਆਂ ਆਰਥਕ ਬੰਦਸ਼ਾਂ ਤੋੜ ਕੇ ਕਿਊਬਾ ਨਾਲ ਹਰ ਤਰ੍ਹਾਂ ਵਪਾਰ ਕਰਨ ਲਈ ਜ਼ੋਰ ਪਾਉਣਾ ਹੋਵੇਗਾ। ਸੱਚ ਤਾਂ ਇਹ ਹੈ ਕਿ ਕਿਊਬਾ ਦੀ ਹਾਲਤ ਇਸ ਵੇਲੇ ਉਸ ਸੋਨ ਮੱਛੀ ਵਾਲੀ ਹੈ ਜਿਸ ਨੂੰ ਸਾਗਰ ਚ ਤਾਰੀਆਂ ਲਾਉਂਦੀ ਨੂੰ ਚਾਰ ਚੁਫ਼ੇਰੇ ਤੋਂ ਅਮਰੀਕੀ ਮਗਰਮੱਛਾਂ ਨੇ ਘੇਰਿਆ ਹੋਵੇ ਅਤੇ ਸਾਮਰਾਜਵਾਦੀ ਸਾਗਰੀ ਤੂਫ਼ਾਨ ਦੀਆਂ ਘੁੰਮਣ-ਘੇਰੀਆਂ ਵੀ ਉਸ ਨੂੰ ਡੋਬਣ ਲਈ ਹਰ ਯਤਨ ਕਰ ਰਹੀਆਂ ਹੋਣ।

ਕਿਊਬਾ ਤੇ ਉਸ ਦਾ ਉਹ ਸਮਾਜਵਾਦੀ ਪ੍ਰਬੰਧ ਜੋ ਚੀ ਗਵੇਰਾ ਤੇ ਫੀਦਲ ਕਾਸਤਰੋ ਨੇ ਕਾਇਮ ਕੀਤਾ ਸੀ, ਉਹ ਇਸ ਵਕਤ ਇੱਕ ਸਵਰਗ ਰੂਪੀ ਚਮਕਦੇ ਧਰੂ ਤਾਰੇ ਵਾਂਗ ਹੈ। ਕਾਸ਼! ਇਹ ਬੱਦਲਾਂ ਓਹਲੇ ਨਾ ਹੋਵੇ। ਆਓ ਸਾਰੇ ਖੱਬੀ ਤੇ ਸੂਹੀ ਸੋਚ ਦੀ ਅਟੱਲ ਸੱਚਾਈ ਨੂੰ ਸਾਜ਼ਗਾਰ ਰੱਖਣ ਤੇ ਹੋਰ ਵਿਸ਼ਾਲ ਕਰਨ ਲਈ ਸਾਂਝੇ ਉਪਰਾਲੇ ਕਰੀਏ।

(ਸਮਾਪਤ)

**ਸੰਪਰਕ : 95013-65522**